ਬੀ. ਏ. ਭਾਗ ਪਹਿਲਾ (ਸਮੈਸਟਰ ਪਹਿਲਾ) ਰਾਜਨੀਤੀ ਵਿਗਿਆਨ

ਯੂਨਿਟ ਨੰ. 1 ਸੈਕਸ਼ਨ- ਏ

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰ :


1.1 : ਰਾਜਨੀਤਿਕ ਵਿਗਿਆਨ : ਅਰਥ, ਸਰੂਪ ਅਤੇ ਖੇਤਰ

1.2 : ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਵਿੱਚ ਅੰਤਰ।

1.3 : ਰਾਜਨੀਤੀ ਵਿਗਿਆਨ ਦਾ ਹੋਰਨਾਂ ਸਮਾਜਿਕ ਵਿਗਿਆਨਾਂ ਨਾਲ ਸਬੰਧ (ਅਰਥ-ਸ਼ਾਸਤਰ, ਇਤਿਹਾਸ, ਸਮਾਜ-ਸ਼ਾਸਤਰ)

1.4 : ਰਾਜ : ਅਰਥ, ਪਰਿਭਾਸ਼ਾ, ਤੱਤ

1.5 : ਰਾਜ ਦਾ ਸਰਕਾਰ ਸਮਾਜ ਅਤੇ ਸਮੁਦਾਇ ਨਾਲੋ ਇਸਦਾ ਅੰਤਰ

1.6 : ਰਾਜ ਦੀ ਉਤਪਤੀ ਦਾ ਸਮਾਜਿਕ ਸਮਝੌਤਾ ਸਿਧਾਂਤ

1.7 : ਰਾਜ ਦੀ ਉਤਪਤੀ ਦਾ ਵਿਕਾਸਵਾਦੀ ਸਿਧਾਂਤ

# ਰਾਜਨੀਤੀ ਵਿਗਿਆਨ : ਅਰਥ, ਪਰਿਭਾਸ਼ਾ, ਸਰੂਪ ਅਤੇ ਖੇਤਰ
# (POLITICAL SCIENCE: MEANING, DEFINITION, NATURE AND ITS SCOPE)

**1.1.0** ਪਾਠ ਦਾ ਉਦੇਸ਼
**1.1.1** ਪਾਠ ਦੀ ਭੂਮਿਕਾ
**1.1.2** ਰਾਜਨੀਤੀ ਵਿਗਿਆਨ ਦਾ ਅਰਥ ਅਤੇ ਪਰਿਭਾਸ਼ਾ
**1.1.3** ਰਾਜਨੀਤੀ ਵਿਗਿਆਨ ਦਾ ਸਰੂਪ
**1.1.4** ਰਾਜਨੀਤੀ ਵਿਗਿਆਨ ਦਾ ਖੇਤਰ
**1.1.5** ਸਿੱਟਾ
**1.1.6** ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨ
**1.1.7** ਸੁਝਾਈਆਂ ਗਈਆਂ ਪੁਸਤਕਾਂ

**1.1.0 ਪਾਠ ਦਾ ਉਦੇਸ਼ (Objectives) :-** ਇਸ ਪਾਠ ਵਿੱਚ ਅਸੀਂ ਰਾਜਨੀਤਿਕ ਵਿਗਿਆਨ ਦਾ ਅਰਥ, ਸਰੂਪ, ਖੇਤਰ ਤੇ ਵਿਕਾਸ ਦੇ ਪੜਾਵਾਂ ਅਤੇ ਮਹੱਤਵ ਬਾਰੇ ਚਰਚਾ ਕਰਾਂਗੇ। ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ :-

- ਰਾਜਨੀਤਿਕ ਵਿਗਿਆਨ ਦਾ ਅਰਥ ਸਪੱਸ਼ਟ ਕਰ ਸਕਣਗੇ,
- ਇਸਦੇ ਸਰੂਪ ਦੀ ਚਰਚਾ ਕਰ ਸਕਣਗੇ,
- ਇਸਦੇ ਮੁੱਖ ਲੱਛਣਾਂ ਬਾਰੇ ਦੱਸ ਸਕਣਗੇ,
- ਇਸਦੇ ਖੇਤਰ ਦੇ ਮੁੱਖ ਲੱਛਣਾਂ ਬਾਰੇ ਦੱਸ ਸਕਣਗੇ, ਅਤੇ
- ਇਸਦੇ ਵਿਕਾਸ ਅਤੇ ਮਹੱਤਵ ਬਾਰੇ ਦੱਸ ਸਕਣਗੇ।

**1.1.1 ਭੂਮਿਕਾ (Introduction) :-** ਸ਼ਬਦ 'ਰਾਜਨੀਤੀ', 'ਰਾਜਨੀਤਿਕ ਵਿਗਿਆਨ', 'ਰਾਜਨੀਤਿਕ ਸਿਧਾਂਤ' ਅਤੇ 'ਰਾਜਨੀਤਿਕ ਦਰਸ਼ਨ' ਇੱਕ ਦੂਸਰੇ ਦੀ ਥਾਂ 'ਤੇ ਆਮ ਵਰਤੇ ਜਾਂਦੇ ਹਨ। ਭਾਵੇਂ ਇਹ ਸਾਰੇ ਸ਼ਬਦ ਰਾਜ ਦੇ ਅਧਿਐਨ ਨਾਲ ਸਬੰਧ ਰੱਖਦੇ ਹਨ ਪਰ ਤਾਂ ਵੀ ਇਨ੍ਹਾਂ ਵਿੱਚ ਕਾਫ਼ੀ ਅੰਤਰ ਹੈ ਅਤੇ ਇਨ੍ਹਾਂ ਦੀ ਇੱਕ-ਦੂਸਰੇ ਦੀ ਥਾਂ 'ਤੇ ਵਰਤੋਂ ਕਰਨੀ ਸਹੀ ਨਹੀਂ ਹੈ। ਰਾਜਨੀਤੀ ਸ਼ਬਦ ਦੀ ਸਭ ਤੋਂ ਪਹਿਲੀ ਵਾਰ ਵਰਤੋਂ ਰਾਜਨੀਤੀ ਦੇ ਪਿਤਾਮਾ (Father of Political Science) ਕਹੇ ਜਾਂਦੇ ਅਰਸਤੂ ਨੇ ਆਪਣੀ ਰਚਨਾ ਪੋਲਿਟਿਕਸ (Politics) ਵਿੱਚ ਕੀਤੀ ਸੀ।

**1.1.2 ਰਾਜਨੀਤੀ ਵਿਗਿਆਨ ਦਾ ਅਰਥ ਅਤੇ ਪਰਿਭਾਸ਼ਾ (Meaning and Defition of Poltical Science) :-** ਰਾਜਨੀਤਿਕ ਵਿਗਿਆਨ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ - ਰਾਜਨੀਤੀ ਅਤੇ ਵਿਗਿਆਨ। ਰਾਜਨੀਤੀ ਸ਼ਬਦ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ Politics ਦਾ ਪੰਜਾਬੀ ਅਨੁਵਾਦ ਹੈ ਜੋ ਕਿ ਯੂਨਾਨੀ ਭਾਸ਼ਾ ਦੇ ਸ਼ਬਦ Polis ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ - ਨਗਰ-ਰਾਜ (City State)। ਪ੍ਰਾਚੀਨ ਯੂਨਾਨ ਵਿੱਚ ਛੋਟੇ-ਛੋਟੇ ਨਗਰ-ਰਾਜ ਹੋਇਆ ਕਰਦੇ ਸਨ। ਇਨ੍ਹਾਂ ਦੀ ਆਬਾਦੀ ਅਤੇ ਖੇਤਰ ਸੀਮਤ ਸਨ। ਇਹ ਨਗਰ-ਰਾਜ ਆਪਣੇ-ਆਪ ਵਿੱਚ ਪੂਰਨ ਅਤੇ ਸੁਤੰਤਰ ਸਨ। ਇਨ੍ਹਾਂ ਨਗਰ-ਰਾਜਾਂ ਦੇ ਸਰਵ-ਪੱਖੀ ਅਧਿਐਨ ਨਾਲ ਜੋ ਵਿਸ਼ਾ ਸਬੰਧ ਰੱਖਦਾ ਸੀ, ਉਸ ਨੂੰ 'ਰਾਜਨੀਤੀ' (Politics) ਕਿਹਾ ਜਾਂਦਾ ਸੀ। ਨਗਰ-ਰਾਜਾਂ ਦਾ ਹਰ ਇੱਕ ਪੱਖ ਭਾਵੇਂ ਉਹ ਆਰਥਿਕ ਹੋਵੇ, ਸਮਾਜਿਕ ਹੋਵੇ, ਨੈਤਿਕ ਹੋਵੇ ਜਾਂ ਫਿਰ ਰਾਜਨੀਤਿਕ ਹੋਵੇ, ਰਾਜਨੀਤੀ ਵਿਸ਼ੇ ਦਾ ਹਿੱਸਾ ਸੀ ਪਰੰਤੂ ਅੱਜ ਰਾਜਨੀਤੀ, ਵਿਅਕਤੀ ਦੀ ਹਰ ਗਤੀਵਿਧੀ ਵਿੱਚ ਸਮਾਈ ਹੋਈ ਹੈ, ਜਿਵੇਂ ਲੈਸਲੀ ਲਿਪਸਨ

(Leslie Lipson) ਅਨੁਸਾਰ, ''ਉਹ ਸਭ ਕੁਝ ਜਿਹੜਾ ਵਿਅਕਤੀ ਵਿੱਚ ਪਾਇਆ ਜਾਂਦਾ ਹੈ, ਰਾਜਨੀਤੀ ਵਿੱਚ ਮੌਜੂਦ ਹੈ।'' ਅੱਜ ਰਾਜਨੀਤੀ ਦਾ ਸਬੰਧ ਰਾਜਨੀਤਿਕ ਗਤੀਵਿਧੀਆਂ ਨਾਲ ਹੈ ਅਤੇ ਜਿੱਥੇ ਕਿਤੇ ਵੀ ਰਾਜਨੀਤਿਕ ਗਤੀਵਿਧੀ ਹੈ, ਉੱਥੇ ਰਾਜਨੀਤੀ ਹੈ। ਰਾਬਰਟ ਏ. ਡਾਹਲ (Robert A. Dahl) ਦਾ ਕਥਨ ਹੈ, ''ਇੱਕ ਨਾਗਰਿਕ ਨੂੰ ਦੇਸ਼ ਦੀ ਸਰਕਾਰ, ਨਗਰ, ਸਕੂਲ, ਚਰਚ, ਵਪਾਰਕ ਕੰਪਨੀ, ਮਜ਼ਦੂਰ ਸੰਘ, ਕਲੱਬ, ਰਾਜਨੀਤਿਕ ਦਲ, ਨਾਗਰਕਿ ਸੰਘਾਂ ਅਤੇ ਹੋਰ ਬਹੁਤ ਸਾਰੇ ਸੰਗਠਨਾਂ, ਸੰਯੁਕਤ ਰਾਸ਼ਟਰ ਤੋਂ ਲੈ ਕੇ ਮਾਤਾ-ਪਿਤਾ, ਅਧਿਆਪਕ ਸੰਘਾਂ ਤੱਕ ਰਾਜਨੀਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਵਿਅਕਤੀ ਅੱਜ ਕਿਸੇ ਨਾ ਕਿਸੇ ਰੂਪ ਵਿੱਚ ਰਾਜਨੀਤੀ ਨਾਲ ਸਬੰਧ ਰੱਖਦਾ ਹੈ।'' ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਮਾਨਵ ਜੀਵਨ ਦੇ ਹਰੇਕ ਅੰਗ ਵਿੱਚ ਰਾਜਨੀਤੀ ਪੂਰੀ ਤਰ੍ਹਾਂ ਪ੍ਰਵੇਸ਼ ਕਰ ਚੁੱਕੀ ਹੈ ਅਤੇ ਵਰਤਮਾਨ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਬਣ ਚੁੱਕੀ ਹੈ।

**ਸਾਇੰਸ (Science) :-** ਸਾਇੰਸ ਭੌਤਿਕ ਅਤੇ ਕੁਦਰਤੀ ਸੰਸਾਰ ਦਾ ਨਿਰੀਖਣ, ਸਬੂਤ ਅਤੇ ਤਜਰਬੇ ਦੇ ਆਧਾਰ 'ਤੇ ਕ੍ਰਮਬੱਧ ਅਧਿਐਨ ਹੈ। ਇਸ ਲਈ ਰਾਜਨੀਤਿਕ ਵਿਗਿਆਨ ਗਿਆਨ ਦੀ ਇੱਕ ਸ਼ਾਖ਼ਾ ਹੈ ਜੋ ਰਾਜ ਅਤੇ ਰਾਜਨੀਤਿਕ ਸੰਸਥਾਵਾਂ ਦੇ ਢਾਂਚੇ ਅਤੇ ਵਿਵਹਾਰ ਦੀਆਂ ਵਿਗਿਆਨਿਕ ਵਿਧੀਆਂ ਦੁਆਰਾ ਕੀਤੇ ਕ੍ਰਮਬੱਧ ਅਧਿਐਨ ਨਾਲ ਸਬੰਧ ਰੱਖਦੀ ਹੈ। 'ਰਾਜਨੀਤੀ' ਵਿਸ਼ੇ ਦੀ ਅਧਿਐਨ ਸਮੱਗਰੀ ਨਾਲ ਸਬੰਧਤ ਹੈ ਜਦੋਂ ਕਿ 'ਵਿਗਿਆਨ' ਵਿਧੀਆਂ ਅਤੇ ਤਰੀਕਿਆਂ ਨਾਲ, ਜਿਸ ਦੁਆਰਾ ਅਧਿਐਨ ਸਮੱਗਰੀ ਦਾ ਅਧਿਐਨ ਕੀਤਾ ਜਾ ਸਕਦਾ ਹੈ। ਪਹਿਲਾ ਸ਼ਬਦ 'ਰਾਜਨੀਤੀ' ਇਸ ਪ੍ਰਸ਼ਨ ਦਾ ਉੱਤਰ ਹੈ ਕਿ, ''ਕੀ ਪੜ੍ਹਿਆ ਜਾਣਾ ਚਾਹੀਦਾ ਹੈ?'' ਜਦੋਂ ਕਿ ਦੂਸਰਾ ਸ਼ਬਦ ਵਿਗਿਆਨ ਇਸ ਸਵਾਲ ਦਾ ਉੱਤਰ ਹੈ ਕਿ ''ਕਿਸ ਤਰ੍ਹਾਂ ਪੜ੍ਹਿਆ ਜਾਣਾ ਚਾਹੀਦਾ ਹੈ?'' ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਰਾਜਨੀਤਿਕ ਫਲਸਫ਼ਾ ਜਿਸਦੀ ਨਿਸ਼ਚਿਤ ਵਿਧੀ ਅਤੇ ਢੰਗ ਨਾਲ ਅਧਿਐਨ ਹੋ ਸਕਦਾ ਹੈ, ਉਹ ਰਾਜਨੀਤਿਕ ਵਿਗਿਆਨ ਹੈ।

**1.1.3 ਪਰਿਭਾਸ਼ਾਵਾਂ (Definitions) :-** ਰਾਜਨੀਤੀ ਵਿਗਿਆਨ ਨਾਲ ਬਹੁਤ ਸਾਰੇ ਵਿਦਵਾਨ ਸਬੰਧਤ ਹਨ। ਸਾਰੇ ਹੀ ਵਿਦਵਾਨਾਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਰਾਜਨੀਤੀ ਵਿਗਿਆਨ ਦੇ ਵਿਸ਼ੇ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਰਾਜਨੀਤੀ ਵਿਗਿਆਨ ਨਾਲ ਸਬੰਧਤ ਪਰਿਭਾਸ਼ਾਵਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ - (1) ਰਾਜਨੀਤੀ ਵਿਗਿਆਨ ਨਾਲ ਸਬੰਧਤ ਪਰੰਪਰਾਵਾਦੀ ਦ੍ਰਿਸ਼ਟੀਕੋਣ ਤੋਂ ਦਿੱਤੀਆਂ ਗਈਆਂ ਪਰਿਭਾਸ਼ਾਵਾਂ, ਅਤੇ (2) ਆਧੁਨਿਕ ਦ੍ਰਿਸ਼ਟੀਕੋਣ ਅਨੁਸਾਰ ਰਾਜਨੀਤੀ ਵਿਗਿਆਨ ਦੀਆਂ ਪਰਿਭਾਸ਼ਾਵਾਂ।

**1. ਪ੍ਰੰਪਰਾਵਾਦੀ ਦ੍ਰਿਸ਼ਟੀਕੋਣ ਅਨੁਸਾਰ ਰਾਜਨੀਤੀ ਵਿਗਿਆਨ ਦੀਆਂ ਪਰਿਭਾਸ਼ਾਵਾਂ (Political Science from Traditional Perspective)** :- ਰਾਜਨੀਤੀ ਵਿਗਿਆਨ ਦੇ ਸਬੰਧ ਵਿੱਚ 20ਵੀਂ ਸਦੀ ਦੇ ਆਰੰਭ ਤੱਕ ਅਪਣਾਏ ਗਏ ਦ੍ਰਿਸ਼ਟੀਕੋਣ ਨੂੰ ਪ੍ਰੰਪਰਾਵਾਦੀ ਦ੍ਰਿਸ਼ਟੀਕੋਣ ਕਿਹਾ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਦੇ ਸਮਰਥਕ ਵਿਦਵਾਨਾਂ ਨੇ ਰਸਮੀ ਰਾਜਨੀਤਿਕ ਸੰਸਥਾਵਾਂ ਜਿਵੇਂ ਕਿ ਰਾਜ, ਸਰਕਾਰ ਅਤੇ ਕਾਨੂੰਨ ਆਦਿ ਦੇ ਅਧਿਐਨ ਨੂੰ ਰਾਜਨੀਤੀ ਵਿਗਿਆਨ ਦੇ ਅਧਿਐਨ ਦਾ ਵਿਸ਼ਾ ਮੰਨਿਆ ਹੈ। ਡਾ. ਗਾਰਨਰ, ਬਲੰਸ਼ਲੀ, ਪਾਲ ਜੈਨਟ, ਡਾ. ਲੀਕਾਕ, ਵਿਲੋਬੀ, ਲਾਰਡ, ਸੀਲੇ, ਗੈਟਲ, ਲਾਰਡ ਐਕਟਨ, ਹਾਬਸ ਅਤੇ ਰੂਸੋ ਆਦਿ ਵਿਦਵਾਨ ਇਸ ਦ੍ਰਿਸ਼ਟੀਕੋਣ ਦੇ ਮੁੱਖ ਸਮਰਥਕ ਹਨ। ਪ੍ਰੰਪਰਾਵਾਦੀ ਦ੍ਰਿਸ਼ਟੀਕੋਣ ਅਨੁਸਾਰ ਰਾਜਨੀਤੀ ਵਿਗਿਆਨ ਦੀਆਂ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ :-

(ੳ) ਗਾਰਨਰ ਅਨੁਸਾਰ, ''ਰਾਜਨੀਤੀ ਸ਼ਾਸਤਰ ਦਾ ਆਰੰਭ ਅਤੇ ਅੰਤ ਰਾਜ ਨਾਲ ਹੁੰਦਾ ਹੈ।''

(ਅ) ਬਲੰਸ਼ਲੀ ਅਨੁਸਾਰ, ''ਰਾਜਨੀਤੀ ਸ਼ਾਸਤਰ ਉਹ ਵਿਗਿਆਨ ਹੈ ਜਿਸਦਾ ਸਬੰਧ ਰਾਜ ਨਾਲ ਹੈ, ਜਿਹੜਾ ਰਾਜ ਦੇ ਮੁੱਢਲੇ ਤੱਤਾਂ, ਉਸਦੇ ਜ਼ਰੂਰੀ ਸਰੂਪ, ਉਸਦੇ ਪ੍ਰਗਟਾਵੇ ਦੇ ਵੱਖ-ਵੱਖ ਰੂਪਾਂ ਅਤੇ ਉਸਦੇ ਵਿਕਾਸ ਨੂੰ ਵਿਸਥਾਰ ਨਾਲ ਸਮਝਣ ਦਾ ਯਤਨ ਕਰਦਾ ਹੈ।''

(ੲ) ਸੀਲੇ ਅਨੁਸਾਰ, ''ਰਾਜਨੀਤੀ ਸ਼ਾਸਤਰ ਸਰਕਾਰ ਦੇ ਤੱਤਾਂ ਦੀ ਖੋਜ ਉਸ ਤਰ੍ਹਾਂ ਹੀ ਕਰਦਾ ਹੈ ਜਿਸ ਤਰ੍ਹਾਂ ਅਰਥ-ਸ਼ਾਸਤਰ ਸੰਪੱਤੀ ਦੀ, ਜੀਵਨ-ਸ਼ਾਸਤਰ ਜੀਵਨ ਦੀ, ਬੀਜ ਗਣਿਤ ਅੰਕਾਂ ਦੀ ਅਤੇ ਰੇਖਾ-ਗਣਿਤ ਸਥਾਨ ਅਤੇ ਲੰਬਾਈ-ਚੌੜਾਈ ਦੀ।''

(ਸ) ਲੀਕਾਕ ਅਨੁਸਾਰ, ''ਰਾਜਨੀਤੀ ਸ਼ਾਸਤਰ ਕੇਵਲ ਸਰਕਾਰ ਨਾਲ ਹੀ ਸਬੰਧਿਤ ਹੈ।''

(ਹ) ਗਿਲਕ੍ਰਾਈਸਟ ਅਨੁਸਾਰ, ''ਰਾਜਨੀਤੀ ਸ਼ਾਸਤਰ ਰਾਜ ਅਤੇ ਸਰਕਾਰ ਦੀਆਂ ਆਮ ਸਮੱਸਿਆਵਾਂ ਨਾਲ ਸਬੰਧਿਤ ਹੈ।''

(ਕ) ਡਿਮੌਕ ਅਨੁਸਾਰ, ''ਰਾਜਨੀਤੀ ਸ਼ਾਸਤਰ ਦਾ ਸਬੰਧ ਰਾਜ ਅਤੇ ਉਸਦੇ ਸਾਧਨ ਨਾਲ ਹੈ।''

ਉਪਰੋਕਤ ਪਰਿਭਾਸ਼ਾਵਾਂ ਨੂੰ ਪੜ੍ਹਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪ੍ਰੰਪਰਾਵਾਦੀ ਦ੍ਰਿਸ਼ਟੀਕੋਣ ਅਪਨਾਉਣ ਵਾਲੇ ਵਿਦਵਾਨਾਂ ਨੇ ਰਾਜਨੀਤੀ ਵਿਗਿਆਨ ਦੇ ਵਿਸ਼ੇ ਨੂੰ ਤਿੰਨ ਸਿਰਲੇਖਾਂ ਵਿੱਚ ਵੰਡਿਆ ਹੈ। ਕੁਝ ਦੁਆਰਾ ਰਾਜਨੀਤੀ ਸ਼ਾਸਤਰ ਨੂੰ 'ਰਾਜ ਦਾ ਵਿਗਿਆਨ', ਕੁਝ ਦੁਆਰਾ 'ਸਰਕਾਰ ਦਾ ਵਿਗਿਆਨ' ਅਤੇ ਕੁਝ ਦੁਆਰਾ ਇਸ ਨੂੰ 'ਰਾਜ ਅਤੇ ਸਰਕਾਰ' ਦੋਵਾਂ ਦਾ ਹੀ ਵਿਗਿਆਨ ਮੰਨਿਆ ਗਿਆ ਹੈ।

**2. ਆਧੁਨਿਕ ਦ੍ਰਿਸ਼ਟੀਕੋਣ ਅਨੁਸਾਰ ਰਾਜਨੀਤੀ ਵਿਗਿਆਨ ਦੀਆਂ ਪਰਿਭਾਸ਼ਾਵਾਂ (Political Science from Modern Perspective)** :- ਰਾਜਨੀਤੀ ਸਬੰਧੀ ਆਧੁਨਿਕ ਦ੍ਰਿਸ਼ਟੀਕੋਣ ਪ੍ਰੰਪਰਾਵਾਦੀ ਦ੍ਰਿਸ਼ਟੀਕੋਣ ਤੋਂ ਵੱਖ ਹੈ। ਇਸ ਦ੍ਰਿਸ਼ਟੀਕੋਣ ਦੇ ਸਮਰਥਕ ਵਿਦਵਾਨਾਂ ਨੇ ਪ੍ਰੰਪਰਾਵਾਦੀ ਦ੍ਰਿਸ਼ਟੀਕੋਣ ਨੂੰ 'ਨਿਰਜੀਵ ਰਾਜਨੀਤੀ ਵਿਗਿਆਨ' ਕਹਿ ਕੇ ਖੰਡਨ ਕੀਤਾ ਅਤੇ 'ਮਨੁੱਖ ਦੇ ਵਾਸਤਵਿਕ ਵਿਵਹਾਰ', 'ਰਸਮੀ ਅਤੇ ਗੈਰ-ਰਸਮੀ' ਦੋਵੇਂ ਪ੍ਰਕਾਰ ਦੀਆਂ ਰਾਜਨੀਤਿਕ ਸੰਸਥਾਵਾਂ ਦੇ ਅਧਿਐਨ 'ਤੇ ਜ਼ੋਰ ਦਿੱਤਾ। ਗ੍ਰਾਹਮ ਵਾਲਸ, ਆਰਥਰ ਬੈਂਟਲੇ, ਹੈਰੋਲਡ ਲਾਸਵੈਲ, ਡੇਵਿਡ ਈਸਟਨ, ਜਾਰਜ ਕੈਟਲਿਨ, ਚਾਰਲਸ ਮੇਰੀਅਮ, ਡੀ.ਈ. ਐਪਟਰ, ਆਲਮੰਡ ਅਤੇ ਪਾਵਲ ਅਤੇ ਰਾਬਰਟ ਏ. ਡਾਹਲ ਆਦਿ ਵਿਦਵਾਨ ਇਸ ਦ੍ਰਿਸ਼ਟੀਕੋਣ ਦੇ ਮੁੱਖ ਸਮਰਥਕ ਹਨ। ਇਸ ਦ੍ਰਿਸ਼ਟੀਕੋਣ ਅਨੁਸਾਰ ਰਾਜਨੀਤੀ ਵਿਗਿਆਨ ਦੀਆਂ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ :-

(ੳ) ਡੇਵਿਡ ਈਸਟਨ ਅਨੁਸਾਰ, ''ਰਾਜਨੀਤੀ ਕਦਰਾਂ-ਕੀਮਤਾਂ ਦੇ ਪ੍ਰਭੂਤਾਪੂਰਣ ਨਿਰਧਾਰਣ ਦੇ ਅਧਿਐਨ ਨਾਲ ਸਬੰਧਿਤ ਹੈ।''

(ਅ) ਹੈਰੋਲਡ ਲਾਸਵੈਲ ਅਨੁਸਾਰ, ''ਰਾਜਨੀਤੀ ਪ੍ਰਭਾਵ ਅਤੇ ਪ੍ਰਭਾਵਸ਼ਾਲੀ ਦਾ ਅਧਿਐਨ ਹੈ। ਰਾਜਨੀਤੀ ਦਾ ਮੁੱਖ ਸਬੰਧ ਇਸ ਨਾਲ ਹੈ ਕੌਣ, ਕੀ, ਕਦੋਂ ਅਤੇ ਕਿਵੇਂ ਪ੍ਰਾਪਤ ਕਰਦਾ ਹੈ।''

(ੲ) ਕੈਟਲਿਨ ਅਨੁਸਾਰ, ''ਰਾਜਨੀਤੀ ਸੰਗਠਤ ਮਨੁੱਖੀ ਸਮਾਜ ਦੇ ਰਾਜਨੀਤਿਕ ਪਹਿਲੂ ਦਾ ਅਧਿਐਨ ਹੈ।''

(ਸ) ਰਾਬਰਟ ਦੇ ਅਨੁਸਾਰ, ''ਮਨੁੱਖੀ ਸਮੁਦਾਵਾਂ ਉੱਤੇ ਸ਼ਾਸਨ ਕਰਨ ਦੀ ਕਲਾ ਨੂੰ ਰਾਜਨੀਤੀ ਕਿਹਾ ਜਾਂਦਾ ਹੈ।''

(ਹ) ਲਿਪਸਨ ਦੇ ਅਨੁਸਾਰ, ''ਰਾਜਨੀਤੀ ਤੋਂ ਮੇਰਾ ਭਾਵ ਕ੍ਰਿਆਸ਼ੀਲ ਵਿਵਾਦ ਦੀ ਪ੍ਰਕਿਰਿਆ ਹੈ।''

ਰਾਜਨੀਤੀ ਸਬੰਧੀ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਨੂੰ ਪੜ੍ਹਨ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਕੋਈ ਵੀ ਅਜਿਹੀ ਪਰਿਭਾਸ਼ਾ ਨਹੀਂ ਜਿਸ ਵਿੱਚ ਰਾਜਨੀਤੀ ਦੇ ਸਾਰੇ ਪਹਿਲੂਆਂ ਦਾ ਵਰਣਨ ਕੀਤਾ ਗਿਆ ਹੋਵੇ। ਰਾਜਨੀਤੀ ਦੀਆਂ ਉਪਰੋਕਤ ਪਰਿਭਾਸ਼ਾਵਾਂ ਰਾਜਨੀਤੀ ਦੇ ਵੱਖ-ਵੱਖ ਪੱਖਾਂ ਨੂੰ ਦਰਸਾਉਂਦੀਆਂ ਹਨ। ਇਨ੍ਹਾਂ ਪਰਿਭਾਸ਼ਾਵਾਂ ਅਨੁਸਾਰ, ਰਾਜਨੀਤੀ ਮਾਨਵ ਜੀਵਨ ਦੇ ਰਾਜਨੀਤਿਕ ਅਤੇ ਇਸ ਨਾਲ ਸਬੰਧਿਤ ਪੱਖਾਂ ਦਾ ਵਿਵਹਾਰਕ ਅਧਿਐਨ ਹੈ। ਰਾਜਨੀਤੀ ਦਾ ਸਬੰਧ ਰਾਜ ਦੇ ਵਿਵਹਾਰਿਕ ਸੰਚਾਲਨ ਦੇ ਸਾਰੇ ਪੱਖਾਂ ਨਾਲ ਹੈ। ਇਸ ਦ੍ਰਿਸ਼ਟੀਕੋਣ ਦੇ ਧਾਰਨੀ ਵਿਦਵਾਨਾਂ ਨੇ 'ਸ਼ਕਤੀ' ਦੇ ਤੱਥ ਨੂੰ ਵੀ ਰਾਜਨੀਤੀ ਦੇ ਅਧਿਐਨ ਵਿੱਚ ਸ਼ਾਮਲ ਕੀਤਾ ਹੈ।

**1.1.4 ਰਾਜਨੀਤੀ ਵਿਗਿਆਨ ਦਾ ਸਰੂਪ (Nature of Political Science)** :- ਰਾਜਨੀਤਿਕ ਵਿਗਿਆਨ ਅਜੇ ਵੀ ਇੱਕ ਵਿਕਾਸਸ਼ੀਲ ਵਿਸ਼ਾ ਹੈ ਜਿਸ ਵਿੱਚ ਪ੍ਰਤੀ ਦਿਨ ਨਵੀਆਂ-ਨਵੀਆਂ ਉਕਤੀਆਂ ਉਭਰ ਰਹੀਆਂ ਹਨ। ਇਹ ਹੀ ਕਾਰਣ ਹੈ ਕਿ ਰਾਜਨੀਤਿਕ ਵਿਦਵਾਨਾਂ ਵਿੱਚ ਅਜੇ ਤੱਕ ਰਾਜਨੀਤੀ ਵਿਗਿਆਨ ਦੇ ਵਿਸ਼ੇ ਦੇ ਸਰੂਪ ਸਬੰਧੀ ਸਹਿਮਤੀ ਨਹੀਂ ਹੈ। ਕੁਝ ਇਸ ਨੂੰ ਵਿਗਿਆਨ ਮੰਨਦੇ ਹਨ, ਜਦੋਂ ਕਿ ਕੁਝ ਇਸ ਦੇ ਵਿਗਿਆਨਕ ਸਰੂਪ ਨੂੰ ਸਵੀਕਾਰ ਨਹੀਂ ਕਰਦੇ। ਅਰਸਤੂ, ਜੋ ਕਿ ਰਾਜਨੀਤਿਕ ਵਿਗਿਆਨ ਦਾ ਪਿਤਾਮਾ ਹੈ, ਨੇ ਇਸ ਨੂੰ

''ਸੰਪੂਰਨ ਵਿਗਿਆਨ'' ਕਹਿ ਕੇ ਸੰਬੋਧਤ ਕੀਤਾ। ਬਹੁਤ ਸਾਰੇ ਹੋਰ ਰਾਜਨੀਤਿਕ ਵਿਦਵਾਨਾਂ ਜਿਵੇਂ ਬੋਦਿਨ, ਹਾਬਜ਼, ਬਲੰਸ਼ਲੀ, ਬ੍ਰਾਇਸ ਆਦਿ ਨੇ ਵੀ ਰਾਜਨੀਤਿਕ ਵਿਗਿਆਨ ਦੇ ਵਿਸ਼ੇ ਨੂੰ ਵਿਗਿਆਨ ਮੰਨਿਆ ਹੈ।

ਰਾਜਨੀਤੀ ਵਿਗਿਆਨ ਇੱਕ ਸਮਾਜਿਕ ਵਿਗਿਆਨ ਹੈ ਜਿਸ ਦਾ ਸਬੰਧ ਸਮਾਜ ਨਾਲ ਹੈ। ਇਹੋ ਕਾਰਣ ਹੈ ਕਿ ਇਹ ਭੌਤਿਕ ਵਿਗਿਆਨ ਦੇ ਵਿਸ਼ੇ ਫਿਜ਼ਿਕਸ ਅਤੇ ਕੈਮਿਸਟਰੀ ਤੋਂ ਵੱਖਰੇ ਸਰੂਪ ਦਾ ਹੈ। ਜਦੋਂ ਵੀ ਅਸੀਂ ਰਾਜਨੀਤੀ ਵਿਗਿਆਨ ਦੀ ਉਤਪਤੀ, ਵਿਕਾਸ ਅਤੇ ਵਾਧੇ ਦਾ ਅਧਿਐਨ ਕਰਦੇ ਹਾਂ ਤਾਂ ਸਾਨੂੰ ਰਾਜਨੀਤਿਕ ਵਿਗਿਆਨ ਦੇ ਸਰੂਪ ਸਬੰਧੀ ਬਹੁਤ ਸਾਰੇ ਪੱਖਾਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਰਾਜਨੀਤਿਕ ਵਿਗਿਆਨ ਦੀਆਂ ਪਰਿਭਾਸ਼ਾਵਾਂ ਅਤੇ ਅਰਥ ਇਹ ਗੱਲ ਦਰਸਾਉਂਦੇ ਹਨ ਕਿ ਰਾਜਨੀਤਿਕ ਵਿਗਿਆਨ ਰਾਜਨੀਤਿਕ ਸੰਸਥਾਵਾਂ, ਰਾਜਨੀਤਿਕ ਸਿਧਾਂਤ, ਰਾਜਨੀਤਿਕ ਸ਼ਕਤੀ ਅਤੇ ਰਾਜਨੀਤਿਕ ਪ੍ਰਕਿਰਿਆਵਾਂ ਦਾ ਕ੍ਰਮਬੱਧ ਅਧਿਐਨ ਹੈ। ਜਦੋਂ ਅਸੀਂ ਰਾਜਨੀਤੀ ਨੂੰ ਰਾਜਨੀਤਿਕ ਵਿਗਿਆਨ ਦੇ ਤੌਰ ਤੇ ਸੰਬੋਧਤ ਕਰਦੇ ਹਾਂ ਤਾਂ ਸਾਨੂੰ ਇਹ ਦੇਖਣਾ ਪਵੇਗਾ ਕਿ ਇਹ ਵਿਸ਼ਾ ਵਿਗਿਆਨ ਦੀ ਕਸੌਟੀ ਤੇ ਕਿੰਨਾ ਖਰਾ ਉਤਰਦਾ ਹੈ। ਜਿੱਥੇ ਰਾਜਨੀਤਿਕ ਵਿਗਿਆਨ ਦੇ ਵਿਸ਼ੇ ਨੂੰ ਕਈ ਵਿਦਵਾਨ ਵਿਗਿਆਨਕ ਸਰੂਪ ਦਾ ਮੰਨਦੇ ਹਨ, ਉੱਥੇ ਕਈ ਵਿਦਵਾਨ ਇਸ ਵਿਸ਼ੇ ਨੂੰ ਵਿਗਿਆਨ ਦੇ ਤੌਰ 'ਤੇ ਸਵੀਕਾਰ ਨਹੀਂ ਕਰਦੇ।

**ਰਾਜਨੀਤੀ ਵਿਗਿਆਨ ਨਹੀਂ ਹੈ : (Politics is not a Science)**

ਰਾਜਨੀਤਿਕ ਵਿਗਿਆਨ ਇੱਕ ਵਿਗਿਆਨਕ ਸਰੂਪ ਦਾ ਵਿਸ਼ਾ ਨਹੀਂ। ਇਸ ਸਬੰਧੀ **James Bryce, Maitland, Burke** ਅਤੇ **Gettel** ਨੇ ਆਪਣੇ ਨਿਮਨਲਿਖਤ ਵਿਚਾਰ ਪੇਸ਼ ਕੀਤੇ ਹਨ :-

1. ਰਾਜਨੀਤਿਕ ਵਿਗਿਆਨੀਆਂ ਵਿੱਚ ਰਾਜਨੀਤੀ ਦੇ ਵਿਸ਼ੇ-ਵਸਤੂ, ਅਧਿਐਨ ਸਬੰਧੀ ਤਰੀਕੇ, ਰਾਜਨੀਤਿਕ ਸਿਧਾਂਤਾਂ ਅਤੇ ਰਾਜਨੀਤਿਕ ਸਿੱਟਿਆਂ ਸਬੰਧੀ ਸਹਿਮਤੀ ਨਹੀਂ ਹੈ।
2. ਰਾਜਨੀਤਿਕ ਵਿਗਿਆਨ ਦੇ ਵਿਸ਼ੇ ਵਿੱਚ ਭਵਿੱਖਬਾਣੀ ਸੰਭਵ ਨਹੀਂ ਜਿਵੇਂ ਖਗੋਲ ਵਿਗਿਆਨ ਦੇ ਵਿਸ਼ੇ ਵਿੱਚ ਕੀਤੀ ਜਾਂਦੀ ਹੈ।
3. ਰਾਜਨੀਤਿਕ ਵਿਗਿਆਨ ਦੇ ਵਿਸ਼ੇ ਵਿੱਚ ਕ੍ਰਮਬੱਧ ਵਿਕਾਸ ਸੰਭਵ ਨਹੀਂ ਹੈ।
4. ਭੌਤਿਕ ਵਿਗਿਆਨ ਵਾਂਗ ਰਾਜਨੀਤਿਕ ਵਿਗਿਆਨ ਦੇ ਸ਼ੁੱਧ ਅਤੇ ਸਰਵ-ਵਿਆਪਕ ਸਿਧਾਂਤ ਨਹੀਂ ਹਨ।
5. ਰਾਜਨੀਤਿਕ ਵਿਗਿਆਨ ਵਿੱਚ ਕਾਰਣ ਅਤੇ ਪ੍ਰਭਾਵ ਸਬੰਧਾਂ ਦਾ ਨਿਰੀਖਣ ਨਹੀਂ ਹੋ ਸਕਦਾ ਜੋ ਕਿ ਬਾਕੀ ਸਾਰੇ ਵਿਗਿਆਨਕ ਵਿਸ਼ਿਆਂ ਦਾ ਆਧਾਰ ਹੈ।
6. ਰਾਜਨੀਤੀ ਵਿਗਿਆਨ ਦਾ ਵਿਕਾਸ ਕ੍ਰਮਬੱਧ, ਨਿਯੰਤ੍ਰਿਤ ਅਤੇ ਲਗਾਤਾਰ ਨਹੀਂ ਹੋਇਆ।
7. ਵਿਗਿਆਨਕ ਤਰੀਕੇ ਜਿਵੇਂ ਨਿਰੀਖਣ ਅਤੇ ਤਜਰਬੇ ਰਾਜਨੀਤੀ ਲਈ ਨਹੀਂ ਵਰਤੇ ਜਾ ਸਕਦੇ ਕਿਉਂਕਿ ਰਾਜਨੀਤਿਕ ਪ੍ਰਸਥਿਤੀਆਂ ਬਦਲਦੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ਬਦਲਦੀਆਂ ਪ੍ਰਸਥਿਤੀਆਂ 'ਤੇ ਕੋਈ ਤਜਰਬਾ ਸੰਭਵ ਨਹੀਂ ਹੈ।
8. ਰਾਜਨੀਤੀ ਵਿਗਿਆਨ ਦਾ ਵਿਸ਼ਾ-ਵਸਤੂ ਮਨੁੱਖ ਅਤੇ ਸਮਾਜ ਹੈ। ਹਰੇਕ ਮਨੁੱਖ ਅਤੇ ਸਮਾਜ ਦੀ ਪ੍ਰਕ੍ਰਿਤੀ ਸਮਾਨ ਨਹੀਂ ਹੁੰਦੀ ਜਦੋਂ ਕਿ ਭੌਤਿਕ ਵਿਗਿਆਨਾਂ ਦੇ ਵਿਸ਼ੇ ਦਾ ਸਰੂਪ ਹਰ ਥਾਂ ਇੱਕੋ ਜਿਹਾ ਹੁੰਦਾ ਹੈ।
9. ਰਾਜਨੀਤਿਕ ਸਥਿਤੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਥਾਂ ਨੂੰ ਨਿਯੰਤਰਣ ਨਹੀਂ ਕੀਤਾ ਜਾ ਸਕਦਾ, ਜਦੋਂ ਕਿ ਭੌਤਿਕ ਵਿਗਿਆਨ ਦੇ ਤੱਥਾਂ ਨੂੰ ਨਿਯੰਤਰਣ ਵਿੱਚ ਰੱਖਿਆ ਜਾ ਸਕਦਾ ਹੈ।
10. ਰਾਜਨੀਤੀ ਵਿੱਚ ਰਾਜਨੀਤਿਕ ਨਿਰਣਿਆਂ ਨੂੰ ਮਾਪਣ ਲਈ ਕੋਈ ਪੈਮਾਨਾ ਨਹੀਂ ਹੈ ਅਤੇ ਨਾ ਹੀ ਰਾਜਨੀਤਿਕ ਫਲਸਫ਼ੇ ਨੂੰ ਮਾਪਣ ਦਾ ਕੋਈ ਪੈਮਾਨਾ ਹੈ।
11. ਰਾਜਨੀਤੀ ਵਿੱਚ ਖੋਜ-ਕਰਤਾ ਦਾ ਪੱਖਪਾਤੀ ਰਵੱਈਆ ਵੀ ਰਾਜਨੀਤਿਕ ਖੋਜ ਨੂੰ ਪ੍ਰਭਾਵਿਤ ਕਰਦਾ ਹੈ, ਜਦੋਂ ਕਿ ਭੌਤਿਕ ਵਿਗਿਆਨ ਵਿੱਚ ਖੋਜੀ ਦਾ ਪੱਖਪਾਤੀ ਰਵੱਈਆ ਖੋਜ ਨੂੰ ਪ੍ਰਭਾਵਿਤ ਨਹੀਂ ਕਰ ਪਾਉਂਦਾ।

12. ਕਿਉਂਕਿ ਰਾਜਨੀਤੀ ਵਿਗਿਆਨ ਦਾ ਵਿਸ਼ਾ-ਵਸਤੂ ਸਮਾਜ ਅਤੇ ਮਨੁੱਖ ਤੱਕ ਸੀਮਤ ਹੈ, ਇਸ ਕਰਕੇ ਭੌਤਿਕ ਵਿਗਿਆਨ ਦੀ ਤਰ੍ਹਾਂ ਰਾਜਨੀਤਿਕ ਵਿਗਿਆਨ ਵਿੱਚ ਪ੍ਰਯੋਗਸ਼ਾਲਾਵਾਂ ਵਿੱਚ ਤਜਰਬੇ ਸੰਭਵ ਨਹੀਂ ਹਨ।

**ਰਾਜਨੀਤੀ ਵਿਗਿਆਨ ਹੈ : (Politics is a Science)**

ਨਿਮਨਲਿਖਤ ਤਰਕਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਰਾਜਨੀਤਿਕ ਵਿਗਿਆਨ ਵੀ ਵਿਗਿਆਨ ਹੈ :-

1. ਰਾਜਨੀਤੀ ਦਾ ਅਧਿਐਨ ਵੀ ਵਿਗਿਆਨਿਕ ਵਿਸ਼ਿਆਂ ਵਾਂਗ ਕ੍ਰਮਬੱਧ ਤਰੀਕੇ ਨਾਲ ਕੀਤਾ ਜਾ ਸਕਦਾ ਹੈ।
2. ਰਾਜਨੀਤੀ ਵਿੱਚ ਵੀ ਹੋਰ ਭੌਤਿਕ ਵਿਗਿਆਨਾਂ ਦੀ ਤਰ੍ਹਾਂ ਤਜਰਬੇ ਸੰਭਵ ਹਨ।
3. ਰਾਜਨੀਤੀ ਵਿਗਿਆਨ ਦੇ ਵੀ ਹੋਰ ਵਿਗਿਆਨਾਂ ਦੀ ਤਰ੍ਹਾਂ ਸ਼ੁੱਧ ਅਤੇ ਸਰਵ-ਵਿਆਪਕ ਸਿਧਾਂਤ ਹਨ।
4. ਵਿਗਿਆਨਕ ਵਿਸ਼ਿਆਂ ਦੀ ਤਰ੍ਹਾਂ ਰਾਜਨੀਤੀ ਵਿੱਚ ਵੀ ਭਵਿੱਖਬਾਣੀ ਸੰਭਵ ਹੈ, ਭਾਵੇਂ ਕਿ ਇਹ ਸੀਮਿਤ ਖੇਤਰ ਵਿੱਚ ਹੀ ਹੋ ਸਕਦੀ ਹੈ।
5. ਬਹੁਤ ਸਾਰੇ ਅਜਿਹੇ ਸਿਧਾਂਤ ਅਤੇ ਵਿਧੀਆਂ ਹਨ ਜਿਨ੍ਹਾਂ ਸਬੰਧੀ ਰਾਜਨੀਤਿਕ ਵਿਗਿਆਨੀਆਂ ਵਿੱਚ ਭੌਤਿਕ ਵਿਗਿਆਨੀਆਂ ਦੀ ਤਰ੍ਹਾਂ ਸਹਿਮਤੀ ਹੈ।
6. ਰਾਜਨੀਤੀ ਇੱਕ ਵਿਸ਼ਾ ਹੈ ਜਿਸਦਾ ਸਰੂਪ ਵਿਗਿਆਨਕ ਹੈ।
7. ਵਰਤਮਾਨ ਸਮੇਂ ਰਾਜਨੀਤੀ ਦੇ ਵਿਸ਼ੇ ਨੇ ਆਧੁਨਿਕਤਾ ਗ੍ਰਹਿਣ ਕਰ ਲਈ ਹੈ।

**ਕੀ ਰਾਜਨੀਤੀ ਇੱਕ ਕਲਾ ਹੈ? Is Politics an Art? :**

ਕਲਾ ਤੋਂ ਭਾਵ ਕਿਸੇ ਵਿਸ਼ੇਸ਼ ਕੰਮ ਕਰਨ ਦੀ ਯੋਗਤਾ ਜਾਂ ਤਰੀਕੇ ਤੋਂ ਹੈ। ਇਸ ਵਿੱਚ ਅਭਿਆਸ ਅਤੇ ਨਿਸ਼ਚਿਤ ਸਿਧਾਂਤ ਦੀ ਵਰਤੋਂ ਦੁਆਰਾ ਸੁਧਾਰ ਕੀਤਾ ਜਾ ਸਕਦਾ ਹੈ। ਕਲਾ ਨਿਯਮਾਂ ਦਾ ਪ੍ਰਬੰਧ ਹੈ ਜਿਸ ਦੀ ਵਰਤੋਂ ਨਿਸ਼ਚਿਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਨਿਸ਼ਚਿਤ ਉਦੇਸ਼ਾਂ ਦੀ ਪ੍ਰਾਪਤੀ ਲਈ ਗਿਆਨ ਦੀ ਅਮਲੀ ਵਰਤੋਂ ਵੀ ਕਲਾ ਕਹਾਉਂਦੀ ਹੈ। ਰਾਜਨੀਤਿਕ ਵਿਗਿਆਨ ਵਿੱਚ ਵੀ ਚੰਗੇ ਸਮਾਜਿਕ ਅਤੇ ਰਾਜਨੀਤਿਕ ਪ੍ਰਬੰਧ ਲਈ ਰਾਜਨੀਤਿਕ ਘਟਨਾਵਾਂ ਸਬੰਧੀ ਗਿਆਨ ਦੀ ਅਮਲੀ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ।

ਰਾਬਰਟ ਡਾਹਲ ਦਾ ਕਹਿਣਾ ਹੈ ਕਿ ''ਰਾਜਨੀਤਿਕ ਵਿਗਿਆਨ - ਵਿਗਿਆਨ ਅਤੇ ਕਲਾ ਦੋਵਾਂ ਦੇ ਹੀ ਗੁਣ ਰੱਖਦਾ ਹੈ। ਜਦੋਂ ਰਾਜਨੀਤਿਕ ਵਿਗਿਆਨ ਦੇ ਵਿਦਿਆਰਥੀ ਨਿਰੀਖਣ ਦੇ ਆਧਾਰ ਤੇ ਆਪਣੇ ਤਜਰਬੇ ਦੁਆਰਾ ਇਕੱਤਰ ਕੀਤੀ ਸਮੱਗਰੀ ਨਾਲ ਰਾਜਨੀਤਿਕ ਸਿਧਾਂਤਾਂ ਦੀ ਉਚਿਤਤਾ ਦੀ ਪਰਖ ਕਰਦੇ ਹਨ ਤਾਂ ਇਹ ਵਿਗਿਆਨ ਹੈ। ਇਸ ਤੋਂ ਉਲਟ ਜਦੋਂ ਰਾਜਨੀਤਿਕ ਮੁਲਾਂਕਣ ਦੀ ਵਰਤੋਂ ਰਾਜਨੀਤਿਕ ਸੰਸਥਾਵਾਂ ਦੀ ਕਾਰਜਸ਼ੈਲੀ ਵਿੱਚ ਸੁਧਾਰ ਕਰਨ ਲਈ ਕੀਤੀ ਜਾਂਦੀ ਹੈ ਤਾਂ ਇਹ ਕਲਾ ਹੈ।'' ਪ੍ਰੋ. ਕੋਸਾ (Cossa) ਅਨੁਸਾਰ, ''ਸਾਇੰਸ ਨੂੰ ਕਲਾ ਦੀ ਜ਼ਰੂਰਤ ਹੁੰਦੀ ਹੈ, ਕਲਾ ਨੂੰ ਸਾਇੰਸ ਦੀ, ਦੋਵੇਂ ਇੱਕ ਦੂਸਰੇ ਦੇ ਪੂਰਕ ਹਨ।'' ਇਸ ਕਰਕੇ ਰਾਜਨੀਤੀ ਨੂੰ ਵਿਗਿਆਨ ਅਤੇ ਕਲਾ ਦੋਵੇਂ ਹੀ ਮੰਨਿਆ ਜਾਂਦਾ ਹੈ। ਰਾਜਨੀਤੀ ਸ਼ਾਸਕਾਂ, ਅਫ਼ਸਰਸ਼ਾਹੀ ਅਤੇ ਲੋਕਾਂ ਨੂੰ ਰਾਜਨੀਤਿਕ ਮਸਲਿਆਂ ਸਬੰਧੀ ਅਗਲੀ ਅਗਵਾਈ ਪ੍ਰਦਾਨ ਕਰਦੀ ਹੈ। ਰਾਜਨੀਤਿਕ ਵਿਗਿਆਨ ਰਾਜ ਵਿੱਚ ਰਹਿੰਦੇ ਨਾਗਰਿਕਾਂ ਦੇ ਆਪਸੀ ਸਬੰਧਾਂ ਦੇ ਨਿਯਮਬੱਧ ਅਧਿਐਨ ਦੇ ਤੌਰ ਤੇ ਵਿਕਸਤ ਹੋ ਰਿਹਾ ਹੈ।

**3. ਰਾਜਨੀਤੀ ਇੱਕ ਸਮਾਜਿਕ ਵਿਗਿਆਨ : (Political Science is a Social Science)**

ਰਾਜਨੀਤੀ ਵਿਗਿਆਨ ਮੁੱਖ ਵਿਗਿਆਨਕ ਵਿਸ਼ਿਆਂ ਦੀ ਤਰ੍ਹਾਂ ਨਿਰੋਲ ਵਿਗਿਆਨਕ ਸਰੂਪ ਦਾ ਨਹੀਂ ਹੈ ਕਿਉਂਕਿ ਇਸਦਾ ਵਿਸ਼ਾ-ਵਸਤੂ ਮਨੁੱਖ ਅਤੇ ਮਨੁੱਖੀ ਸਮਾਜ ਹੈ। ਇਹੋ ਹੀ ਕਾਰਣ ਹੈ ਕਿ ਇਸ ਨੂੰ ਸਮਾਜਿਕ ਵਿਗਿਆਨ ਦਾ ਦਰਜਾ ਪ੍ਰਾਪਤ ਹੈ। ਰਾਜਨੀਤਿਕ ਵਿਗਿਆਨ ਦੁਆਰਾ ਗਿਆਨ ਦੀ ਕ੍ਰਮਬੱਧ ਵਰਤੋਂ ਕਰਕੇ ਮਨੁੱਖੀ ਅਤੇ ਸਮਾਜਿਕ ਸਮੱਸਿਆਵਾਂ ਨੂੰ ਹੱਲ ਕਰਨ ਦਾ ਯਤਨ ਕੀਤਾ ਜਾਂਦਾ ਹੈ। ਸਮਾਜ ਦੇ ਸੁਧਾਰ ਲਈ ਵੀ ਰਾਜਨੀਤਿਕ ਵਿਗਿਆਨੀ ਸਮੇਂ-ਸਮੇਂ ਤੇ ਖੋਜ-ਕਾਰਜ ਕਰਦੇ ਰਹਿੰਦੇ ਹਨ। ਉਹ ਆਪਣੀ ਖੋਜ ਲਈ ਲੋੜੀਂਦੀ ਸਮੱਗਰੀ ਸਮਾਜ ਦੇ ਵਿੱਚ ਰਹਿੰਦੇ

ਮਨੁੱਖਾਂ ਤੋਂ ਨਿਰੀਖਣ, ਪ੍ਰਸ਼ਨਾਵਲੀ, ਇੰਟਰਵਿਊ ਅਤੇ ਸੈਂਪਲਿੰਗ ਆਦਿ ਵਿਧੀਆਂ ਦੁਆਰਾ ਇਕੱਤਰ ਕਰਦੇ ਹਨ। ਇਸ ਤਰ੍ਹਾਂ ਰਾਜਨੀਤਿਕ ਵਿਗਿਆਨ ਦਾ ਦਰਜਾ ਦੂਸਰੇ ਸਮਾਜਿਕ ਵਿਗਿਆਨਾਂ ਦੇ ਬਰਾਬਰ ਹੈ। ਰਾਜਨੀਤਿਕ ਵਿਗਿਆਨ ਦੂਸਰੇ ਸਮਾਜਿਕ ਵਿਗਿਆਨਾਂ ਜਿਵੇਂ ਅਰਥ-ਸ਼ਾਸਤਰ, ਸਮਾਜ-ਸ਼ਾਸਤਰ ਅਤੇ ਨੈਤਿਕ-ਸ਼ਾਸਤਰ ਆਦਿ ਵਿਸ਼ਿਆਂ ਵਾਂਗ ਇੱਕ ਸਕਾਰਾਤਮਕ ਵਿਗਿਆਨ ਹੈ।

**4. ਰਾਜਨੀਤੀ ਜਾਂ ਰਾਜਨੀਤਿਕ ਵਿਗਿਆਨ? : (Politics or Political Science)**

ਵਿਸ਼ੇ ਨੂੰ ਕਿਸ ਨਾਮ ਨਾਲ ਸੰਬੋਧਤ ਕੀਤਾ ਜਾਵੇ - ਰਾਜਨੀਤੀ ਜਾਂ ਰਾਜਨੀਤਿਕ ਵਿਗਿਆਨ, ਇਹ ਵੀ ਇੱਕ ਮਹੱਤਵਪੂਰਨ ਪ੍ਰਸ਼ਨ ਹੈ। ਅਰਸਤੂ ਨੇ ਆਪਣੇ ਅਧਿਐਨ ਵਿੱਚ ਰਾਜਨੀਤਿਕ ਫਲਸਫ਼ੇ ਨੂੰ ਰਾਜਨੀਤੀ ਸ਼ਬਦ ਨਾਲ ਸੰਬੋਧਤ ਕੀਤਾ ਹੈ। ਪ੍ਰੋ. ਲਾਸਕੀ ਨੇ ਵੀ ਆਪਣੀ ਰਾਜਨੀਤੀ ਨਾਲ ਸਬੰਧਤ ਕ੍ਰਿਤ ਨੂੰ 'ਰਾਜਨੀਤੀ ਦੀ ਵਿਆਕਰਣ' ਦਾ ਨਾਮ ਦਿੱਤਾ ਹੈ ਪਰੰਤੂ ਇਸਦੇ ਬਾਵਜੂਦ ਬਹੁਤ ਸਾਰੇ ਆਧੁਨਿਕ ਵਿਦਵਾਨਾਂ ਨੇ ਰਾਜਨੀਤੀ ਸ਼ਬਦ ਵਰਤਣ ਦੀ ਬਜਾਏ ਰਾਜਨੀਤੀ ਵਿਗਿਆਨ ਸ਼ਬਦ ਦੀ ਵਰਤੋਂ ਕਰਨ ਤੇ ਵਧੇਰੇ ਜ਼ੋਰ ਦਿੱਤਾ ਹੈ, ਕਿਉਂਕਿ ਰਾਜਨੀਤਿਕ ਵਿਗਿਆਨ ਦੁਆਰਾ ਰਾਜਨੀਤਿਕ ਸਿਧਾਂਤ, ਰਾਜਨੀਤਿਕ ਸੰਸਥਾਵਾਂ, ਰਾਜਨੀਤਿਕ ਸ਼ਕਤੀ ਅਤੇ ਰਾਜਨੀਤਿਕ ਪ੍ਰਕ੍ਰਿਆਵਾਂ ਦਾ ਕ੍ਰਮਬੱਧ ਅਧਿਐਨ ਹੁੰਦਾ ਹੈ। ਸ਼ਬਦ ਰਾਜਨੀਤੀ ਤੱਤਕਾਲੀ ਰਾਜਨੀਤਿਕ ਸਮੱਸਿਆਵਾਂ ਅਤੇ ਮੁੱਦਿਆਂ ਵੱਲ ਧਿਆਨ ਦਿਵਾਉਂਦਾ ਹੈ। ਕਈ ਵਾਰ ਜਨ-ਸਾਧਾਰਨ ਇਸ ਦੀ ਵਰਤੋਂ ਅਸਪੱਸ਼ਟ, ਗੜਬੜੀ ਵਾਲੇ ਅਤੇ ਘਟੀਆ ਕੰਮਾਂ ਨੂੰ ਦਰਸਾਉਣ ਲਈ ਕਰਦਾ ਹੈ। ਰਾਜਨੀਤੀ ਇੱਕ ਵਿਸ਼ਾਲ ਅਤੇ ਸਰਵ-ਵਿਆਪਕ ਕ੍ਰਿਆ ਹੈ ਜਿਸਦਾ ਮੁਲਾਂਕਣ ਰਾਜਨੀਤਿਕ ਵਿਗਿਆਨ ਦੁਆਰਾ ਹੀ ਹੁੰਦਾ ਹੈ। ਰਾਜਨੀਤੀ ਦਾ ਅਧਿਐਨ ਰਾਜਨੀਤਿਕ ਵਿਗਿਆਨ ਦੇ ਵਿਸ਼ੇ ਦਾ ਇੱਕ ਹਿੱਸਾ ਹੈ। ਰਾਜਨੀਤੀਵਾਨ ਅਤੇ ਰਾਜਨੀਤਿਕ ਵਿਦਵਾਨਾਂ ਵਿੱਚ ਅੰਤਰ ਹੁੰਦਾ ਹੈ। ਰਾਜਨੀਤੀਵਾਨ ਉਹ ਹੁੰਦਾ ਹੈ ਜੋ ਰਾਜਨੀਤਿਕ ਕ੍ਰਿਆਵਾਂ ਵਿੱਚ ਭਾਗੀਦਾਰ ਹੁੰਦਾ ਹੈ, ਜਦੋਂ ਕਿ ਰਾਜਨੀਤਿਕ ਵਿਦਵਾਨ ਆਪਣੇ ਵਿਸ਼ੇ ਵਿੱਚ ਮਾਹਿਰ ਹੁੰਦਾ ਹੈ। ਉਹ ਆਪਣੇ ਵਿਸ਼ੇ ਦਾ ਅਧਿਐਨ ਕ੍ਰਮਬੱਧ ਤਰੀਕੇ ਨਾਲ ਕਰਦਾ ਹੈ। ਇਸ ਲਈ ਰਾਜਨੀਤੀ ਦੀ ਬਜਾਏ ਰਾਜਨੀਤੀ ਵਿਗਿਆਨ ਸ਼ਬਦ ਦੀ ਵਰਤੋਂ ਵਿਸ਼ੇ ਨੂੰ ਸੰਬੋਧਤ ਕਰਨ ਲਈ ਵਧੇਰੇ ਢੁੱਕਵੀਂ ਹੈ।

**1.1.5 ਰਾਜਨੀਤੀ ਵਿਗਿਆਨ ਦਾ ਖੇਤਰ (Scope of Political Science)** :- ਵਰਤਮਾਨ ਸਮੇਂ ਰਾਜਨੀਤਿਕ ਵਿਗਿਆਨ ਦੇ ਖੇਤਰ ਨੂੰ ਨਿਸ਼ਚਿਤ ਹੱਦਾਂ ਅੰਦਰ ਸੀਮਿਤ ਕਰਨਾ ਬਹੁਤ ਹੀ ਕਠਿਨ ਕੰਮ ਹੈ। ਇਹ ਬਹੁਤ ਹੀ ਵਿਸ਼ਾਲ ਅਤੇ ਵਿਆਪਕ ਵਿਸ਼ਾ ਹੈ ਜਿਸ ਕਰਕੇ ਰਾਜਨੀਤਿਕ ਵਿਗਿਆਨੀਆਂ ਵਿੱਚ ਇਸਦੇ ਵਿਸ਼ੇ ਦੇ ਖੇਤਰ ਸਬੰਧੀ ਸਹਿਮਤੀ ਨਹੀਂ ਹੈ। ਇਸਦੇ ਬਾਵਜੂਦ ਵੀ ਵਿਸ਼ੇ ਦੇ ਅਧਿਐਨ ਖੇਤਰ ਵਿੱਚ ਬਹੁਤ ਸਾਰੇ ਮੁੱਦੇ ਸ਼ਾਮਲ ਹਨ ਪਰੰਤੂ ਸਤੰਬਰ 1948 ਵਿੱਚ UNESCO ਹਾਊਸ ਵਿਖੇ ਹੋਈ ਰਾਜਨੀਤਿਕ ਵਿਗਿਆਨੀਆਂ ਦੀ ਬੈਠਕ ਵਿੱਚ ਇਸ ਵਿਸ਼ੇ ਦਾ ਅਧਿਐਨ ਖੇਤਰ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤਾ ਗਿਆ :-

**1) ਰਾਜਨੀਤੀ ਵਿਗਿਆਨ ਰਾਜਨੀਤਿਕ ਸਿਧਾਂਤਾਂ ਦਾ ਅਧਿਐਨ ਹੈ (Political Science is a Study of Political Theory)** :- ਸਦੀਆਂ ਤੋਂ ਹੀ ਰਾਜਨੀਤਿਕ ਵਿਗਿਆਨੀਆਂ ਨੇ ਆਪਣੇ-ਆਪ ਨੂੰ ਰਾਜਨੀਤਿਕ ਸਿਧਾਂਤਾਂ ਅਤੇ ਰਾਜਨੀਤਿਕ ਵਿਚਾਰਾਂ ਦੀ ਉਤਪੱਤੀ ਨਾਲ ਸਬੰਧਤ ਰੱਖਿਆ ਹੈ, ਜਿਵੇਂ ਪਲੈਟੋ ਨੇ ਆਦਰਸ਼ ਰਾਜ ਦਾ ਸਿਧਾਂਤ, ਨਿਆਂ ਦਾ ਸਿਧਾਂਤ ਅਤੇ ਕਈ ਹੋਰ ਸਿਧਾਂਤਾਂ ਦਾ ਵਰਣਨ ਕੀਤਾ ਹੈ। ਹਾਬਜ਼, ਲਾਕ ਅਤੇ ਰੂਸੋ ਨੇ ਰਾਜ ਦੀ ਉਤਪੱਤੀ ਸਬੰਧੀ ਆਪਣੇ ਸਿਧਾਂਤ ਦਿੱਤੇ। ਇਸ ਤਰ੍ਹਾਂ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ-ਆਪਣੇ ਸਿਧਾਂਤ ਦਿੱਤੇ ਜਿਨ੍ਹਾਂ ਦੇ ਆਧਾਰ ਤੇ ਅਸੀਂ ਭੂਤਕਾਲ ਦਾ ਨਿਰੀਖਣ ਕਰਕੇ ਵਰਤਮਾਨ ਵਿੱਚ ਚੰਗੇ ਪ੍ਰਬੰਧ ਸਥਾਪਤ ਕਰ ਸਕਦੇ ਹਾਂ। ਭੂਤਕਾਲ ਦੀਆਂ ਕਮੀਆਂ ਨੂੰ ਵਰਤਮਾਨ ਵਿੱਚ ਖ਼ਤਮ ਕੀਤਾ ਜਾ ਸਕਦਾ ਹੈ।

**2) ਰਾਜਨੀਤਿਕ ਸੰਸਥਾਵਾਂ (Political Institutions)** :- ਰਾਜਨੀਤਿਕ ਵਿਗਿਆਨ ਵਿੱਚ ਸੰਵਿਧਾਨ, ਰਾਸ਼ਟਰੀ, ਪ੍ਰਾਦੇਸ਼ਿਕ ਅਤੇ ਸਥਾਨਕ ਸਰਕਾਰਾਂ ਤੇ ਦੂਜੀਆਂ ਰਾਜਨੀਤਿਕ ਸੰਸਥਾਵਾਂ ਦਾ ਸਰਵਪੱਖੀ ਅਧਿਐਨ ਸ਼ਾਮਿਲ ਹੈ। ਰਾਜਨੀਤਿਕ ਸੰਸਥਾਵਾਂ ਦੇ ਗੁਣਾਂ-ਔਗੁਣਾਂ ਦਾ ਅਧਿਐਨ ਰਾਜਨੀਤਿਕ ਵਿਗਿਆਨ ਦਾ

ਅਹਿਮ ਕੰਮ ਹੈ। ਇਸ ਦੇ ਆਧਾਰ ਤੇ ਹੀ ਰਾਜਨੀਤਿਕ ਸੰਸਥਾਵਾਂ ਵਿੱਚ ਸੁਧਾਰ ਕਰਨ ਲਈ ਯਤਨ ਕੀਤੇ ਜਾਂਦੇ ਹਨ।

3) **ਰਾਜਨੀਤਿਕ ਪਾਰਟੀਆਂ ਅਤੇ ਦਬਾਉ ਸਮੂਹ (Political Parties and Pressure Groups)** :- ਰਾਜਨੀਤਿਕ ਦਲ ਕੀ ਹਨ, ਇਹ ਕਿਉਂ ਹੋਂਦ ਵਿੱਚ ਆਉਂਦੇ ਹਨ, ਇਹ ਕੀ ਕਾਰਜ ਕਰਦੇ ਹਨ, ਵਰਤਮਾਨ ਰਾਜਨੀਤੀ ਵਿੱਚ ਇਹ ਕੀ ਭੂਮਿਕਾ ਨਿਭਾਉਂਦੇ ਹਨ, ਆਦਿ ਕੁਝ ਅਜਿਹੇ ਪ੍ਰਸ਼ਨ ਹਨ, ਜਿਹੜੇ ਰਾਜਨੀਤੀ ਵਿਗਿਆਨ ਦਾ ਵਿਸ਼ਾ-ਵਸਤੂ ਹਨ। ਰਾਜਨੀਤਿਕ ਦਲਾਂ ਤੋਂ ਇਲਾਵਾ ਵਿਅਕਤੀ ਆਪਣੀਆਂ ਵਿਸ਼ੇਸ਼ ਮੰਗਾਂ ਦੀ ਪੂਰਤੀ ਲਈ ਵੀ ਸਰਕਾਰ ਤੇ ਦਬਾਉ ਪਾਉਣ ਲਈ ਦਬਾਉ ਸਮੂਹ ਬਣਾਉਂਦੇ ਹਨ। ਇਨ੍ਹਾਂ ਦੀ ਉਤਪੱਤੀ ਦੇ ਕਾਰਣ, ਇਨ੍ਹਾਂ ਦੀ ਕਾਰਜ-ਸ਼ੈਲੀ ਆਦਿ ਵੀ ਰਾਜਨੀਤੀ ਵਿਗਿਆਨ ਦੇ ਵਿਸ਼ੇ-ਵਸਤੂ ਵਿੱਚ ਸ਼ਾਮਿਲ ਹਨ।

4) **ਅੰਤਰ-ਰਾਸ਼ਟਰੀ ਸਬੰਧ (International Relations)** :- ਇਸ ਵਿੱਚ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਕਾਨੂੰਨ ਦੀਆਂ ਨੀਤੀਆਂ ਦਾ ਅਧਿਐਨ ਸ਼ਾਮਿਲ ਹੈ। ਵਰਤਮਾਨ ਯੁੱਗ ਅੰਤਰਰਾਸ਼ਟਰਵਾਦ ਦਾ ਯੁੱਗ ਹੈ ਜਿਸ ਵਿੱਚ ਕੋਈ ਵੀ ਦੇਸ਼ ਆਤਮ-ਨਿਰਭਰ ਨਹੀਂ ਹੈ। ਸੋ ਵੱਖ-ਵੱਖ ਦੇਸ਼ਾਂ ਦੇ ਆਪਸੀ ਸਬੰਧਾਂ ਨੂੰ ਨਿਯਮਤ ਕਰਨ ਲਈ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਸੰਗਠਨਾਂ ਦੀ ਵਿਵਸਥਾ ਕੀਤੀ ਗਈ ਹੈ। ਅੰਤਰਰਾਸ਼ਟਰੀ ਕਾਨੂੰਨਾਂ, ਸਬੰਧਾਂ, ਸਮੱਸਿਆਵਾਂ ਅਤੇ ਸੰਗਠਨਾਂ ਆਦਿ ਦਾ ਅਧਿਐਨ ਰਾਜਨੀਤੀ ਵਿਗਿਆਨ ਦਾ ਵਿਸ਼ਾ-ਵਸਤੂ ਹੈ। UN, NAM, Common Wealth of Nations, World Bank ਆਦਿ ਮਹੱਤਵਪੂਰਨ ਅੰਤਰਰਾਸ਼ਟਰੀ ਸੰਗਠਨ ਹਨ।

5) **ਸਰਕਾਰ ਅਤੇ ਸਿਵਲ ਸੋਸਾਇਟੀ ਵਿੱਚ ਸਬੰਧਾਂ ਦਾ ਅਧਿਐਨ (Study of Relationship between Cvil Society and Government)** :- ਰਾਜ ਦੇ ਦੋ ਮਹੱਤਵਪੂਰਨ ਤੱਥ ਹਨ - ਸਰਕਾਰ ਅਤੇ ਸਿਵਲ ਸੋਸਾਇਟੀ। ਦੋਵੇਂ ਹੀ ਰਾਜ ਨੂੰ ਆਪਣੇ-ਆਪਣੇ ਪੱਖ ਤੋਂ ਪ੍ਰਭਾਵਿਤ ਕਰਨ ਦਾ ਯਤਨ ਕਰਦੇ ਹਨ। ਸਿਵਲ ਸੋਸਾਇਟੀ ਵਿੱਚ ਨਾਗਰਿਕ, ਐਨ.ਜੀ.ਓਜ਼ (NGOs), ਦਬਾਉ ਸਮੂਹ, ਵਿਰੋਧੀ ਰਾਜਨੀਤਿਕ ਪਾਰਟੀਆਂ ਆਦਿ ਸ਼ਾਮਲ ਹੁੰਦੀਆਂ ਹਨ। ਇਹ ਸਿਵਲ ਸੋਸਾਇਟੀ ਸ਼ਾਸਨ ਪ੍ਰਣਾਲੀ ਨੂੰ ਅਸਿੱਧੇ ਤੌਰ ਤੇ ਪ੍ਰਭਾਵਿਤ ਕਰਕੇ ਸਰਕਾਰ ਨੂੰ ਆਪਣੇ ਪੱਖ ਵਿੱਚ ਨੀਤੀਆਂ ਬਣਾਉਣ ਲਈ ਪ੍ਰਭਾਵਿਤ ਕਰਦੀ ਹੈ। ਇਸ ਕਰਕੇ ਸਰਕਾਰ ਅਤੇ ਸਿਵਲ ਸੋਸਾਇਟੀ ਦਾ ਅਧਿਐਨ ਰਾਜਨੀਤੀ ਵਿਗਿਆਨ ਦੇ ਵਿਸ਼ੇ ਵਿੱਚ ਸ਼ਾਮਲ ਹੈ। ਰਾਜਨੀਤੀ ਵਿਗਿਆਨ ਵਿੱਚ ਇਨ੍ਹਾਂ ਸਬੰਧਾਂ ਦਾ ਅਧਿਐਨ ਰਾਜ ਦੀ ਪ੍ਰਕ੍ਰਿਤੀ ਅਤੇ ਸਰਕਾਰ ਦੀ ਕੁਸ਼ਲਤਾ ਨੂੰ ਜਾਨਣ ਲਈ ਕੀਤਾ ਜਾਂਦਾ ਹੈ।

6) **ਰਾਜਨੀਤਿਕ ਸ਼ਕਤੀ, ਸੱਤਾ, ਪ੍ਰਭਾਵ, ਗਤੀਵਿਧੀਆਂ ਅਤੇ ਕ੍ਰਿਆਵਾਂ ਦਾ ਅਧਿਐਨ (The Study of Political Power, Authority , Influence and Activities)** :- ਰਾਜਨੀਤੀ ਵਿਗਿਆਨ ਆਦਰਸ਼ਵਾਦੀ ਹੋਣ ਦੇ ਨਾਲ-ਨਾਲ ਅਨੁਭਵਵਾਦੀ ਵੀ ਹੈ। ਰਾਜਨੀਤੀ ਵਿਗਿਆਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ ਨਿਯਮਾਂ, ਵਿਚਾਰਾਂ, ਨੈਤਿਕਤਾ, ਸਿਧਾਂਤਾਂ ਅਤੇ ਰਾਜਨੀਤਿਕ ਦਰਸ਼ਨ (Philosophy) ਦੇ ਅਧਿਐਨ ਤੇ ਜ਼ੋਰ ਦਿੰਦਾ ਹੈ। ਰਾਜਨੀਤੀ ਵਿਗਿਆਨ ਦੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਤਹਿਤ ਰਾਜਨੀਤਿਕ ਸੰਸਥਾਵਾਂ ਅਤੇ ਰਾਜਨੀਤਿਕ ਪ੍ਰਕ੍ਰਿਆਵਾਂ ਦਾ ਨਿਰੀਖਣ ਅਤੇ ਮੁਲਾਂਕਣ ਵਿਗਿਆਨਕ ਵਿਧੀ ਨਾਲ ਹੁੰਦਾ ਹੈ। ਮਾਰਗੈਂਥੂ ਦੇ ਅਨੁਸਾਰ ਰਾਜਨੀਤਿਕ ਵਿਗਿਆਨ ਦੇ ਖੇਤਰ ਵਿੱਚ ਤਿੰਨ ਵੱਖ-ਵੱਖ ਸ਼ਾਖ਼ਾਵਾਂ ਦਾ ਅਧਿਐਨ ਸ਼ਾਮਿਲ ਹੈ - (i) ਰਾਜਨੀਤਿਕ ਸਮਾਜ, (ii) ਰਾਜਨੀਤਿਕ ਸਿਧਾਂਤ, (iii) ਰਾਜਨੀਤਿਕ ਸੰਸਥਾਵਾਂ। ਸ਼ਕਤੀ ਦਾ ਅਧਿਐਨ ਵੀ ਮਾਰਗੈਂਥੂ ਅਨੁਸਾਰ ਰਾਜਨੀਤਿਕ ਵਿਗਿਆਨ ਦੇ ਵਿਸ਼ੇ-ਵਸਤੂ ਵਿੱਚ ਸ਼ਾਮਿਲ ਹੈ।

7) **ਸੰਪੂਰਨ ਵਿਗਿਆਨ (Master Science)** :- ਅਰਸਤੂ ਨੇ ਰਾਜਨੀਤੀ ਵਿਗਿਆਨ ਨੂੰ ਸੰਪੂਰਨ ਵਿਗਿਆਨ ਦਾ ਦਰਜਾ ਦਿੱਤਾ ਹੈ ਕਿਉਂਕਿ ਰਾਜਨੀਤੀ ਦੁਆਰਾ ਹੀ ਨਿਰਧਾਰਤ ਵਾਤਾਵਰਣ ਵਿੱਚ ਵਿਅਕਤੀ ਆਪਣਾ ਜੀਵਨ ਜਿਉਂਦਾ ਹੈ। ਕੋਈ ਵੀ ਵਿਅਕਤੀ ਰਾਜਨੀਤੀ ਦੁਆਰਾ ਨਿਰਧਾਰਤ ਪੈਮਾਨਿਆਂ ਤੋਂ ਆਪਣੇ-ਆਪ ਨੂੰ ਵੱਖ ਨਹੀਂ ਕਰ ਸਕਦਾ। ਪੁਰਾਣੇ ਯੂਨਾਨੀ ਦਾਰਸ਼ਨਿਕਾਂ ਨੇ ਵਿਅਕਤੀ ਦੀ ਨਿੱਜੀ ਅਤੇ ਰਾਜਨੀਤਿਕ ਜ਼ਿੰਦਗੀ

ਵਿੱਚ ਕੋਈ ਅੰਤਰ ਨਹੀਂ ਕੀਤਾ। ਉਨ੍ਹਾਂ ਦੇ ਅਨੁਸਾਰ ਰਾਜਨੀਤੀ ਵਿਅਕਤੀ, ਸਮਾਜ, ਰਾਜ ਅਤੇ ਨੈਤਿਕਤਾ ਦਾ ਅਧਿਐਨ ਹੈ।

8) **ਰਾਜਨੀਤਿਕ ਪ੍ਰਣਾਲੀ ਅਤੇ ਵਾਤਾਵਰਣ ਦਾ ਅਧਿਐਨ (Political System and Study of Environment)** :- ਆਧੁਨਿਕ ਰਾਜਨੀਤਿਕ ਵਿਗਿਆਨੀਆਂ ਦੁਆਰਾ ਰਾਜਨੀਤਿਕ ਪ੍ਰਣਾਲੀ ਦੇ ਅਧਿਐਨ ਨੂੰ ਰਾਜਨੀਤੀ ਵਿਗਿਆਨ ਦਾ ਵਿਸ਼ਾ-ਵਸਤੂ ਮੰਨਿਆ ਗਿਆ ਹੈ। ਉਹ 'ਰਾਜ' ਅਤੇ 'ਸਰਕਾਰ' ਆਦਿ ਦੀ ਥਾਂ 'ਤੇ 'ਰਾਜਨੀਤਿਕ ਪ੍ਰਣਾਲੀ' ਸ਼ਬਦ ਦੀ ਵਰਤੋਂ ਕਰਨਾ ਵਧੇਰੇ ਉਚਿਤ ਮੰਨਦੇ ਹਨ। ਹਰੇਕ ਦੇਸ਼ ਵਿੱਚ ਉੱਥੋਂ ਦੇ ਵਾਤਾਵਰਣ ਅਨੁਸਾਰ ਰਾਜਨੀਤਿਕ ਪ੍ਰਣਾਲੀ ਹੁੰਦੀ ਹੈ ਅਤੇ ਵਾਤਾਵਰਣ ਅਨੁਸਾਰ ਹੀ ਪ੍ਰਣਾਲੀ ਦੇ ਕਾਰਜ ਹੁੰਦੇ ਹਨ। ਇੱਕ ਪ੍ਰਣਾਲੀ ਦੇ ਕਾਰਜ ਦੂਸਰੀ ਪ੍ਰਣਾਲੀ ਦੇ ਕਾਰਜਾਂ ਨੂੰ ਪ੍ਰਭਾਵਿਤ ਕਰਦੇ ਹਨ। ਰਾਜਨੀਤਿਕ ਵਿਗਿਆਨ ਵਿੱਚ ਵਾਤਾਵਰਣ ਦੀ ਪ੍ਰਣਾਲੀ ਦੀ ਕਾਰਜਸ਼ੀਲਤਾ ਦੇ ਪ੍ਰਭਾਵ ਅਤੇ ਵੱਖ-ਵੱਖ ਪ੍ਰਣਾਲੀਆਂ ਦੀ ਆਪਸੀ ਅੰਤਰ-ਪ੍ਰਕਿਰਿਆ ਦਾ ਅਧਿਐਨ ਕੀਤਾ ਜਾਂਦਾ ਹੈ।

**1.1.6 ਸਿੱਟਾ (Conclusion)** :- ਉੱਪਰ ਦਿੱਤੇ ਵਿਚਾਰਾਂ ਦੇ ਅਧਿਐਨ ਮਗਰੋਂ ਅਸੀਂ ਕਹਿ ਸਕਦੇ ਹਾਂ ਕਿ ਰਾਜਨੀਤੀ ਵਿਗਿਆਨ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਨੂੰ ਪੱਕੀਆਂ ਹੱਦਾਂ ਵਿੱਚ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਅੱਜ ਹਰ ਵਿਅਕਤੀ ਰਾਜਨੀਤਿਕ ਗਤੀਵਿਧੀਆਂ ਵਿੱਚ ਹਿੱਸਾ ਲੈਂਦਾ ਹੈ ਅਤੇ ਉਹ ਰਾਜਨੀਤੀ ਦਾ ਵਿਸ਼ਾ-ਵਸਤੂ ਹੈ। ਜਿਉਂ-ਜਿਉਂ ਸਮਾਜਿਕ ਵਿਕਾਸ ਹੋਵੇਗਾ, ਤਿਉਂ-ਤਿਉਂ ਰਾਜਨੀਤਿਕ ਗਤੀਵਿਧੀਆਂ ਵਿੱਚ ਵਾਧਾ ਹੋਵੇਗਾ। ਰਾਜਨੀਤਿਕ ਗਤੀਵਿਧੀਆਂ ਵਿੱਚ ਵਾਧੇ ਨਾਲ ਰਾਜਨੀਤਿਕ ਵਿਗਿਆਨ ਦਾ ਖੇਤਰ ਹੋਰ ਵਿਆਪਕ ਹੁੰਦਾ ਜਾਵੇਗਾ।

### ਸਵੈ-ਅਭਿਆਸ ਲਈ ਪ੍ਰਸ਼ਨ (1)

1. ਰਾਜਨੀਤੀ ਵਿਗਿਆਨ ਦਾ ਅਰਥ ਦੱਸੋ।
2. ਰਾਜਨੀਤੀ ਵਿਗਿਆਨ ਦੀਆਂ ਕੋਈ ਚਾਰ ਪਰਿਭਾਸ਼ਾਵਾਂ ਲਿਖੋ।
3. ਰਾਜਨੀਤੀ ਵਿਗਿਆਨ ਦੇ ਸਰੂਪ ਦੀ ਚਰਚਾ ਕਰੋ।
4. ਰਾਜਨੀਤੀ ਵਿਗਿਆਨ ਦੀਆਂ ਕੋਈ ਚਾਰ ਧਾਰਨਾਂਵਾਂ ਦੱਸੋ।
5. ਰਾਜਨੀਤੀ ਵਿਗਿਆਨ ਦੀ ਧਾਰਨਾ ਦੇ ਮੁੱਖ ਸਮਰਥਕਾਂ ਦੇ ਨਾਂ ਲਿਖੋ।

### ਸਵੈ-ਅਭਿਆਸ ਲਈ ਪ੍ਰਸ਼ਨ (2)

1. ਆਧੁਨਿਕ ਦ੍ਰਿਸ਼ਟੀਕੋਣ ਅਨੁਸਾਰ ਰਾਜਨੀਤੀ ਵਿਗਿਆਨ ਦੀਆਂ ਚਾਰ ਪਰਿਭਾਸ਼ਾਵਾਂ ਲਿਖੋ।
2. ਕੀ ਰਾਜਨੀਤੀ ਇੱਕ ਵਿਗਿਆਨ ਹੈ? ਸਪੱਸ਼ਟ ਕਰੋ।
3. ਰਾਜਨੀਤੀ ਵਿਗਿਆਨ ਦੇ ਖੇਤਰਾਂ ਦੀ ਚਰਚਾ ਕਰੋ।
4. ਰਾਜਨੀਤੀ ਵਿਗਿਆਨ ਦੇ ਵੱਖ-ਵੱਖ ਲੱਛਣਾਂ ਦੀ ਵਿਆਖਿਆ ਕਰੋ।
5. ਰਾਜਨੀਤੀ ਵਿਗਿਆਨ ਦੇ ਸਰੂਪ ਅਤੇ ਖੇਤਰ ਦੀਆਂ ਵੱਖ-ਵੱਖ ਪ੍ਰਸਥਿਤੀਆਂ ਲਿਖੋ।

### ਸੁਝਾਈਆਂ ਪੁਸਤਕਾਂ


1. Dr. S.R. Myneni : Political Science for Law Students
2. V.D. Mahajan : Political Theory
3. J.S. Badyal : Political Theory
4. O.P. Gauba : Introduction to Political Theory
5. N.D. Arora and S.S Awasthy : Political Theory
6. Andrew Heywood : Politics
7. http://jccc-ugcinfonet.in
8. www.jstor.org

ਪਾਠ ਨੰ. : 1.2 ਲੇਖਕ: ਅਜੀਤ ਪਾਲ ਸਿੰਘ

# ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਵਿੱਚ ਅੰਤਰ
## (Distinction between Political Science and Political Theory)

ਪਾਠ ਦੀ ਰੂਪਰੇਖਾ

1.2.1 ਪਾਠ ਦੇ ਉਦੇਸ਼ (Objectives of the Lesson)
1.2.2 ਭੂਮਿਕਾ (Introduction)
1.2.3 ਰਾਜਨੀਤਿਕ ਵਿਗਿਆਨ: ਅਰਥ ਅਤੇ ਪ੍ਰੀਭਾਸ਼ਾ (Political Science : Meaning and Definition)
1.2.4 ਰਾਜਨੀਤਿਕ ਸਿਧਾਂਤ: ਅਰਥ, ਪ੍ਰੀਭਾਸ਼ਾ ਅਤੇ ਵਿਕਾਸ (Political Theory : Meaning, Definition and Development)
1.2.5 ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਵਿੱਚ ਅੰਤਰ (Distinction between Political Science and Political Theory)
1.2.6 ਸਿੱਟਾ (Conclusion)
1.2.7 ਸਵੈ ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ (Answer to Self Check Exercises)
1.2.8 ਸੁਝਾਈਆਂ ਪੁਸਤਕਾਂ (Suggested Readings)

### 1.2.1 ਪਾਠ ਦੇ ਉਦੇਸ਼ (Objectives of the Lesson):

ਇਸ ਪਾਠ ਵਿੱਚ ਅਸੀਂ ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਦੇ ਅਰਥ, ਪ੍ਰੀਭਾਸ਼ਾ ਅਤੇ ਰਾਜਨੀਤਿਕ ਸਿਧਾਂਤ ਦੀ ਉਤਪਤੀ ਅਤੇ ਇਸ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਨੂੰ ਜਾਣਨ ਤੋਂ ਬਾਅਦ ਮੁੱਖ ਤੌਰ ਤੇ ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਵਿੱਚ ਅੰਤਰ ਬਾਰੇ ਚਰਚਾ ਕਰਾਂਗੇ।

**1.2.2 ਭੂਮਿਕਾ (Introduction):** ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਦੀ ਇੱਕ ਸ਼ਾਖਾ ਹੈ। ਰਾਜਨੀਤਿਕ ਸਿਧਾਂਤ ਦੀ ਹੋਂਦ ਅਤਿਅੰਤ ਜ਼ਰੂਰੀ ਹੈ। ਇਸ ਤੋਂ ਬਿਨ੍ਹਾਂ ਰਾਜਨੀਤਿਕ ਵਿਗਿਆਨ ਇਕ ਅਧੂਰਾ ਵਿਸ਼ਾ ਹੋਵੇਗਾ। ਬਹੁਤ ਸਾਰੇ ਆਧੁਨਿਕ ਰਾਜਨੀਤਿਕ ਵਿਗਿਆਨੀਆਂ ਦੀ ਤਾਂ ਇਹ ਵੀ ਮਾਨਤਾ ਹੈ ਕਿ ਰਾਜਨੀਤਿਕ ਸਿਧਾਂਤ ਬਾਰੇ ਸਪੱਸ਼ਟ ਸਮਝ ਪ੍ਰਾਪਤ ਕੀਤੇ ਬਗੈਰ ਰਾਜਨੀਤੀ ਵਿਗਿਆਨ ਬਾਰੇ ਸਪੱਸ਼ਟ ਤੇ ਵਿਸਤ੍ਰਿਤ ਗਿਆਨ ਪ੍ਰਾਪਤ ਕਰ ਸਕਣਾ ਸੰਭਵ ਨਹੀਂ।

### 1.2.3 ਰਾਜਨੀਤਿਕ ਵਿਗਿਆਨ : ਅਰਥ ਅਤੇ ਪ੍ਰੀਭਾਸ਼ਾ : (Political Science: Meaning and Definition)

*ਅਰਸਤੂ (Aristotle)* ਅਨੁਸਾਰ ਰਾਜਨੀਤੀ (ਰਾਜਨੀਤੀ ਵਿਗਿਆਨ) ਸਾਰੇ ਸਮਾਜਿਕ ਵਿਗਿਆਨਾਂ ਦੀ ਜਨਮ ਦਾਤੀ ਹੈ ਅਤੇ ਮੁੱਖ ਅਧਿਐਨ ਸ਼ਾਖਾ ਹੈ (Politics is the Mother of All Social Sciences, Politics is the Master Science)। ਅਰਸਤੂ ਨੇ ਰਾਜਨੀਤੀ ਅਤੇ ਰਾਜ-ਪ੍ਰਬੰਧ, ਅਰਥਾਤ ਰਾਜਨੀਤੀ ਵਿਗਿਆਨ ਨਾਲ ਸੰਬੰਧਿਤ ਆਪਣੇ ਪ੍ਰਸਿੱਧ ਗ੍ਰੰਥ ਦਾ ਨਾਮ 'ਰਾਜਨੀਤੀ' (Politics) ਰੱਖਿਆ ਸੀ।

ਯੂਨਾਨੀ ਭਾਸ਼ਾ ਵਿੱਚ 'ਪਾਲਿਟਿਕਸ' (Politics) ਦਾ ਅਰਥ ਹੈ ਪੋਲਿਸ (Polis), ਅਰਥਾਤ 'ਨਗਰ ਨਾਲ ਸੰਬੰਧਿਤ ਵਿਸ਼ਾ।' ਪੁਰਾਣੇ ਸਮੇਂ ਵਿੱਚ ਨਗਰ ਇੱਕ ਸੰਪੂਰਣ ਰਾਜ ਤੇ ਸੁਤੰਤਰ ਜਨ-ਸਮੂਹ ਹੁੰਦਾ ਸੀ। ਇਉਂ ਪੁਰਾਣੇ ਸਮੇਂ ਵਿੱਚ ਯੂਨਾਨ ਦੇ ਲੋਕ ਰਾਜਨੀਤੀ ਦਾ ਅਰਥ ਨਗਰ-ਰਾਜ ਦਾ ਵਿਗਿਆਨ, ਅਰਥਾਤ ਰਾਜ ਤੇ ਉਸ ਦੇ ਪ੍ਰਬੰਧ ਦਾ ਵਿਗਿਆਨ ਸਮਝਦੇ ਸਨ। ਰਾਜਨੀਤਿਕ-ਵਿਗਿਆਨ ਰਾਜ ਦੇ ਵੱਖ-ਵੱਖ ਅਤੇ ਭਿੰਨ-ਭਿੰਨ ਸੰਬੰਧਾਂ ਦਾ ਵਿਸਥਾਰ ਸਹਿਤ ਅਧਿਐਨ ਅਤੇ ਖੋਜ ਕਰਦਾ ਹੈ।

ਪ੍ਰਸਿੱਧ ਰਾਜਨੀਤਿਕ ਵਿਗਿਆਨੀ *ਗਾਰਨਰ (Garner)* ਦਾ ਕਥਨ ਹੈ ਕਿ, ''ਰਾਜਨੀਤਿਕ-ਵਿਗਿਆਨ ਰਾਜ ਨਾਲ ਆਰੰਭ ਅਤੇ ਰਾਜ ਨਾਲ ਖਤਮ ਹੁੰਦਾ ਹੈ।''

*ਬਲੰਸ਼ਲੀ (Bluntschli)* ਦੇ ਕਥਨ ਅਨੁਸਾਰ, ''ਰਾਜਨੀਤੀ ਸ਼ਾਸਤਰ ਉਹ ਵਿਗਿਆਨ ਹੈ ਜੋ ਰਾਜ ਨਾਲ ਸੰਬੰਧਿਤ ਹੈ ਅਤੇ ਰਾਜ ਦੇ ਮੌਲਿਕ ਤੱਤਾਂ, ਉਸ ਦੇ ਜਰੂਰੀ ਸਰੂਪ, ਉਸ ਦੇ ਪ੍ਰਗਟਾਵੇ ਤੇ ਵੱਖ-ਵੱਖ ਰੂਪਾਂ ਅਤੇ ਉਸ ਦੇ ਵਿਕਾਸ ਨੂੰ ਸਮਝਣ ਦਾ ਯਤਨ ਕਰਦਾ ਹੈ।''

*ਪਾਲ ਜੈਨੇਟ (Paul Janet)* ਅਨੁਸਾਰ, ''ਰਾਜਨੀਤੀ ਸ਼ਾਸਤਰ ਸਮਾਜਿਕ ਵਿਗਿਆਨ ਦਾ ਉਹ ਭਾਗ ਹੈ ਜੋ ਰਾਜ ਦੇ ਆਧਾਰਾਂ ਅਤੇ ਸਰਕਾਰ ਦੇ ਸਿਧਾਤਾਂ ਦਾ ਅਧਿਐਨ ਕਰਦਾ ਹੈ।''

*ਡੈਵਿਡ ਈਸਟਨ (David Easton)* ਦੇ ਵਿਚਾਰ ਅਨੁਸਾਰ, ''ਰਾਜਨੀਤੀ ਕਦਰਾਂ-ਕੀਮਤਾਂ ਦੀ ਸੱਤਾਵਾਦੀ ਵਿਵਸਥਾ ਹੈ।''

*ਫਰੈਡਰਿਕ ਵੈਟਕਿੰਗਸ* ਦੇ ਵਿਚਾਰ ਅਨੁਸਾਰ, ''ਰਾਜਨੀਤੀ ਵਿਗਿਆਨ ਦਾ ਅਸਲੀ ਖੇਤਰ ਰਾਜ ਜਾਂ ਦੂਜੀਆਂ ਕੁਝ ਵਿਸ਼ੇਸ਼ ਸੰਸਥਾਵਾਂ ਤੇ ਸਮੂਹਾਂ ਦਾ ਅਧਿਐਨ ਕਰਨਾ ਨਹੀਂ ਹੈ, ਸਗੋਂ ਇਸ ਦਾ ਅਸਲੀ ਖੇਤਰ ਸਾਰੀਆਂ ਸਮੁਦਾਵਾਂ ਦਾ ਉਸ ਹੱਦ ਤੱਕ ਨਿਰੀਖਣ ਕਰਨਾ ਹੈ ਜਿਸ ਹੱਦ ਤੱਕ ਉਹ ਸਮੁਦਾਵਾਂ ਸ਼ਕਤੀ ਦੀ ਸਮੱਸਿਆ ਨਾਲ ਸੰਬੰਧਿਤ ਹਨ।''

*ਪੀਟਰ ਐੱਚ ਮਰਕਲ (Peter H. Merkal)* ਦੇ ਕਥਨ ਅਨੁਸਾਰ, ''ਰਾਜਨੀਤੀ ਦਾ ਨਿਚੋੜ ਸਮਾਜ ਵਿੱਚ ਮਨੁੱਖ ਦੀ ਮੌਲਿਕ ਸੁਤੰਤਰਤਾ ਤੋਂ ਹੈ, ਜਿਸ ਦੇ ਆਧਾਰ ਤੇ ਰਾਜਨੀਤਿਕ ਸਾਧਨਾਂ ਦੁਆਰਾ ਉਹ ਆਪਣੀ ਕਿਸਮਤ ਦਾ ਆਪ ਨਿਰਮਾਣ ਕਰ ਸਕਦਾ ਹੈ।''

ਅਖੀਰ ਵਿੱਚ, ਅਸੀਂ ਕਹਿ ਸਕਦੇ ਹਾਂ ਕਿ ਮੌਜੂਦਾ ਸਮੇਂ ਵਿੱਚ ਰਾਜਨੀਤੀ ਵਿਗਿਆਨ ਕੇਵਲ ਰਸਮੀ ਅਧਿਐਨ (ਜਿਵੇਂ ਕਿ ਰਾਜ, ਸਰਕਾਰ ਅਤੇ ਰਾਜ ਦੇ ਅੰਗਾਂ) ਤੱਕ ਹੀ ਸੀਮਤ ਨਹੀਂ, ਬਲਕਿ ਗੈਰ-ਰਸਮੀ ਅਧਿਐਨ (ਜਿਵੇਂ ਕਿ ਗੈਰ-ਰਾਜੀ ਕਰਤਾ ਭਾਵ ਅੰਤਰਰਾਸ਼ਟਰੀ ਸੰਗਠਨ, ਸੰਸਥਾਵਾਂ, ਖੇਤਰੀ ਸੰਗਠਨ, ਨਸਲਵਾਦ, ਬਹੁ-ਸੱਭਿਆਚਾਰਵਾਦ, ਆਤੰਕਵਾਦ, ਵਿਸ਼ਵੀਕਰਨ, ਵਿਸ਼ਵ ਆਰਥਿਕਤਾ ਅਤੇ ਹੋਰ ਸਮਾਜਿਕ-ਆਰਥਿਕ-ਸੱਭਿਆਚਾਰਕ ਦ੍ਰਿਸ਼ਟੀ ਵਾਲੇ ਸੰਕਲਪ ਜਿਵੇਂ ਕਿ ਸ਼ਕਤੀ, ਪ੍ਰਭਾਵ, ਰਾਜਨੀਤਿਕ ਸੱਭਿਆਚਾਰ ਤੇ ਸਮਾਜੀਕਰਨ ਦਾ ਅਧਿਐਨ) ਵੀ ਕਰਦਾ ਹੈ।

### 1.2.4 ਰਾਜਨੀਤਿਕ ਸਿਧਾਂਤ : ਅਰਥ, ਪ੍ਰੀਭਾਸ਼ਾ ਅਤੇ ਵਿਕਾਸ :
**(Political Theory : Meaning, Definition and Development) :**

ਰਾਜਨੀਤਿਕ ਸਿਧਾਂਤ ਰਾਜਨੀਤੀ ਵਿਗਿਆਨ ਨਾਲ ਸੰਬੰਧਿਤ ਤਰਤੀਬਵਾਰ ਗਿਆਨ ਦਾ ਸਮੂਹ ਹੈ। ਰਾਜਨੀਤਿਕ ਸਿਧਾਂਤ ਦੇ ਸ਼ਾਬਦਿਕ ਅਰਥ ਲਈਏ ਤਾਂ 'ਰਾਜਨੀਤਿਕ' ਦਾ ਅਰਥ ਹੈ 'ਜਨਤਾ ਨਾਲ ਸੰਬੰਧਿਤ ਮਾਮਲੇ' ਅਤੇ 'ਸਿਧਾਂਤ' ਦਾ ਅਰਥ ਹੈ 'ਤਰਤੀਬਵਾਰ ਗਿਆਨ'। ਦਰਅਸਲ ਰਾਜਨੀਤਿਕ ਸਿਧਾਂਤ ਉਨ੍ਹਾਂ ਵਿਚਾਰਾਂ ਦਾ ਸਮੂਹ ਹੈ ਜਿਨ੍ਹਾਂ ਦੇ ਆਧਾਰ 'ਤੇ ਰਾਜਨੀਤਿਕ ਤੱਥਾਂ ਜਾਂ ਪੱਖਾਂ ਦੇ ਸਰਵ-ਪੱਖੀ ਸਰੂਪ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਰਾਜਨੀਤਿਕ ਸਿਧਾਂਤ ਵਿੱਚ ਅਜਿਹੇ ਵਿਚਾਰ ਜਾਂ ਧਾਰਨਾਵਾਂ ਸ਼ਾਮਿਲ ਹੁੰਦੀਆਂ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਰਾਜਨੀਤਿਕ ਤੱਥਾਂ ਦੇ ਨੈਤਿਕ, ਦਾਰਸ਼ਨਿਕ ਅਤੇ ਵਿਵਹਾਰਿਕ ਪੱਖਾਂ ਦੀ ਉਚਿੱਤ ਵਿਆਖਿਆ ਕੀਤੀ ਜਾ ਸਕਦੀ ਹੈ। ਰਾਜਨੀਤਿਕ ਸਿਧਾਂਤ ਵਿੱਚ ਅਜਿਹੇ ਅਨੁਮਾਨ ਜਾਂ ਕਲਪਿਤ ਧਾਰਨਾਵਾਂ ਵੀ ਸ਼ਾਮਿਲ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਰਾਜਨੀਤਿਕ ਤੱਥਾਂ ਜਾਂ ਸਮੱਗਰੀ ਸੰਬੰਧੀ ਭਵਿੱਖਬਾਣੀ

ਵੀ ਕੀਤੀ ਜਾ ਸਕਦੀ ਹੈ। ਜਦੋਂ ਰਾਜਨੀਤਿਕ ਸਮੱਗਰੀ , ਰਾਜਨੀਤਿਕ ਵਿਧੀਆਂ ਅਤੇ ਰਾਜਨੀਤਿਕ ਵਿਹਾਰ ਦਾ ਸਰਵਪੱਖੀ ਵਿਸ਼ਲੇਸ਼ਣ ਕਰ ਕੇ ਸਿੱਟੇ ਨਿਸ਼ਚਿਤ ਕੀਤੇ ਜਾਂਦੇ ਹਨ ਤਾਂ ਉਹ ਸਿੱਟੇ ਰਾਜਨੀਤਿਕ ਸਿਧਾਂਤ ਦਾ ਭਾਗ ਬਣਦੇ ਹਨ।

*ਡੈਵਿਡ ਹੈਲਡ (David Held)* ਦੇ ਅਨੁਸਾਰ, ''ਰਾਜਨੀਤਿਕ ਸਿਧਾਂਤ ਰਾਜਨੀਤਿਕ ਜੀਵਨ ਬਾਰੇ ਅਜਿਹੀਆਂ ਧਾਰਨਾਵਾਂ (Concepts) ਅਤੇ ਸਮਾਨੀਕਰਣਾਂ (Generalisations) ਦਾ ਸਮੂਹ ਹੈ ਜਿਨ੍ਹਾਂ ਵਿੱਚ ਸਰਕਾਰ, ਰਾਜ ਅਤੇ ਸਮਾਜ ਦੀ ਰਾਜਨੀਤਿਕ ਸਮਰਥਾ ਦੀ ਪ੍ਰਕ੍ਰਿਤੀ, ਉਦੇਸ਼ ਅਤੇ ਮੁੱਖ ਲੱਛਣਾਂ ਬਾਰੇ ਵਿਚਾਰ, ਮਾਨਤਾਵਾਂ, ਕਥਨ ਜਾਂ ਬਿਆਨ ਆਦਿ, ਸ਼ਾਮਿਲ ਹੁੰਦੇ ਹਨ।

*ਜੇ.ਸੀ. ਪਲੇਨੋ ਅਤੇ ਆਰ.ਈ. ਰਿਗਿਜ਼ (J.C. Plano and R.E. Riggis)* ਦੇ ਕਥਨ ਅਨੁਸਾਰ, ''ਰਾਜਨੀਤਿਕ ਸਿਧਾਂਤ ਤੋਂ ਭਾਵ ਅਜਿਹੇ ਵਿਚਾਰਾਂ ਦੇ ਸਮੂਹ ਤੋਂ ਹੈ ਜੋ ਰਾਜਨੀਤਿਕ ਤੱਥਾਂ ਦੀ ਵਿਆਖਿਆ, ਮੁੱਲਾਂਕਣ ਅਤੇ ਉਨ੍ਹਾਂ ਬਾਰੇ ਭਵਿੱਖਬਾਣੀ ਕਰਦਾ ਹੈ। ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਦਾ ਹੀ ਇੱਕ ਉੱਘਾ ਖੇਤਰ ਹੈ, ਅਤੇ ਇਹ ਰਾਜਨੀਤਿਕ ਕਦਰਾਂ-ਕੀਮਤਾਂ ਅਤੇ ਧਾਰਨਾਵਾਂ ਅਤੇ ਰਾਜਨੀਤਿਕ ਵਿਹਾਰ ਦੀ ਭਵਿੱਖਬਾਣੀ ਨਾਲ ਸੰਬੰਧਿਤ ਹੁੰਦਾ ਹੈ। ਇਸ ਵਿਸ਼ਾਲ ਪੱਖ ਤੋਂ ਰਾਜਨੀਤਿਕ ਸਿਧਾਂਤ ਦੀਆਂ ਦੋ ਸ਼ਾਖਾਵਾਂ ਹੁੰਦੀਆਂ ਹਨ, ਇੱਕ ਨੂੰ ਰਾਜਨੀਤਿਕ ਦਰਸ਼ਨ ਜਾਂ ਆਦਰਸ਼ਕ ਸਿਧਾਂਤ ਕਿਹਾ ਜਾਂਦਾ ਹੈ, ਜਿਸ ਦੇ ਆਦਰਸ਼ਕ, ਵਿਸ਼ਲੇਸ਼ਣਾਤਮਕ, ਇਤਿਹਾਸਿਕ ਅਤੇ ਕਾਲਪਨਿਕ ਪੱਖ ਹੁੰਦੇ ਹਨ। ਰਾਜਨੀਤਿਕ ਸਿਧਾਂਤ ਦੀ ਦੂਜੀ ਸ਼ਾਖ ਵਿਵਿਹਾਰਿਕ ਜਾਂ ਅਨੁਭਵਾਂ ਤੇ ਆਧਾਰਿਤ ਸਿਧਾਂਤ ਹੈ ਜੋ ਕਲਪਿਤ ਮਾਡਲਾਂ ਅਤੇ ਵਿਗਿਆਨਿਕ ਤੌਰ 'ਤੇ ਪਰਖੇ ਤੱਥਾਂ ਦੇ ਆਧਾਰ ਤੇ ਵਿਆਖਿਆ ਕਰਨ, ਭਵਿੱਖਬਾਣੀ ਕਰਨ, ਖੋਜ ਦੀ ਅਗਵਾਈ ਕਰਨ ਅਤੇ ਗਿਆਨ ਨੂੰ ਸੰਗਠਿਤ ਕਰਨ ਦਾ ਯਤਨ ਕਰਦਾ ਹੈ।''

*ਐਂਡਰਿਊ ਹੇਕਰ (Andrew Hacker)* ਨੇ ਰਾਜਨੀਤਿਕ ਸਿਧਾਂਤ ਨੂੰ ''ਚੰਗੇ ਰਾਜ ਅਤੇ ਚੰਗੇ ਸਮਾਜ ਦੀ ਸਥਾਪਨਾ ਲਈ ਲੋੜੀਂਦੇ ਸਿਧਾਂਤਾਂ ਅਤੇ ਰਾਜਨੀਤਿਕ ਅਤੇ ਸਮਾਜਿਕ ਸੱਚਾਈ ਸਮਝਣ ਲਈ ਲੋੜੀਂਦੇ ਗਿਆਨ ਲਈ ਨਿਰਪੱਖ ਢੰਗ ਨਾਲ ਕੀਤੀ ਗਈ ਭਾਲ'' ਵਜੋਂ ਪਰਿਭਾਸ਼ਿਤ ਕੀਤਾ ਹੈ।

ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਰਾਜਨੀਤਿਕ ਸਿਧਾਂਤ ਜੋ ਕਿ ਰਾਜਨੀਤੀ ਵਿਗਿਆਨ ਦੀ ਹੀ ਇਕ ਉਪਸ਼ਾਖਾ ਹੈ, ਇਸ ਨੂੰ ਵਿਵਹਾਰਿਕ ਅਤੇ ਦਾਰਸ਼ਨਿਕ ਦੋਹਾਂ ਪੱਖਾਂ ਤੋਂ ਸਮਝਣ ਦਾ ਯਤਨ ਕਰਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਰਾਜਨੀਤਿਕ ਸਿਧਾਂਤ ਉਨ੍ਹਾਂ ਵਿਚਾਰਾਂ, ਨਮੂਨਿਆਂ ਅਤੇ ਨਿਸ਼ਕਰਸ਼ਾ ਦਾ ਸਮੂਹ ਹੈ ਜਿਨ੍ਹਾਂ ਦੇ ਆਧਾਰ 'ਤੇ ਕਿਸੇ ਰਾਜਨੀਤਿਕ ਘਟਨਾਂ ਜਾਂ ਰਾਜਨੀਤਿਕ ਤੱਥ ਦੀ ਉਚਿੱਤ ਵਿਆਖਿਆ ਕੀਤੀ ਜਾ ਸਕਦੀ ਹੈ ਅਤੇ ਭਿੰਨ-ਭਿੰਨ ਰਾਜਨੀਤਿਕ ਤੱਥਾਂ ਸੰਬੰਧੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ।

**1.2.4.1 ਰਾਜਨੀਤਿਕ ਸਿਧਾਂਤ ਦੀ ਉਤਪੱਤੀ ਅਤੇ ਵਿਕਾਸ (Genesis and Development of Political Theory):** ਲਗਭਗ ਪਿਛਲੇ 2500 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਰਾਜਨੀਤਿਕ ਸਿਧਾਂਤ ਦੇ ਵਿਕਾਸ ਦੀ ਇਕ ਨਿਰੰਤਰ ਪ੍ਰਕ੍ਰਿਆ ਚੱਲਦੀ ਆ ਰਹੀ ਹੈ, ਪਰ ਇਸ ਨੂੰ ਪੜ੍ਹਨ ਤੇ ਸਮਝਣ ਦਾ ਢੰਗ ਸਮੇਂ ਦੇ ਨਾਲ ਬਦਲਦਾ ਆਇਆ ਹੈ। ਰਾਜਨੀਤਿਕ ਸਿਧਾਂਤ ਦੇ ਵਿਕਾਸ ਨੂੰ ਮੁੱਖ ਪੰਜ ਧਾਰਾਵਾਂ ਵਿਚ ਵੰਡ ਸਕਦੇ ਹਾਂ।

- ਪ੍ਰਾਚੀਨ ਰਾਜਨੀਤਿਕ ਸਿਧਾਂਤ (Ancient Political Theory)
- ਮੱਧਕਾਲੀਨ ਰਾਜਨੀਤਿਕ ਸਿਧਾਂਤ (Medieval Political Theory)
- ਪਰੰਪਰਾਗਤ ਰਾਜਨੀਤਿਕ ਸਿਧਾਂਤ (Traditional Political Theory)
- ਆਧੁਨਿਕ ਰਾਜਨੀਤਿਕ ਸਿਧਾਂਤ (Modern Political Theory)
- ਸਮਕਾਲੀ ਰਾਜਨੀਤਿਕ ਸਿਧਾਂਤ (Contemporary Political Theory)

**ਪ੍ਰਾਚੀਨ ਰਾਜਨੀਤਿਕ ਸਿਧਾਂਤ** ਦਾ ਆਰੰਭ ਕਦੋਂ ਹੋਇਆ ਇਸ ਬਾਰੇ ਕੁਝ ਵੀ ਕਹਿਣਾ ਸੰਭਵ ਨਹੀਂ।

ਬਾਰਕਰ ਦੇ ਅਨੁਸਾਰ, ''ਰਾਜਨੀਤਿਕ ਵਿਚਾਰਧਾਰਾ ਦਾ ਆਰੰਭ ਯੂਨਾਨੀਆਂ ਨਾਲ ਹੋਇਆ''। ਪਰ ਇਸ ਵਿਚਾਰ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਨਹੀਂ ਹੋ ਸਕਦੇ ਕਿਉਂਕਿ ਭਾਰਤ ਵਿੱਚ ਰਾਜਨੀਤਿਕ ਚਿੰਤਨ ਦਾ ਇਤਿਹਾਸ ਵੈਦਿਕ ਸਮੇਂ ਤੋਂ ਮਿਲਦਾ ਹੈ ਜੋ ਕਿ ਲਗਭਗ 15000 ਸਾਲ ਪੁਰਾਣਾ ਹੈ। ਹੋ ਸਕਦਾ ਹੈ ਕਿ ਸਭਿਆਤਾਵਾਂ ਦੇ ਰਾਜਨੀਤਿਕ ਚਿੰਤਨ ਬਾਰੇ ਆਪਣੇ-ਆਪਣੇ ਵਿਚਾਰ ਹੋਣ, ਪਰ ਕਿਉਂਕਿ ਇਹਨਾਂ ਬਾਰੇ ਕੋਈ ਗ੍ਰੰਥ ਜਾਂ ਪੁਸਤਕ ਮੌਜੂਦ ਨਹੀਂ, ਇਸ ਲਈ ਪੱਛਮੀ ਵਿਦਵਾਨ ਯੂਨਾਨੀਆਂ ਨੂੰ ਹੀ ਰਾਜਨੀਤਿਕ ਸਿਧਾਂਤ ਦਾ ਆਰੰਭ ਦੇ ਤੌਰ 'ਤੇ ਸਵੀਕਾਰ ਕਰਦੇ ਹਨ। *ਪਲੈਟੋ ਅਤੇ ਅਰਸਤੂ* ਇਸ ਪ੍ਰਾਚੀਨ ਰਾਜਨੀਤਿਕ ਸਿਧਾਂਤ ਦੇ ਇਸ ਕਾਲ ਦੇ ਦੋ ਮਹਾਨ ਦਾਰਸ਼ਨਿਕ ਹੋਏ ਹਨ। *ਰੋਮਨ ਰਾਜਨੀਤਿਕ ਸਿਧਾਂਤ* (ਸਿਸਰੋ ਅਤੇ ਸੇਂਟ ਥਾਮਸ ਐਕਨੀਵਾਸ) ਨੂੰ ਵੱਖਰੇ ਤੌਰ ਤੇ **ਮੱਧਕਾਲੀਨ ਰਾਜਨੀਤਿਕ ਸਿਧਾਂਤ** ਦੇ ਤੌਰ ਤੇ ਪ੍ਰਸਤੁਤ ਕੀਤਾ ਜਾਂਦਾ ਹੈ। **ਪਰੰਪਰਾਵਾਦੀ ਰਾਜਨੀਤਿਕ ਸਿਧਾਂਤ** ਉਸ ਕਾਲ ਨੂੰ ਕਹਿੰਦੇ ਹਨ, ਜਿਸ ਵਿੱਚ ਪੁਰਾਤਨ ਕਾਲ ਤੋਂ ਵੱਖਰੇ ਅਤੇ ਨਵੇਂ ਰੁਝਾਨ ਦੇਖਣ ਵਿਚ ਆਏ। ਇਹ ਦੌਰ 15ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਦੇ ਅੰਤ ਤੱਕ ਦਾ ਕਿਹਾ ਜਾ ਸਕਦਾ ਹੈ ਅਤੇ ਇਹ *ਮੈਕਾਇਵਲੀ (Mechiavelli)* ਦੀਆਂ ਰਚਨਾਵਾਂ ਨਾਲ ਆਰੰਭ ਹੁੰਦਾ ਹੈ ਜੋ 1469 ਵਿੱਚ ਇਟਲੀ ਵਿੱਚ ਪੈਦਾ ਹੋਇਆ। ਉਸ ਦੇ ਵਿਚਾਰ ਪ੍ਰਾਚੀਨ ਕਾਲ ਦੇ ਵਿਚਾਰਕਾਂ ਨਾਲੋਂ ਕਾਫੀ ਭਿੰਨ ਸਨ, ਇਸ ਲਈ ਉਸਨੂੰ ਪਹਿਲਾਂ ਆਧੁਨਿਕ ਵਿਚਾਰਕ ਮੰਨਿਆ ਗਿਆ ਹੈ, ਪਰ 20ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਜਦੋਂ ਰਾਜਨੀਤਿਕ ਸਿਧਾਂਤ ਵਿੱਚ ਅਨੁਭਵਵਾਦੀ ਅਤੇ ਵਿਵਹਾਰਵਾਦੀ ਰੁਝਾਨ ਪ੍ਰਤੀ ਝੁਕਾ ਸ਼ੁਰੂ ਹੋਇਆ ਤਾਂ 20ਵੀਂ ਸਦੀ ਤੋਂ ਪਹਿਲਾਂ ਦੇ ਰਾਜਨੀਤਿਕ ਸਿਧਾਂਤ ਨੂੰ ਪ੍ਰੰਪਰਾਵਾਦੀ ਅਤੇ 20ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਬਾਅਦ ਦੇ ਸਿਧਾਂਤ ਨੂੰ **ਆਧੁਨਿਕ ਰਾਜਨੀਤਿਕ ਸਿਧਾਂਤ** ਮੰਨਿਆ ਜਾਣ ਲੱਗ ਪਿਆ। 19ਵੀਂ ਸਦੀ ਦੇ ਪੱਛਮੀ ਜਗਤ ਵਿੱਚ ਪ੍ਰੰਪਰਾਵਾਦੀ ਸਿਧਾਂਤ ਨੂੰ ਬਦਲਦੇ ਸਮੇਂ ਵਿਚੋਂ ਉਠ ਰਹੇ ਅਨੇਕਾਂ ਪ੍ਰਸ਼ਨਾਂ ਦੇ ਉੱਤਰ ਦੇਣ ਵਿੱਚ ਅਸਮਰਥ ਪਾਇਆ ਗਿਆ। ਸੋ ਨਤੀਜੇ ਵਜੋਂ ਸਾਕਾਰਾਤਮਕ, ਅਨੁਭਵਵਾਦੀ ਵਿਵਹਾਰਵਾਦੀ ਅਤੇ ਉੱਤਰ ਵਿਵਹਾਰਵਾਦੀ ਝੁਕਾ ਸਾਹਮਣੇ ਆਏ ਜਿਨ੍ਹਾਂ ਆਪਣੇ ਤੋਂ ਪਹਿਲਾਂ ਦੇ ਪ੍ਰੰਪਰਾਵਾਦੀ ਦੌਰ ਨੂੰ 'ਧੁੰਦਲਾ ਅਤੇ ਅਸੰਗਤ' ਕਿਹਾ ਅਤੇ ਇਤਿਹਾਸਿਕ; ਕਦਰਾਂ ਕੀਮਤਾਂ ਤੇ ਆਧਾਰਿਤ ਮੁਲਾਂਕਣਵਾਦੀ ਪ੍ਰੰਪਰਾਵਾਦੀ ਪਹੁੰਚ ਦੀ ਥਾਂ ਇੱਕ ਨਵੀਂ ਪਹੁੰਚ ਦਿੱਤੀ ਜਿਸ ਅਧੀਨ ਵਿਗਿਆਨਿਕ, ਅਨੁਭਵਵਾਦੀ ਅਤੇ ਵਿਵਹਾਰਵਾਦੀ ਅਧਿਐਨ ਤੇ ਜ਼ੋਰ ਦਿੱਤਾ ਗਿਆ। ਇਸ ਪਹੁੰਚ ਦਾ ਵੀ ਲੰਬਾ ਇਤਿਹਾਸ ਹੈ ਪਰ ਇਸ ਵੱਲ ਮਹੱਤਵਪੂਰਨ ਯੋਗਦਾਨ ਅਮਰੀਕਨ ਯੂਰਪੀਨ ਸਮਾਜ ਵਿਗਿਆਨੀਆਂ ਦਾ ਹੈ। ਇਸ ਨਵੀਂ ਪ੍ਰੰਪਰਾ ਦੇ ਸਮਰਥਕਾਂ ਨੇ, ਜਿਨ੍ਹਾਂ ਵਿੱਚ *ਬੈਟਲੇ , ਗ੍ਰਾਹਮ ਵਾਲਸ ਤੋਂ ਲੈ ਕੇ ਡੈਵਿਡ ਈਸਟਨ, ਡਾਹਲ, ਲਾਸਵੈਲ, ਡੈਵਿਡ ਐਪਟਰ, ਸਟੂਅਰਟ ਰਾਈਸ, ਮੈਕਸ ਵੈਬਰ ਅਤੇ ਮੈਰੀਅਮ* ਤੱਕ ਅਨੇਕਾਂ ਵਿਦਵਾਨ ਸ਼ਾਮਿਲ ਹਨ। ਇਨ੍ਹਾਂ ਵਿਦਵਾਨਾਂ ਨੇ ਦਾਅਵਾ ਕੀਤਾ ਕਿ ਰਾਜਨੀਤੀ ਦੀਆਂ ਗੁੰਝਲਾਂ ਤੇ ਬਾਰੀਕੀਆਂ ਨੂੰ ਸਮਝਣ ਲਈ ਇਹ ਆਧੁਨਿਕ ਪਹੁੰਚ ਵਧੇਰੇ ਯੋਗ ਸੀ।

1960 ਦੇ ਦਹਾਕੇ ਤੋਂ ਬਾਅਦ ਸਮਾਜ ਵਿੱਚ ਮੌਜੂਦ ਰਾਜਨੀਤਿਕ ਤੇ ਸਮਾਜਿਕ ਮਸਲਿਆਂ ਦਾ ਹੱਲ ਲੱਭਣ ਵਿੱਚ ਅਸਫਲ ਹੋਣ ਕਾਰਣ ਅਨੁਭਵਵਾਦੀ ਵਿਗਿਆਨਿਕ ਰਾਜਨੀਤਿਕ ਸਿਧਾਂਤ ਦੀ ਵੀ ਆਲੋਚਨਾ ਹੋਣ ਲੱਗ ਪਈ। ਉਹੀ *ਡੇਵਿਡ ਈਸਟਨ* ਜਿਸਨੇ ਵਿਵਹਾਰਵਾਦੀ ਰਾਜਨੀਤਿਕ ਸਿਧਾਂਤ ਦਾ ਪੁਰਜ਼ੋਰ ਸਮਰਥਨ ਕੀਤਾ ਸੀ, ਹੁਣ ਇਸ ਦੇ ਮੁੱਖ ਆਲੋਚਕ ਵਜੋਂ ਅੱਗੇ ਆਇਆ ਅਤੇ ਉਸਨੇ ਰਾਜਨੀਤਿਕ ਸਿਧਾਂਤਕਾਰਾਂ ਨੂੰ ਵਿਗਿਆਨਕ ਢੰਗਾਂ ਅਤੇ ਤਕਨੀਕ ਤੇ ਘੱਟ ਅਤੇ ਰਾਜਨੀਤਿਕ ਸਿਧਾਂਤ ਦੀ ਲੋਕਾਂ ਪ੍ਰਤੀ ਜਿੰਮੇਵਾਰੀ ਉਤੇ ਜ਼ਿਆਦਾ ਜ਼ੋਰ ਦੇਣ ਲਈ ਕਿਹਾ। ਇਸ ਨਵੇਂ ਦੌਰ ਨੂੰ *ਉੱਤਰ ਵਿਵਹਾਰਵਾਦ (Post Behaviouralism)* ਕਹਿੰਦੇ ਹਨ ਭਾਵ ਉਹ ਦੌਰ ਜਦੋਂ ਵਿਵਹਾਰਵਾਦ ਨੂੰ ਸੁਧਾਰਨ ਦਾ ਯਤਨ ਕੀਤਾ ਗਿਆ। 1970 ਦੇ ਦਹਾਕੇ ਵਿੱਚ ਰਾਜਨੀਤਿਕ ਸਿਧਾਂਤ ਬਾਰੇ ਹੋਏ ਵਾਦ-ਵਿਵਾਦ ਵਿੱਚ ਇਹ ਬੇਝਿਜਕ ਮੰਨ ਲਿਆ ਗਿਆ ਕਿ ਹਰ ਇਕ ਰਾਜਨੀਤਿਕ ਢਾਂਚੇ ਵਿੱਚ ਕੁੱਝ ਅਜਿਹੇ ਭਾਗ ਜਾਂ ਪੱਖ ਹੁੰਦੇ ਹਨ, ਜਿਨ੍ਹਾਂ ਦਾ ਸੰਬੰਧ ਮਨੁੱਖੀ ਕਦਰਾਂ-ਕੀਮਤਾਂ ਤੇ ਉਦੇਸ਼ਾਂ ਨਾਲ ਹੁੰਦਾ ਹੈ। ਉੱਤਰ ਵਿਵਹਾਰਵਾਦੀ ਦੌਰ ਅਧੀਨ ਇਕ ਵਾਰੀ ਫਿਰ ਸੁਤੰਤਰਤਾ, ਸਮਾਨਤਾ ਤੇ ਨਿਆਂ ਆਦਿ ਜਿਹੇ ਮਹੱਤਵਪੂਰਨ ਵਿਸ਼ਿਆਂ ਤੇ ਚਰਚਾ ਸ਼ੁਰੂ ਹੋਈ, ਜਿਸ ਨੇ ਇਹ ਸਪੱਸ਼ਟ ਕੀਤਾ ਕਿ ਕਦਰਾਂ-

ਕੀਮਤਾਂ ਤੇ ਆਦਰਸ਼ਾਂ ਨਾਲ ਸੰਬੰਧਿਤ ਰਾਜਨੀਤਿਕ ਸਿਧਾਂਤ ਦਾ ਪੁਨਰ ਜਨਮ ਹੋਇਆ ਹੈ। ਇਸ ਪੁਨਰ ਜਨਮ ਨੂੰ **ਸਮਕਾਲੀ ਰਾਜਨੀਤਿਕ ਸਿਧਾਂਤ** ਕਹਿੰਦੇ ਹਨ। *ਜਾਹਨ ਰਾਲਜ਼ (John Rawls), ਰਾਬਰਟ ਨੌਜ਼ਕ (Robert Nozic)* ਆਦਿ ਇਸ ਦੇ ਮੁੱਖ ਵਿਚਾਰਕ ਹਨ।

ਉਪਕਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਰਾਜਨੀਤਿਕ ਸਿਧਾਂਤ ਇਕ ਨਿਰੰਤਰ ਚਲਦੀ ਰਹਿਣ ਵਾਲੀ ਪ੍ਰਕ੍ਰਿਆ ਹੈ। ਰਾਜਨੀਤਿਕ ਸਿਧਾਂਤਕਾਰਾਂ ਦਾ ਕੰਮ ਆਪਣੇ ਗਿਆਨ ਨੂੰ ਮਨੁੱਖਤਾ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਵਰਤਣਾ ਹੈ ਤੇ ਇਹ ਜਾਨਣ ਦਾ ਯਤਨ ਕਰਨਾ ਹੈ ਕਿ ਇਕ ਗਿਆਨ ਸਮਾਜ ਵਿੱਚ ਸੁਤੰਤਰਤਾ, ਸਮਾਨਤਾ ਤੇ ਨਿਆਂ ਤੇ ਭਰਾਤਰੀਭਾਵ ਪੈਦਾ ਕਰਨ ਵਿੱਚ ਅਤੇ ਚੰਗੇ ਜੀਵਨ ਦਾ ਮਾਹੌਲ ਪੈਦਾ ਕਰਨ ਵਿੱਚ ਅਤੇ ਚੰਗੇ ਜੀਵਨ ਦਾ ਮਾਹੌਲ ਪੈਦਾ ਕਰਨ ਵਿੱਚ ਕਿਵੇਂ ਸਹਾਈ ਹੋ ਸਕਦਾ ਹੈ।

**ਸਵੈ ਅਭਿਆਸ ਲਈ ਪ੍ਰਸ਼ਨ (1)**

(i) ਰਾਜਨੀਤਿਕ ਵਿਗਿਆਨ ਦਾ ਪਿਤਾਮਾ ਕਿਸਨੂੰ ਕਿਹਾ ਜਾਂਦਾ ਹੈ?

(ii) ਰਾਜਨੀਤਿਕ ਵਿਗਿਆਨ ਦੀ ਪ੍ਰੀਭਾਸ਼ਾ ਦਿਉ।

(iii) ਰਾਜਨੀਤਿਕ ਸਿਧਾਂਤ ਦੇ ਵਿਕਾਸ ਨੂੰ ਕਿੰਨੀਆਂ ਧਾਰਾਵਾਂ ਵਿੱਚ ਵੰਡਿਆ ਗਿਆ ਹੈ।

## 1.2.5 ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਵਿੱਚ ਅੰਤਰ (Distinction between Political Science and Political Theory) :

**ਆਮ ਤੌਰ 'ਤੇ ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਕੀਤਾ ਜਾਂਦਾ। ਸਗੋਂ ਇਹਨਾਂ ਦੋਨਾਂ ਸ਼ਬਦਾਂ ਨੂੰ ਇੱਕ ਦੂਜੇ ਦੀ ਥਾਂ ਤੇ ਵਰਤਿਆ ਜਾਂਦਾ ਹੈ। ਪਰ ਅਸਲ ਵਿੱਚ ਇਹ ਦੋਨੇ ਵਿਸ਼ੇ ਬਿਲਕੁਲ ਇੱਕੋ ਜਿਹੇ ਨਹੀ ਹਨ, ਸਗੋਂ ਇਹਨਾਂ ਵਿੱਚ ਕਾਫੀ ਮਹੱਤਵਪੂਰਨ ਅੰਤਰ ਹਨ।**

ਰਾਜਨੀਤਿਕ ਵਿਗਿਆਨ ਤੇ ਰਾਜਨੀਤਿਕ ਸਿਧਾਂਤ ਵਿੱਚ ਕੁਝ ਮਹੱਤਵਪੂਰਨ ਅੰਤਰ ਇਸ ਪ੍ਰਕਾਰ ਹਨः–

**1.2.5.1 ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਦਾ ਇੱਕ ਅੰਗ ਹੈ :** ਰਾਜਨੀਤਿਕ ਵਿਗਿਆਨ, ਰਾਜਨੀਤਿਕ ਸਿਧਾਂਤ ਨਾਲੋਂ ਬਹੁਤ ਜ਼ਿਆਦਾ ਵਿਸ਼ਾਲ ਹੈ ਅਤੇ ਇਸ ਵਿੱਚ ਰਾਜਨੀਤਿਕ ਅਧਿਐਨ ਦੇ ਅਨੇਕਾਂ ਪੱਖ ਜਿਵੇਂ ਕਿ ਰਾਜਨੀਤਿਕ ਸਿਧਾਂਤ, ਰਾਜਨੀਤਿਕ ਚਿੰਤਨ, ਰਾਜਨੀਤਿਕ ਵਿਚਾਰਧਾਰਾ, ਰਾਜਨੀਤਿਕ ਦਰਸ਼ਨ, ਰਾਜਨੀਤਿਕ ਸੰਸਥਾਵਾਂ, ਤੁਲਨਾਤਮਕ ਰਾਜਨੀਤੀ, ਲੋਕ ਪ੍ਰਸ਼ਾਸ਼ਨ, ਅੰਤਰਰਾਸ਼ਟਰੀ ਕਾਨੂੰਨ ਅਤੇ ਸੰਸਥਾਵਾਂ ਆਦਿ ਸਭ ਸ਼ਾਮਿਲ ਹੁੰਦੀਆਂ ਹਨ। ਜਦੋਂਕਿ ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਦਾ ਹੀ ਇੱਕ ਭਾਗ ਹੈ।

**1.2.5.2 ਰਾਜਨੀਤਿਕ ਵਿਗਿਆਨ 'ਸੁਤੰਤਰ ਅਨੁਸ਼ਾਸ਼ਨ' ਜਦੋਂ ਕਿ ਰਾਜਨੀਤਿਕ ਸਿਧਾਂਤ 'ਅਧੀਨ' ਮੰਨਿਆ ਜਾਂਦਾ ਹੈ :** ਰਾਜਨੀਤਿਕ ਸਿਧਾਂਤ, ਰਾਜਨੀਤਿਕ ਦਰਸ਼ਨ, ਰਾਜਨੀਤਿਕ ਚਿੰਤਨ ਅਤੇ ਰਾਜਨੀਤਿਕ ਸੰਸਥਾਵਾਂ ਆਦਿ ਸਾਰੀਆਂ ਹੀ ਰਾਜਨੀਤਿਕ ਵਿਗਿਆਨ ਦੀਆਂ ਸ਼ਾਖਾਵਾਂ ਮੰਨੀਆਂ ਜਾਂਦੀਆਂ ਹਨ ਅਤੇ ਇਹ ਸਭ ਰਾਜਨੀਤਿਕ ਇਤਿਹਾਸ ਦੇ ਅਧੀਨ ਆਉਂਦੀਆਂ ਹਨ ਜਦੋਂ ਕਿ ਰਾਜਨੀਤਿਕ ਵਿਗਿਆਨ ਇੱਕ ਆਪਣੇ ਆਪ ਵਿੱਚ ਸੁਤੰਤਰ ਵਿਸ਼ਾ ਹੈ।

**1.2.5.3 ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਦੀਆਂ ਅਧਿਐਨ ਪੱਧਤੀਆਂ ਵਿੱਚ ਅੰਤਰ :** ਜਦੋਂ 'ਸਿਧਾਂਤ' ਨਾਲੋਂ ਵੱਖ ਕਰਕੇ ਅਤੇ ਵਿਗਿਆਨ ਸ਼ਬਦ ਉੱਤੇ ਵਧੇਰੇ ਜ਼ੋਰ ਦੇ ਕੇ 'ਰਾਜਨੀਤੀ ਵਿਗਿਆਨ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉਸ ਵੇਲੇ ਇਸ ਦਾ ਭਾਵ 'ਵਿਗਿਆਨਿਕ ਢੰਗਾਂ ਦੀ ਵਰਤੋਂ ਕਰਕੇ ਰਾਜਨੀਤੀ ਨੂੰ ਸਮਝਣ ਦਾ ਯਤਨ' ਹੁੰਦਾ ਹੈ ਅਤੇ ਇਹ ਢੰਗ ਰਾਜਨੀਤਿਕ ਸਿਧਾਂਤ ਦੇ ਢੰਗ ਤੋਂ ਅਲੱਗ ਹੈ ਜਿਸ ਵਿੱਚ ਅੰਤਰ ਦ੍ਰਿਸ਼ਟੀ ਦੀ ਵਰਤੋਂ ਕੀਤੀ ਜਾਂਦੀ ਹੈ। ਰਾਜਨੀਤਿਕ ਸਿਧਾਂਤ ਵਿਚੋਂ ਜਦੋਂ ਰਾਜਨੀਤਿਕ ਦਰਸ਼ਨ ਨੂੰ ਕੱਢ ਦਿੱਤਾ ਜਾਵੇ ਤਾਂ ਇਹ ਰਾਜਨੀਤਿਕ ਵਿਗਿਆਨ ਹੈ।

**1.2.5.4 ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਦਾ 'ਕਿਉਂ' ਜਾਂ 'ਕੀ' ਵਾਲਾ ਵਿਭਾਗ ਹੈ :** ਰਾਜਨੀਤਿਕ ਸਿਧਾਂਤਕਾਰ ਕਿਸੇ ਰਾਜਨੀਤਿਕ ਪ੍ਰਣਾਲੀ, ਘਟਨਾ, ਵਿਧੀ ਜਾਂ ਸੰਸਥਾ ਦੀ ਕਾਰਜਪ੍ਰਣਾਲੀ ਸੰਬੰਧੀ ਸਿਧਾਂਤ ਨਿਸ਼ਚਿਤ ਕਰਨ ਲਈ ਹਰ ਪ੍ਰਕਾਰ ਦੀ ਸੰਬੰਧਿਤ ਸਮੱਗਰੀ ਦਾ ਨਿਰੀਖਣ ਕਰਦਾ ਹੈ ਅਤੇ ਆਪਣੇ ਨਿਰੀਖਣ ਦੇ ਆਧਾਰ 'ਤੇ ਕੁਝ ਸਿੱਟੇ ਕੱਢਦਾ ਹੈ। ਰਾਜਨੀਤਿਕ ਸਿਧਾਂਤਕਾਰ ਕੇਵਲ ਭੂਤਕਾਲ ਦਾ ਹੀ ਅਧਿਐਨ ਨਹੀਂ ਕਰਦਾ, ਸਗੋਂ ਉਹ ਵਰਤਮਾਨ ਸਮੇਂ ਪ੍ਰਚਲਿਤ ਤੱਥਾਂ ਸੰਬੰਧੀ ਭਿੰਨ-ਭਿੰਨ ਪ੍ਰਕਾਰ ਦੀ ਸਮੱਗਰੀ ਇੱਕਤਰ ਕਰਦਾ ਹੈ ਅਤੇ ਵਿਗਿਆਨਕ ਵਿਧੀ ਦੀ ਵਰਤੋਂ ਦੁਆਰਾ ਇਕ ਇੱਕਤਰ ਕੀਤੀ ਸਮੱਗਰੀ ਦੇ ਆਧਾਰ 'ਤੇ ਕੁਝ ਸਿਧਾਂਤ ਨਿਸ਼ਚਿਤ ਕਰਦਾ ਹੈ। ਜਦੋਂ ਉਹ ਅਜਿਹਾ ਕਰਦਾ ਹੈ ਤਾਂ ਉਹ ਨਿਰੀਖਣ ਅਧੀਨ ਰਾਜਨੀਤਿਕ ਸਮੱਗਰੀ ''ਇਹ ਕਿਉਂ ਹੈ ਜਾਂ ਇਹ ਕੀ ਹੈ?'' ਦੇ ਪ੍ਰਸ਼ਨ ਦਾ ਉੱਤਰ ਤਲਾਸ਼ ਕਰ ਰਿਹਾ ਹੁੰਦਾ ਹੈ। ਉਸਦੇ ਅਜਿਹੇ ਉੱਤਰ ਰਾਜਨੀਤਿਕ ਸਿਧਾਂਤ ਦਾ ਰੂਪ ਧਾਰਨ ਕਰਦੇ ਹਨ। ਇਸ ਕਾਰਨ ਰਾਜਨੀਤਿਕ ਸਿਧਾਂਤ ਨੂੰ ਰਾਜਨੀਤਿਕ ਵਿਗਿਆਨ ਦੇ ''ਇਹ ਕਿਉਂ ਹੈ ਜਾਂ ਇਹ ਕੀ ਹੈ?'' ਵਾਲਾ ਵਿਭਾਗ ਕਿਹਾ ਜਾਂਦਾ ਹੈ।

**1.2.5.5 ਰਾਜਨੀਤਿਕ ਸਿਧਾਂਤ ਰਾਜਨੀਤਿਕ ਸਮੱਗਰੀ ਦਾ ਮੁੱਲਾਂਕਣ ਕਰਦਾ ਹੈ, ਜਦੋਂ ਕਿ ਰਾਜਨੀਤਿਕ ਵਿਗਿਆਨ ਨਹੀ :** ਰਾਜਨੀਤਿਕ ਸਮੱਗਰੀ ਦਾ ਮੁਲਾਂਕਣ ਰਾਜਨੀਤਿਕ ਵਿਗਿਆਨ ਦੇ ਖੇਤਰ ਵਿੱਚ ਨਹੀਂ, ਸਗੋਂ ਰਾਜਨੀਤਿਕ ਸਿਧਾਂਤ ਦੇ ਖੇਤਰ ਵਿਚ ਆਉਂਦਾ ਹੈ। ਰਾਜਨੀਤਿਕ ਸਿਧਾਂਤਕਾਰ ਲਈ ਅਜਿਹਾ ਮੁਲਾਂਕਣ ਕਰਨਾ ਜ਼ਰੂਰੀ ਹੈ ਕਿਉਂਕਿ ਇਸ ਤੋਂ ਬਿਨ੍ਹਾਂ ਉਹ ਸਿਧਾਂਤ-ਨਿਰਮਾਣ ਦਾ ਕਾਰਜ ਨਹੀਂ ਕਰ ਸਕਦਾ ਹੈ। ਰਾਜਨੀਤਿਕ ਸਮੱਗਰੀ ਦਾ ਅਧਿਐਨ ਰਾਜਨੀਤਿਕ ਸਿਧਾਂਤ ਦੇ ਵਿਸ਼ੇ ਲਈ ਜ਼ਰੂਰੀ ਹੈ। ਪਰ ਅਜਿਹਾ ਅਧਿਐਨ ਕੇਵਲ ਅਧਿਐਨ ਦੇ ਮੰਤਵ ਨਾਲ ਨਹੀਂ ਕੀਤਾ ਜਾਂਦਾ ਹੈ। ਅਜਿਹੇ ਅਧਿਐਨ ਦਾ ਕੁਝ ਵਿਸ਼ੇਸ਼ ਉਦੇਸ਼ ਜ਼ਰੂਰ ਹੁੰਦਾ ਹੈ। ਰਾਜਨੀਤਿਕ ਵਿਚਾਰਕ ਉਸ ਰਾਜਨੀਤਿਕ ਸਮੱਗਰੀ ਦੀ ਵਿਆਖਿਆ ਕਰਦੇ ਹਨ, ਜਿਸਦਾ ਉਨ੍ਹਾਂ ਨੇ ਖੋਜਪੂਰਨ ਅਧਿਐਨ ਕੀਤਾ ਹੁੰਦਾ ਹੈ। ਵਿਆਖਿਆ ਦੇ ਨਾਲ-ਨਾਲ ਉਸ ਰਾਜਨੀਤਿਕ ਸਮੱਗਰੀ ਦਾ ਮੁਲਾਂਕਣ ਵੀ ਕੀਤਾ ਜਾਂਦਾ ਹੈ। ਜੇਕਰ ਅਜਿਹਾ ਮੁਲਾਂਕਣ ਨਾ ਕੀਤਾ ਜਾਵੇ ਤਾਂ ਰਾਜਨੀਤਿਕ ਸਿਧਾਂਤ ਦਾ ਅਧਿਐਨ ਖੇਤਰ ਅਧੂਰਾ ਰਹਿ ਜਾਂਦਾ ਹੈ।

**1.2.5.6 ਰਾਜਨੀਤਿਕ ਵਿਗਿਆਨ ਰਾਜਨੀਤਿਕ ਸਿਧਾਂਤ ਨੂੰ ਵਿਸ਼ਲੇਸ਼ਣ ਲਈ ਸਮੱਗਰੀ ਦਿੰਦਾ ਹੈ, ਜਦੋਂਕਿ ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਨੂੰ ਵਿਗਿਆਨਤਾ ਪ੍ਰਦਾਨ ਕਰਦਾ ਹੈ :** ਰਾਜਨੀਤੀ ਨਾਲ ਸੰਬੰਧਿਤ ਹਰ ਤਰ੍ਹਾਂ ਦੇ ਤੱਥਾਂ ਜਾਂ ਰਾਜਨੀਤਿਕ ਸਮੱਗਰੀ ਰਾਜਨੀਤਿਕ ਵਿਗਿਆਨ ਨਾਲ ਸੰਬੰਧਿਤ ਹੁੰਦੇ ਹਨ। ਰਾਜਨੀਤਿਕ ਸਿਧਾਂਤ ਨੂੰ ਵਿਸ਼ਲੇਸ਼ਣ ਕਰਨ ਲਈ ਰਾਜਨੀਤਿਕ ਸਮੱਗਰੀ ਦੀ ਲੋੜ ਹੁੰਦੀ ਹੈ। ਰਾਜਨੀਤਿਕ ਸਿਧਾਂਤ ਨੂੰ ਇਹ ਸਮੱਗਰੀ ਰਾਜਨੀਤਿਕ ਵਿਗਿਆਨ ਪ੍ਰਦਾਨ ਕਰਦਾ ਹੈ। ਉਸ ਸਮੱਗਰੀ ਦਾ ਵਿਸ਼ਲੇਸ਼ਣ ਕਰਕੇ ਜੋ ਸਿਧਾਂਤ ਨਿਸ਼ਚਿਤ ਕੀਤੇ ਜਾਂਦੇ ਹਨ, ਉਹ ਸਿਧਾਂਤ ਰਾਜਨੀਤਿਕ ਵਿਗਿਆਨ ਨੂੰ ਰਾਜਨੀਤਿਕ ਸਿਧਾਂਤ ਦੇ ਵਿਸ਼ੇ ਦੀ ਦੇਣ ਹੁੰਦੀ ਹੈ। ਅਜਿਹੇ ਸਿਧਾਂਤ ਹੀ ਰਾਜਨੀਤਿਕ ਵਿਗਿਆਨ ਨੂੰ ਵਿਗਿਆਨ ਸਰੂਪ ਜਾਂ ਵਿਗਿਆਨਤਾ ਪ੍ਰਦਾਨ ਕਰਦੇ ਹਨ। ਰਾਜਨੀਤਿਕ ਖੇਤਰ ਵਿੱਚ ਅਨੇਕਾਂ ਪ੍ਰਕਾਰ ਦੀਆਂ ਘਟਨਾਵਾਂ ਵਾਪਰਦੀਆਂ ਹਨ। ਰਾਜਨੀਤਿਕ ਸਿਧਾਂਤ ਦਾ ਉਦੇਸ਼ ਉਹਨਾਂ ਘਟਨਾਵਾਂ ਨੂੰ ਕੇਵਲ ਵਰਣਨ ਕਰਨ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਉਨ੍ਹਾਂ ਘਟਨਾਵਾਂ ਦਾ ਵਿਗਿਆਨਿਕ ਵਿਸ਼ਲੇਸ਼ਣ ਕਰਕੇ ਉਨ੍ਹਾਂ ਘਟਨਾਵਾਂ ਸੰਬੰਧੀ ਭਰੋਸੇਯੋਗ ਸਿਧਾਂਤ ਨਿਸ਼ਚਿਤ ਕਰਨਾ ਹੁੰਦਾ ਹੈ।

**1.2.5.7 ਰਾਜਨੀਤਿਕ ਵਿਗਿਆਨ ਦਾ ਕਾਰਜ ਖੇਤਰ ਰਾਜਨੀਤਿਕ ਸਿਧਾਂਤ ਦੇ ਮੁਕਾਬਲੇ ਬਹੁਤ ਵਿਸ਼ਾਲ ਹੈ :** ਰਾਜਨੀਤਿਕ ਸਿਧਾਂਤ ਦਾ ਖੇਤਰ ਰਾਜਨੀਤਿਕ ਵਿਗਿਆਨ ਦੇ ਕਾਰਜ ਖੇਤਰ ਵਿੱਚ ਸ਼ਾਮਿਲ ਹੈ, ਪਰ ਰਾਜਨੀਤਿਕ ਵਿਗਿਆਨ ਦਾ ਸਮੁੱਚਾ ਖੇਤਰ ਉਸ ਹੱਦ ਤੱਕ ਹੀ ਰਾਜਨੀਤਿਕ ਸਿਧਾਂਤ ਦੇ ਘੇਰੇ ਵਿੱਚ ਆਉਂਦਾ ਹੈ, ਜਿਸ ਹੱਦ ਤੱਕ ਕੋਈ ਰਾਜਨੀਤਿਕ ਸਿਧਾਂਤਕਾਰ ਰਾਜਨੀਤਿਕ ਵਿਗਿਆਨ ਦੇ ਸੰਬੰਧਿਤ ਵਿਸ਼ੇ ਸੰਬੰਧੀ ਵਿਸ਼ਲੇਸ਼ਣਾਤਮਕ ਅਧਿਐਨ ਕਰਕੇ ਸਿਧਾਂਤ ਨਿਸ਼ਚਿਤ ਕਰਨਾ ਚਾਹੁੰਦਾ ਹੈ। ਸਰਕਾਰ ਦੀ ਕਾਰਜਸ਼ੀਲਤਾ ਆਪਣੇ ਆਪ ਵਿੱਚ ਰਾਜਨੀਤਿਕ ਸਿਧਾਂਤ ਦੇ ਖੇਤਰ ਵਿੱਚ ਨਹੀਂ ਆਉਂਦੀ ਹੈ, ਪਰ ਇਹ ਤੱਥ ਰਾਜਨੀਤਿਕ ਵਿਗਿਆਨ ਦੇ ਖੇਤਰ ਦਾ ਮਹੱਤਵਪੂਰਨ ਭਾਗ ਹੈ। ਜੇਕਰ ਕੋਈ ਰਾਜਨੀਤਿਕ ਸਿਧਾਂਤਕਾਰ ਸਰਕਾਰ ਦੀ ਕਾਰਜਸ਼ੀਲਤਾ ਦੇ ਕਿਸੇ ਵਿਸ਼ੇਸ਼ ਪੱਖ ਦਾ ਵਿਸ਼ਲੇਸ਼ਣ ਕਰਕੇ ਸਿਧਾਂਤ ਨਿਸ਼ਚਿਤ ਕਰਨਾ ਚਾਹੁੰਦਾ ਹੈ ਤਾਂ ਸਰਕਾਰ ਦੀ ਕਾਰਜਸ਼ੀਲਤਾ ਦਾ ਉਹ ਪੱਖ ਰਾਜਨੀਤਿਕ ਸਿਧਾਂਤ ਦੇ ਖੇਤਰ ਵਿੱਚ ਸ਼ਾਮਿਲ ਹੋ ਜਾਂਦਾ ਹੈ।

**1.2.5.8 ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਨੂੰ ਆਦਰਸ਼ਮਈ ਅਨੁਸ਼ਾਸ਼ਨ ਦਾ ਤੱਤ ਪ੍ਰਦਾਨ ਕਰਦਾ ਹੈ :** ਰਾਜ ਦਾ ਸਰੂਪ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਰਾਜ ਨੂੰ ਕਿਸ ਪ੍ਰਕਾਰ ਦੇ ਕੰਮ ਕਰਨੇ ਚਾਹੀਦੇ ਹਨ? ਸਮਾਜਿਕ ਜੀਵਨ ਦੇ ਕਿਹੜੇ ਖੇਤਰਾਂ ਵਿੱਚ ਰਾਜ ਨੂੰ ਦਖਲ ਨਹੀਂ ਦੇਣਾ ਚਾਹੀਦਾ, ਰਾਜ ਸੰਬੰਧੀ ਅਜਿਹੇ ਪ੍ਰਸ਼ਨ ਰਾਜਨੀਤਿਕ ਦਰਸ਼ਨ ਦੇ ਖੇਤਰ ਵਿੱਚ ਆਉਂਦੇ ਹਨ। ਰਾਜਨੀਤਿਕ ਦਰਸ਼ਨ ਵੀ ਰਾਜਨੀਤਿਕ ਵਿਗਿਆਨ ਦੀ ਇੱਕ ਸ਼ਾਖਾ ਹੈ। ਇਹ ਸ਼ਾਖਾ ਮੁੱਖ ਤੌਰ ਤੇ ਰਾਜਨੀਤਿਕ ਸਮੱਸਿਆਵਾਂ ਦੇ ਖੇਤਰ ਵਿੱਚ ਆਉਂਦੇ ਹਨ। ਜਦੋਂ ਤੱਕ ਰਾਜਨੀਤਿਕ ਸਮੱਸਿਆਵਾਂ ਦੇ ਆਦਰਸ਼ਮਈ ਅਤੇ ਨੈਤਿਕ ਪੱਖਾਂ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾਂਦਾ ਉਦੋਂ ਤੱਕ ਅਜਿਹੇ ਰਾਜਨੀਤਿਕ ਸਿਧਾਂਤ ਨਿਸ਼ਚਿਤ ਨਹੀਂ ਹੋ ਸਕਦੇ ਜੋ ਮਨੁੱਖੀ ਸਮਾਜਿਕ ਜੀਵਨ ਲਈ ਲਾਭਦਾਇਕ ਸਿੱਧ ਹੋਣ। ਜਦੋਂ ਅਜਿਹੇ ਅਧਿਐਨ ਦੁਆਰਾ ਇੱਕ ਆਦਰਸ਼ ਰਾਜ ਜਾਂ ਸੰਸਥਾ ਜਾਂ ਰਾਜਨੀਤਿਕ ਵਿਵਸਥਾ ਦੀ ਕਲਪਿਤ ਰੂਪ-ਰੇਖਾ ਨਿਸ਼ਚਿਤ ਕੀਤੀ ਜਾਂਦੀ ਹੈ ਤਾਂ ਰਾਜਨੀਤਿਕ ਸਿਧਾਂਤ ਦਾ ਇਹ ਤੱਥ ਰਾਜਨੀਤਿਕ ਵਿਗਿਆਨ ਨੂੰ ਨਿਸ਼ਚਿਤ ਤੌਰ ਤੇ ਆਦਰਸ਼ਮਈ ਅਨੁਸ਼ਾਸ਼ਨ ਬਣਾਉਂਦਾ ਹੈ।

**1.2.5.9 ਰਾਜਨੀਤਿਕ ਸਿਧਾਂਤ ਸਿਧਾਂਤਕ ਅਧਿਐਨ ਅਤੇ ਰਾਜਨੀਤਿਕ ਵਿਗਿਆਨ ਮੁੱਖ ਤੌਰ ਤੇ ਸੰਸਥਾਤਮਕ ਅਧਿਐਨ ਹੈ :** ਰਾਜਨੀਤਿਕ ਵਿਗਿਆਨ ਅਤੇ ਰਾਜਨੀਤਿਕ ਸਿਧਾਂਤ ਵਿੱਚ ਇੱਕ ਹੋਰ ਮਹੱਤਵਪੂਰਨ ਅੰਤਰ ਇਹ ਹੈ ਕਿ ਰਾਜਨੀਤਿਕ ਸਿਧਾਂਤ ਸਿਧਾਂਤਕ ਅਧਿਐਨ ਹੈ ਅਤੇ ਰਾਜਨੀਤਿਕ ਵਿਗਿਆਨ ਮੁੱਖ ਤੌਰ ਤੇ ਸੰਸਥਾਤਮਕ ਅਧਿਐਨ ਹੈ। ਇਹ ਰਾਜ, ਸਰਕਾਰ ਅਤੇ ਹੋਰ ਹਰ ਤਰ੍ਹਾਂ ਦੀਆਂ ਰਾਜਨੀਤਿਕ ਸੰਸਥਾਵਾਂ ਦੀ ਬਣਤਰ, ਕਾਰਜਾਂ, ਕਾਨੂੰਨੀ ਅਤੇ ਦੂਜੇ ਪੱਖਾਂ ਆਦਿ ਦਾ ਅਧਿਐਨ ਕਰਦਾ ਹੈ। ਭੂਤਕਾਲ ਵਿੱਚ ਰਾਜ ਕੀ ਸੀ ਅਤੇ ਵਰਤਮਾਨ ਕਾਲ ਵਿੱਚ ਰਾਜ ਕੀ ਹੈ? ਇਨ੍ਹਾਂ ਦੇ ਉੱਤਰ ਰਾਜਨੀਤਿਕ ਵਿਗਿਆਨ ਇਸ ਤੱਥ ਦਾ ਅਧਿਐਨ ਕਰਦਾ ਹੈ ਕਿ ਭਵਿੱਖ ਵਿੱਚ ਰਾਜ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਤਾਂ ਉਹ ਰਾਜਨੀਤਿਕ ਸਿਧਾਂਤ ਦੇ ਪੱਖ ਨੂੰ ਪ੍ਰਗਟਾ ਰਿਹਾ ਹੁੰਦਾ ਹੈ। ਰਾਜਨੀਤਿਕ ਸਿਧਾਂਤ ਕੁਝ ਸਿਧਾਂਤਾਂ ਦੇ ਆਧਾਰ 'ਤੇ ਰਾਜ ਦੀ ਭਵਿੱਖਮਈ ਰੂਪ-ਰੇਖਾ ਨਿਸ਼ਚਿਤ ਕਰਦਾ ਹੈ। ਅਜਿਹੀ ਰੂਪ-ਰੇਖਾ ਨਿਸ਼ਚਿਤ ਕਰਨ ਲਈ ਉਹ ਰਾਜ ਦੇ ਭੂਤਕਾਲੀ ਅਤੇ ਵਰਤਮਾਨ ਸਰੂਪ ਦਾ ਅਧਿਐਨ ਕਰ ਸਕਦਾ ਹੈ, ਪਰ ਉਸਦੇ ਅਜਿਹੇ ਅਧਿਐਨ ਦਾ ਉਦੇਸ਼ ਇਕ ਆਦਰਸ਼ ਰਾਜ ਦੀ ਰੂਪ-ਰੇਖਾ ਨਿਸ਼ਚਿਤ ਕਰਨ ਜਾਂ ਆਦਰਸ਼ਮਈ ਰਾਜ ਦੇ ਸਿਧਾਂਤਾਂ ਨੂੰ ਨਿਸ਼ਚਿਤ ਕਰਨਾ ਹੋਵੇਗਾ। ਜੇਕਰ ਅਧਿਐਨ ਦਾ ਉਦੇਸ਼ ਸਿਧਾਂਤ ਵਿੱਚ ਨਹੀਂ ਹੈ ਤਾਂ ਅਜਿਹਾ ਅਧਿਐਨ ਰਾਜਨੀਤਿਕ ਸਿਧਾਂਤ ਦੇ ਖੇਤਰ ਵਿੱਚ ਨਹੀਂ ਆਉਂਦਾ। ਸਿਧਾਂਤ ਰਾਜਨੀਤਿਕ ਸਿਧਾਂਤ ਦਾ ਮੁੱਖ ਉਦੇਸ਼ ਹੈ। ਇਸੇ ਕਾਰਨ ਰਾਜਨੀਤਿਕ ਸਿਧਾਂਤ ਨੂੰ ਸਿਧਾਂਤਕ ਅਧਿਐਨ ਮੰਨਿਆ ਜਾਂਦਾ ਹੈ।

**1.2.5.10 ਰਾਜਨੀਤਿਕ ਸਿਧਾਂਤ ਅਤੇ ਰਾਜਨੀਤਿਕ ਵਿਗਿਆਨ ਦੇ ਅਧਿਐਨ ਦੇ ਉਦੇਸ਼ਾਂ ਵਿੱਚ ਭਿੰਨਤਾ ਪਾਈ ਜਾਂਦੀ ਹੈ :** ਰਾਜਨੀਤੀ ਵਿਗਿਆਨ ਦਾ ਸੰਬੰਧ ਰਾਜਨੀਤਿਕ ਵਿਵਹਾਰ ਦੀਆਂ ਸੱਚਾਈਆਂ ਬਿਆਨ ਕਰਨ ਅਤੇ ਵਿਅਕਤੀ ਅਤੇ ਸੰਸਥਾਵਾਂ ਬਾਰੇ ਅਨੁਭਵਵਾਦੀ ਸਬੂਤਾਂ ਦੇ ਆਧਾਰ 'ਤੇ ਸਿੱਟੇ ਕੱਢਣ ਅਤੇ ਸਮਾਜ ਵਿੱਚ ਸ਼ਕਤੀ ਦੇ ਯੋਗਦਾਨ ਦੀ ਵਿਆਖਿਆ ਕਰਨ ਨਾਲ ਹੈ। ਪਰ ਰਾਜਨੀਤਿਕ ਸਿਧਾਂਤ ਦਾ ਸੰਬੰਧ ਕੇਵਲ ਅਨੁਭਵਵਾਦੀ ਸਬੂਤਾਂ ਦੇ ਆਧਾਰ ਰਾਜਨੀਤਿਕ ਘਟਨਾਵਾਂ ਦਾ ਅਧਿਐਨ ਕਰਨ ਦੇ ਨਾਲ ਨਾਲ ਰਾਜਾਂ, ਸਰਕਾਰਾਂ, ਸਮਾਜ ਅਤੇ ਨਾਗਰਿਕਾਂ ਲਈ ਕੁਝ ਅਜਿਹੇ ਟੀਚੇ ਨਿਰਧਾਰਿਤ ਕਰਨਾ ਵੀ ਹੈ ਜਿਨ੍ਹਾਂ ਨੂੰ ਸਾਕਾਰ ਕਰਨ ਲਈ ਉਹਨਾਂ ਕਾਰਜ ਕਰਨਾ ਹੈ। ਰਾਜਨੀਤਿਕ ਸਿਧਾਂਤ ਦਾ ਉਦੇਸ਼ ਰਾਜਨੀਤਿਕ ਜੀਵਨ ਸਹੀ ਵਿਹਾਰ ਅਤੇ ਸ਼ਕਤੀ ਦੀ ਵੈਧ ਵਰਤੋਂ ਦੇ ਸਿਧਾਂਤ ਨਿਰਧਾਰਿਤ ਕਰਨਾ ਵੀ ਹੈ।

**ਸਵੈ ਅਭਿਆਸ ਲਈ ਪ੍ਰਸ਼ਨ (2)**

(i) ਰਾਜਨੀਤਿਕ ਸਿਧਾਂਤ ਅਤੇ ਰਾਜਨੀਤਿਕ ਵਿਗਿਆਨ ਵਿੱਚ ਦੇ ਮੁੱਖ ਅੰਤਰਾਂ ਦਾ ਵਰਣਨ ਕਰੋ।

(ii) ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਦੀ ਇੱਕ ਸ਼ਾਖਾ ਹੈ।

(a) ਸਹੀ (b) ਗਲਤ

(iii) ਰਾਜਨੀਤਿਕ ਸਿਧਾਂਤ ਸੰਸਥਾਤਮਕ ਅਧਿਐਨ ਅਤੇ ਰਾਜਨੀਤਿਕ ਵਿਗਿਆਨ ਸਿਧਾਂਤਕ ਅਧਿਐਨ ਹੈ।

(a) ਠੀਕ (b) ਗਲਤ

### 1.2.6 ਸਿੱਟਾ (Conclusion):

ਉਪਰੋਕਤ ਵਿਆਖਿਆ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਜਨੀਤਿਕ ਸਿਧਾਂਤ ਅਤੇ ਰਾਜਨੀਤਿਕ ਵਿਗਿਆਨ ਦਾ ਵਿਸ਼ਾ ਖੇਤਰ ਤੇ ਹੱਦਾਂ ਇਕ ਦੂਜੇ ਤੋਂ ਵੱਖ-ਵੱਖ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿੱਚ ਕੋਈ ਵਿਰੋਧ ਨਹੀਂ। ਰਾਜਨੀਤਿਕ ਵਿਗਿਆਨ ਨੂੰ ਨਾ ਤਾਂ ਪੂਰੀ ਤਰ੍ਹਾਂ ਰਾਜਨੀਤਿਕ ਚਿੰਤਨ ਹੀ ਕਿਹਾ ਜਾ ਸਕਦਾ ਹੈ, ਨਾ ਹੀ ਰਾਜਨੀਤਿਕ ਦਰਸ਼ਨ ਤੇ ਨਾ ਹੀ ਰਾਜਨੀਤਿਕ ਸਿਧਾਂਤ। ਸਗੋਂ ਰਾਜਨੀਤਿਕ ਵਿਗਿਆਨ ਇਨ੍ਹਾਂ ਸਾਰਿਆਂ ਦਾ ਧੁਰਾ ਹੈ। ਰਾਜਨੀਤਿਕ ਸਿਧਾਂਤ ਦੀ ਹੋਂਦ ਅਤਿਅੰਤ ਜ਼ਰੂਰੀ ਹੈ। ਇਸ ਤੋਂ ਬਿਨਾਂ ਰਾਜਨੀਤਿਕ ਵਿਗਿਆਨ ਇੱਕ ਅਧੂਰਾ ਅਨੁਸ਼ਾਸਨ ਹੋਵੇਗਾ ਅਤੇ ਰਾਜਨੀਤਿਕ ਵਿਸ਼ੇ ਦੇ ਵਿਗਿਆਨ ਦੇ ਰੂਪ ਵਿੱਚ ਇਸ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਹੋਵੇਗੀ। ਅਸੀਂ ਕਹਿ ਸਕਦੇ ਹਾਂ ਕਿ ਸਿਧਾਂਤ ਤੋਂ ਬਿਨਾਂ ਕੋਈ ਵਿਸ਼ਾ ਸੰਪੂਰਨ ਵਿਸ਼ਾ ਨਹੀਂ ਹੋ ਸਕਦਾ।

### 1.2.7 ਸਵੈ ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ (Answer to Self Check Exercises) :

#### ਸਵੈ ਅਭਿਆਸ ਲਈ ਪ੍ਰਸ਼ਨ (1)

(i) ਅਰਸਤੂ (Aristotle) ਨੂੰ।

(ii) ਗਾਰਨਰ (Garner) ਦੇ ਅਨੁਸਾਰ, ''ਰਾਜਨੀਤਿਕ ਵਿਗਿਆਨ ਰਾਜ ਨਾਲ ਆਰੰਭ ਅਤੇ ਰਾਜ ਨਾਲ ਖਤਮ ਹੁੰਦਾ ਹੈ।''

(iii) ਰਾਜਨੀਤਿਕ ਸਿਧਾਂਤ ਦੇ ਵਿਕਾਸ ਨੂੰ ਮੁੱਖ ਪੰਜ ਧਾਰਾਵਾਂ ਵਿੱਚ ਵੰਡਿਆ ਗਿਆ ਹੈ:
- (a) ਪ੍ਰਾਚੀਨ ਰਾਜਨੀਤਿਕ ਸਿਧਾਂਤ
- (b) ਮੱਧਕਾਲੀਨ ਰਾਜਨੀਤਿਕ ਸਿਧਾਂਤ
- (c) ਪ੍ਰੰਪਰਾਗਤ ਰਾਜਨੀਤਿਕ ਸਿਧਾਂਤ
- (d) ਆਧੁਨਿਕ ਰਾਜਨੀਤਿਕ ਸਿਧਾਂਤ
- (e) ਸਮਕਾਲੀ ਰਾਜਨੀਤਿਕ ਸਿਧਾਂਤ

#### ਸਵੈ ਅਭਿਆਸ ਲਈ ਪ੍ਰਸ਼ਨ (2)

(i) ਰਾਜਨੀਤਿਕ ਸਿਧਾਂਤ ਅਤੇ ਰਾਜਨੀਤਿਕ ਵਿਗਿਆਨ ਵਿੱਚ ਮੁੱਖ ਅੰਤਰ ਹੇਠ ਲਿਖੇ ਹਨ:
- (a) ਰਾਜਨੀਤਿਕ ਸਿਧਾਂਤ ਰਾਜਨੀਤਿਕ ਵਿਗਿਆਨ ਦੀ ਇੱਕ ਸ਼ਾਖਾ ਹੈ।
- (b) ਰਾਜਨੀਤਿਕ ਸਿਧਾਂਤ ਰਾਜਨੀਤਿਕ ਸਮੱਗਰੀ ਦਾ ਮੁਲਾਂਕਣ ਕਰਦਾ ਹੈ ਜਦੋਂ ਕਿ ਰਾਜਨੀਤਿਕ ਵਿਗਿਆਨ ਨਹੀਂ।

(ii) (a) ਸਹੀ

(iii) (b) ਗਲਤ

### 2.8 ਸੁਝਾਅ ਲਈ ਪੁਸਤਕਾਂ (Suggested Books) :


1. An Introduction to Political Theory: O.P.Gauba
2. Politics : Andrew Heywood
3. Contemporary Political Theory : J.C. Johari
4. Political Theory : Sushila Ramaswamy
5. www. jccc-ugcinfonet.com
6. www.cup.com

**ਪਾਠ ਨੰ.** 1.3

# ਰਾਜਨੀਤੀ ਵਿਗਿਆਨ ਦਾ ਹੋਰਨਾਂ ਸਮਾਜਿਕ ਵਿਗਿਆਨਾਂ ਨਾਲ ਸੰਬੰਧ (ਅਰਥ ਸ਼ਾਸਤਰ, ਇਤਿਹਾਸ, ਸਮਾਜ ਸ਼ਾਸਤਰ )

**(Relationship of Political Science with other social sciences : Economics, History, Sociology)**

## ਪਾਠ ਦੀ ਰੂਪ-ਰੇਖਾ

**1.3.1 ਪਾਠ ਦਾ ਉਦੇਸ਼**
**1.3.2 ਭੂਮਿਕਾ**
**1.3.3 ਰਾਜਨੀਤੀ ਵਿਗਿਆਨ ਤੇ ਅਰਥ ਸ਼ਾਸਤਰ**
**1.3.4 ਰਾਜਨੀਤੀ ਵਿਗਿਆਨ ਤੇ ਇਤਿਹਾਸ**
**1.3.5 ਰਾਜਨੀਤੀ ਵਿਗਿਆਨ ਤੇ ਸਮਾਜ ਸ਼ਾਸਤਰ**
**1.3.6 ਰਾਜਨੀਤੀ ਵਿਗਿਆਨ ਤੇ ਮਨੋਵਿਗਿਆਨ**
**1.3.7 ਰਾਜਨੀਤੀ ਵਿਗਿਆਨ ਤੇ ਨੀਤੀ ਸ਼ਾਸਤਰ**
**1.3.8 ਸਾਰੰਸ਼**
**1.3.9 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ**
**1.3.10 ਸੁਝਾਈਆਂ ਪੁਸਤਕਾਂ**

### 1.3.1 ਪਾਠ ਦਾ ਉਦੇਸ਼ :

ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਰਾਜਨੀਤੀ ਵਿਗਿਆਨ ਦੇ ਹੋਰ ਸਮਾਜਿਕ ਵਿਗਿਆਨਾਂ ਨਾਲ ਸੰਬੰਧਾਂ ਦੀ ਜਾਣਕਾਰੀ ਕਰਵਾਉਣਾ ਹੈ । ਇਸ ਪਾਠ ਨੂੰ ਪੜ੍ਹਨ ਨਾਲ ਵਿਦਿਆਰਥੀ ਇਹ ਦੱਸ ਸਕਣਗੇ ਕਿ

- ਅੰਤਰ-ਅਨੁਸਾਸ਼ਨੀ ਪਹੁੰਚ ਕੀ ਹੈ ਅਤੇ ਇਹ ਰਾਜਨੀਤੀ ਵਿਗਿਆਨ ਦੇ ਅਧਿਐਨ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?
- ਰਾਜਨੀਤੀ ਵਿਗਿਆਨ ਤੇ ਅਰਥ-ਸ਼ਾਸਤਰ ਦਾ ਆਪਸ ਵਿਚ ਕੀ ਸੰਬੰਧ ਹੈ ਤੇ ਇਹ ਇਕ ਦੂਜੇ ਤੋਂ ਕਿਵੇਂ ਭਿੰਨ ਹਨ?
- ਰਾਜਨੀਤੀ ਵਿਗਿਆਨ ਦੇ ਅਧਿਐਨ ਉੱਤੇ ਸਮਾਜ-ਸ਼ਾਸਤਰ ਦਾ ਕੀ ਪ੍ਰਭਾਵ ਹੈ?
- ਮਨੋਵਿਗਿਆਨ ਤੇ ਰਾਜਨੀਤੀ ਵਿਗਿਆਨ ਵਿਚ ਕੀ ਸੰਬੰਧ ਹੈ ਤੇ ਮਨੋਵਿਗਿਆਨ ਰਾਜਨੀਤੀ ਵਿਗਿਆਨ ਦੇ ਅਧਿਐਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?
- ਨੀਤੀ ਸ਼ਾਸਤਰ ਤੇ ਰਾਜਨੀਤੀ ਵਿਗਿਆਨ ਇਕ ਦੂਜੇ ਨਾਲ ਕਿਵੇਂ ਤੇ ਕਿਸ ਹੱਦ ਤੱਕ ਸੰਬੰਧਿਤ ਹਨ?
- ਇਹਨਾਂ ਸਾਰਿਆਂ ਵਿਸ਼ਿਆਂ ਨਾਲ ਸੰਬੰਧ ਤੇ ਅੰਤਰ ਸਮਝ ਕੇ ਵਿਦਿਆਰਥੀ ਇਹ ਦੱਸ ਸਕਣਗੇ ਕਿ ਇਹਨਾਂ ਸਾਰਿਆਂ ਵਿਸ਼ਿਆਂ ਦੀ ਅੰਤਰ-ਨਿਰਭਰਤਾ ਸਮੁੱਚੇ ਸਮਾਜਿਕ ਜੀਵਨ ਨੂੰ ਸਮਝਣ ਵਿਚ ਕਿਵੇਂ ਸਹਾਈ ਹੈ?

### 1.3.2 **ਭੂਮਿਕਾ** :(Introduction)

ਆਧੁਨਿਕ ਯੁੱਗ ਵਿਚ ਵਿਭਿੰਨ **ਸਮਾਜਿਕ ਵਿਗਿਆਨਾਂ (Social Sciences)** ਦੇ ਅਧਿਐਨ ਲਈ ਅਨੇਕਾਂ ਨਵੇਂ ਢੰਗ ਤੇ ਪਹੁੰਚਾਂ ਵਿਕਸਿਤ ਹੋਈਆਂ ਹਨ । ਇਹਨਾਂ ਦਾ ਮੰਤਵ ਇਹਨਾਂ ਵਿਸ਼ਿਆਂ ਦੇ ਅਧਿਐਨ ਨੂੰ ਵਧੇਰੇ ਵਿਗਿਆਨਕ ਅਤੇ ਯਥਾਰਥਕ ਬਣਾਉਣਾ ਹੈ । ਇਹੀ ਕਾਰਨ ਹੈ ਕਿ ਪ੍ਰੰਪਰਾਗਤ ਢੰਗਾਂ ਨਾਲੋਂ ਆਧੁਨਿਕ ਅਧਿਐਨ ਢੰਗਾਂ ਤੇ ਪਹੁੰਚਾ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ । ਇਕ ਹੋਰ ਮਹੱਤਵਪੂਰਣ ਪਰਿਵਰਤਨ ਜੋ ਕਿ ਅਜੋਕੇ ਯੁੱਗ ਵਿਚ ਆਇਆ ਹੈ ਉਹ ਇਹ ਹੈ ਕਿ ਹੁਣ ਇਹਨਾਂ ਸਾਰੇ ਸਮਾਜਿਕ ਵਿਸ਼ਿਆਂ ਦੀ **ਅੰਤਰ ਅਨੁਸ਼ਾਸਨੀ ਪਹੁੰਚ (interdisciplinary approach)** ਤੇ ਜ਼ੋਰ ਦਿੱਤਾ ਜਾਂਦਾ ਹੈ । ਅਸਲ ਵਿਚ ਵਿਭਿੰਨ ਸਮਾਜਿਕ ਵਿਸ਼ੇ ਮਾਨਵ ਜੀਵਨ ਦੇ ਵੱਖ-ਵੱਖ ਪੱਖਾਂ ਦਾ ਹੀ ਅਧਿਐਨ ਕਰਦੇ ਹਨ ਇਸ ਲਈ ਇਹਨਾਂ ਦਾ ਆਪਸ ਵਿਚ ਗਹਿਰਾ ਸੰਬੰਧ ਹੈ । ਰਾਜਨੀਤੀ ਵਿਗਿਆਨ ਮਨੁੱਖ ਦੇ ਰਾਜਨੀਤਿਕ ਵਿਵਹਾਰ ਦਾ ਅਧਿਐਨ ਕਰਦਾ ਹੈ ਤਾਂ ਅਰਥ-ਸ਼ਾਸ਼ਤਰ ਉਸ ਦੀਆਂ ਆਰਥਿਕ ਗਤੀਵਿਧੀਆਂ ਦਾ, ਇਤਿਹਾਸ ਦੇਸ਼ ਵਿਚ ਵਾਪਰੀਆਂ ਮਹੱਤਵਪੂਰਨ ਸਮਾਜਿਕ ਤੇ ਰਾਜਨੀਤਿਕ ਘਟਨਾਵਾਂ ਦਾ ਗਿਆਨ ਹੈ ਤਾਂ ਮਨੋਵਿਗਿਆਨ ਇਹ ਜਾਨਣ ਦਾ ਯਤਨ ਹੈ ਕਿ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਉਸ ਦੇ ਸਮਾਜਿਕ ਤੇ ਰਾਜਨੀਤਿਕ ਵਿਵਹਾਰ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ । ਇਸੇ ਤਰ੍ਹਾਂ ਨੀਤੀ ਸਾਸ਼ਤਰ 'ਚੰਗੇ', 'ਨਿਆਂਪੂਰਣ', 'ਠੀਕ' ਤੇ 'ਜਾਇਜ਼' ਦੇ ਮਾਪਦੰਡ ਨਿਸ਼ਚਿਤ ਕਰਦਾ ਹੈ ਜਿਹਨਾਂ ਨੂੰ ਰਾਜ ਆਪਣੇ ਕਾਨੂੰਨ ਬਣਾਉਣ ਵੇਲੇ ਸਾਹਮਣੇ ਰੱਖਦੇ ਹਨ ਕਿਉਂਕਿ ਜੋ ਕੁਝ ਨੈਤਿਕ ਤੌਰ ਤੇ ਜਾਇਜ਼ ਹੈ ਉਹੀ ਕਾਨੂੰਨੀ ਤੌਰ ਤੇ ਜਾਇਜ਼ ਜਾਂ ਸਹੀ ਹੋਵੇਗੀ । ਸੋ ਜਿਵੇਂ ਕਿ ਸਪਸ਼ਟ ਹੈ ਮਾਨਵ ਵਿਵਹਾਰ ਦੇ ਇਹ ਸਾਰੇ ਪੱਖ ਇਕ ਦੂਜੇ ਨਾਲ ਗੂੜ੍ਹੀ ਤਰ੍ਹਾਂ ਜੁੜੇ ਹੋਏ ਹਨ ਜੇਕਰ ਇਕ ਵਿਸ਼ੇ ਦੇ ਅਧਿਐਨ ਦੁਆਰਾ ਗ੍ਰਹਿਣ ਕੀਤੇ ਗਏ ਗਿਆਨ ਅਤੇ ਅੰਤਰ-ਦ੍ਰਿਸ਼ਟੀ ਨੂੰ ਦੂਜੇ ਵਿਸ਼ੇ ਦੇ ਅਧਿਐਨ ਲਈ ਅਪਨਾਇਆ ਜਾਵੇ ਤਾਂ ਬਹੁਤ ਚੰਗੇ ਸਿੱਟੇ ਪ੍ਰਾਪਤ ਹੋ ਸਕਦੇ ਹਨ । ਸੋ ਸਮਾਜ-ਸ਼ਾਸਤਰ, ਅਰਥ-ਸ਼ਾਸਤਰ, ਇਤਿਹਾਸ, ਮਨੋਵਿਗਿਆਨ ਅਤੇ ਨੀਤੀ-ਸ਼ਾਸਤਰ, ਆਦਿ ਵਿਸ਼ਿਆਂ ਦੀ ਮਦਦ ਨਾਲ ਰਾਜਨੀਤੀ ਵਿਗਿਆਨ ਮਨੁੱਖ ਦੇ ਰਾਜਨੀਤਿਕ ਵਿਵਹਾਰ ਨੂੰ ਵਧੇਰੇ ਸਪਸ਼ਟਤਾ ਨਾਲ ਸਮਝਣ ਵਿਚ ਸਫ਼ਲਤਾ ਪ੍ਰਾਪਤ ਕਰ ਸਕਦਾ ਹੈ । ਇਸੇ ਕਰਕੇ ਹੀ ਰਾਜਨੀਤੀ ਵਿਗਿਆਨ ਦਾ ਹੋਰ ਸਮਾਜਿਕ ਵਿਸ਼ਿਆਂ ਨਾਲ ਸੰਬੰਧ ਸਮਝਣਾ ਜ਼ਰੂਰੀ ਹੈ ।

**ਸਵੈ-ਅਭਿਆਸ ਲਈ ਪ੍ਰਸ਼ਨ- 1**

1. ਅੰਤਰ ਅਨੁਸਾਸ਼ਨੀ ਪਹੁੰਚ ਤੋਂ ਕੀ ਭਾਵ ਹੈ?
2. ਰਾਜਨੀਤੀ ਵਿਗਿਆਨ ਦੀ ਸਹੀ ਜਾਣਕਾਰੀ ਲਈ ਅਰਥ-ਸ਼ਾਸ਼ਤਰ, ਇਤਿਹਾਸ, ਸਮਾਜ-ਸ਼ਾਸਤਰ, ਮਨੋਵਿਗਿਆਨ ਅਤੇ ਨੀਤੀ-ਸ਼ਾਸਤਰ ਵਰਗੇ ਵਿਸ਼ਿਆਂ ਦਾ ਅਧਿਐਨ ਕਿਉਂ ਜ਼ਰੂਰੀ ਹੈ?

### 1.3.3 **ਰਾਜਨੀਤੀ ਵਿਗਿਆਨ ਅਤੇ ਅਰਥ-ਸ਼ਾਸਤਰ**: (Political Science and Economics)

ਰਾਜਨੀਤੀ ਵਿਗਿਆਨ ਤੇ ਅਰਥ-ਸ਼ਾਸਤਰ ਸੁਤੰਤਰ ਤੇ ਵੱਖ-ਵੱਖ ਵਿਸ਼ੇ ਹੋਣ ਦੇ ਬਾਵਜੂਦ ਵੀ ਇਕ-ਦੂਜੇ ਦੇ ਬਹੁਤ ਨੇੜੇ ਹਨ । ਇਸ ਸੰਬੰਧੀ **ਲਿਪਸਨ** (Lipson)ਨੇ ਕਿਹਾ ਹੈ ਕਿ "ਅੱਜ-ਕੱਲ੍ਹ ਕਲਿਆਣਕਾਰੀ ਰਾਜ ਅਤੇ ਵਿਕਾਸ ਦੇ ਯੋਜਨਾ ਬੱਧ ਪ੍ਰੋਗਰਾਮ ਦੀ ਵਿਵਸਥਾ ਨੇ ਤਾਂ ਆਰਥਿਕ ਅਤੇ ਰਾਜਨੀਤਿਕ ਅਧਿਐਨ ਵਾਲੇ ਵਿਸ਼ਿਆਂ ਦਾ ਆਪਸੀ ਲਾਭ ਲਈ ਪੁਨਰ-ਮੇਲ ਕਰਵਾ ਦਿੱਤਾ ਹੈ ।"

#### 1.3.3.1 **ਰਾਜਨੀਤੀ ਸ਼ਾਸਤਰ ਦੀ ਅਰਥ ਸ਼ਾਸਤਰ ਨੂੰ ਹੇਠ ਲਿਖੀ ਦੇਣ ਹੈ**:

**(1) ਰਾਜ ਆਰਥਿਕ ਨੀਤੀਆਂ ਦਾ ਨਿਰਮਾਣ ਕਰਦਾ ਹੈ**(State lays down economic Policies) :

ਅਰਥ-ਸ਼ਾਸਤਰ ਦੇ ਅਧਿਐਨ ਦੇ ਮੁੱਖ ਵਿਸ਼ੇ ਧਨ ਦਾ ਉਤਪਾਦਨ, ਖਪਤ, ਵੰਡ ਅਤੇ ਵਟਾਂਦਰਾ ਹੀ ਮੰਨੇ ਗਏ ਹਨ । ਰਾਜ ਦੇ ਕਾਨੂੰਨਾਂ ਦੀ ਸਹਾਇਤਾ ਤੋਂ ਬਿਨਾਂ ਉਪਰੋਕਤ ਵਿਸ਼ਿਆਂ ਨੂੰ ਨਿਯਮਤ ਕਰ ਸਕਣਾ ਅਸੰਭਵ ਹੈ । ਕਰ ਨੀਤੀ, ਅਯਾਤ-ਨਿਰਯਾਤ ਨੀਤੀ, ਬੈਂਕ ਪ੍ਰਣਾਲੀ, ਮੁਦਰਾ ਵਿਵਸਥਾ, ਸੀਮਾ ਟੈਕਸ, ਆਦਿ, ਵਿਸ਼ੇ ਭਾਵੇਂ

ਅਰਥ-ਸ਼ਾਸਤਰ ਦੇ ਖੇਤਰ ਵਿਚ ਆਉਂਦੇ ਹਨ, ਪ੍ਰੰਤੂ ਇਨ੍ਹਾਂ ਸੰਬੰਧੀ ਸਾਰੀਆਂ ਨੀਤੀਆਂ ਦਾ ਨਿਰਣਾ ਰਾਜ ਦੇ ਕਾਨੂੰਨਾਂ ਦੁਆਰਾ ਕੀਤਾ ਜਾਂਦਾ ਹੈ । ਨਾਗਰਿਕਾਂ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਅਤੇ ਦੇਸ਼ ਦੀ ਅਰਥ ਵਿਵਸਥਾ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਅਰਥ-ਸ਼ਾਸਤਰ ਦਾ ਇਕ ਸਥਾਪਤ ਨਿਯਮ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਮਾਲ ਤੇ ਵੱਧ ਤੋਂ ਵੱਧ ਸੀਮਾ ਟੈਕਸ ਲਗਾਇਆ ਜਾਵੇ ਤਾਂ ਕਿ ਇਹ ਮਹਿੰਗਾ ਹੋਣ ਕਰਕੇ ਦੇਸ਼ ਵਿਚ ਖਪਤ ਲਈ ਇਸ ਨੂੰ ਉਤਸ਼ਾਹ ਨਾ ਮਿਲੇ ਅਤੇ ਲੋਕ ਵੱਧ ਤੋਂ ਵੱਧ ਆਪਣੇ ਹੀ ਦੇਸ਼ ਵਿਚ ਬਣੇ ਮਾਲ ਦੀ ਵਰਤੋਂ ਕਰਨ ਤਾਂ ਜੋ ਵਿਦੇਸ਼ੀ ਮੁਦਰਾ ਦੀ ਬੱਚਤ ਕਰਕੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਇਆ ਜਾ ਸਕੇ । ਅਰਥ-ਸ਼ਾਸਤਰ ਦੇ ਇਸ ਨਿਯਮ ਨੂੰ ਰਾਜ ਦੇ ਕਾਨੂੰਨ ਦੁਆਰਾ ਅਮਲ ਵਿਚ ਲਿਆਇਆ ਜਾ ਸਕਦਾ ਹੈ ।

**(2) ਆਰਥਿਕ ਢਾਂਚਾ ਰਾਜ ਦੇ ਕਾਨੂੰਨਾਂ ਦੁਆਰਾ ਨਿਯਮਤ ਕੀਤਾ ਜਾਂਦਾ ਹੈ (Economic structure is regulated by the laws of the state) :**

ਧਨ ਦੇ ਉਤਪਾਦਨ ਸੰਬੰਧੀ ਅਰਥ-ਸ਼ਾਸਤਰ ਨਿਸ਼ਚਿਤ ਕਰਦਾ ਹੈ ਪ੍ਰੰਤੂ ਧਨ ਦੇ ਉਤਪਾਦਨ ਦੇ ਸਾਧਨਾਂ ਦੀ ਮਲਕੀਅਤ ਸੰਬੰਧੀ ਨੀਤੀ ਰਾਜ ਦੁਆਰਾ ਨਿਸ਼ਚਿਤ ਕੀਤੀ ਜਾਂਦੀ ਹੈ । ਬਹੁਤ ਸਾਰੇ ਦੇਸ਼ਾਂ ਵਿਚ ਧਨ ਦੀ ਵੰਡ ਉਚਿਤ ਰੂਪ ਵਿਚ ਕਰਨ ਲਈ ਰਾਜ ਦੇ ਕਾਨੂੰਨਾਂ ਦੁਆਰਾ ਸੰਪਤੀ ਦੀ ਸੀਮਾ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ ਅਤੇ ਉਹ ਉਤਪਾਦਨ ਦੇ ਸਾਧਨ ਵੀ ਸਰਕਾਰੀ ਕੰਟਰੋਲ ਅਧੀਨ ਲੈ ਲਏ ਜਾਂਦੇ ਹਨ । ਸਾਮਵਾਦੀ ਦੇਸ਼ਾਂ ਵਿਚ ਉਤਪਾਦਨ ਦੇ ਸਾਧਨ ਰਾਜ ਦੇ ਹੱਥਾਂ ਵਿਚ ਹੁੰਦੇ ਹਨ । ਭਾਰਤ ਵਿਚ ਕਈ ਉਤਪਾਦਨ ਦੇ ਸਾਧਨਾਂ ਦਾ ਰਾਸ਼ਟਰੀਕਰਣ ਕੀਤਾ ਗਿਆ ਹੈ । ਕੁੱਝ ਦੂਸਰੇ ਸਾਧਨ, ਜੋ ਲੋਕਾਂ ਦੀ ਨਿੱਜੀ ਮਲਕੀਅਤ ਹਨ, ਤੇ ਵੀ ਸਰਕਾਰ ਕਾਨੂੰਨਾਂ ਦੁਆਰਾ ਕੰਟਰੋਲ ਰੱਖਦੀ ਹੈ ਤਾਂ ਜੋ ਇਹਨਾਂ ਦੇ ਮਾਲਕ ਇਹਨਾਂ ਨੂੰ ਲੁੱਟ-ਖਸੁੱਟ ਦਾ ਸਾਧਨ ਨਾ ਬਣਾ ਸਕਣ । ਕਈ ਵਾਰੀ ਆਰਥਿਕ ਮੰਦਵਾੜੇ ਜਾਂ ਕਿਸੇ ਸੰਕਟ ਕਾਰਨ ਕੀਮਤਾਂ ਬਹੁਤ ਵੱਧ ਜਾਂਦੀਆਂ ਹਨ, ਵਸਤੂਆਂ ਖੁੱਲੀ ਮੰਡੀ ਵਿਚ ਪ੍ਰਾਪਤ ਨਹੀਂ ਹੁੰਦੀਆਂ ਤਾਂ ਇਸੇ ਸਥਿਤੀ ਨੂੰ ਖ਼ਤਮ ਕਰਨ ਲਈ ਸਰਕਾਰ ਤੁਰੰਤ ਕਦਮ ਚੁੱਕਦੀ ਹੈ, ਵਸਤੂਆਂ ਦਾ ਰਾਸ਼ਨ ਕਰ ਦਿੱਤਾ ਜਾਂਦਾ ਹੈ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਨਿਸ਼ਚਿਤ ਕਰ ਦਿੱਤੀਆਂ ਜਾਂਦੀਆਂ ਹਨ । ਸੋ ਸਪਸ਼ਟ ਹੈ ਕਿ ਸਮੁੱਚਾ ਆਰਥਿਕ ਢਾਂਚਾ ਰਾਜ ਦੇ ਕਾਨੂੰਨਾਂ ਦੁਆਰਾ ਨਿਯਮਿਤ ਕੀਤਾ ਜਾਂਦਾ ਹੈ ।

**(3) ਆਰਥਿਕ ਵਿਕਾਸ ਲਈ ਰਾਜਨੀਤਿਕ ਸਥਿਰਤਾ ਜ਼ਰੂਰੀ ਹੈ (Political Stability is necessary for Economic Development) :**

ਕਿਸੇ ਵੀ ਦੇਸ਼ ਦਾ ਆਰਥਿਕ ਵਿਕਾਸ ਤਾਂ ਹੀ ਸੰਭਵ ਹੈ ਜੇਕਰ ਉਸ ਦੇਸ਼ ਵਿਚ ਰਾਜਨੀਤਿਕ ਸਥਿਰਤਾ ਹੋਵੇਗੀ ਅਤੇ ਰਾਜਨੀਤੀ ਸ਼ਾਸਤਰ ਅਜਿਹੇ ਸਿਧਾਂਤਾਂ ਦਾ ਨਿਰਮਾਣ ਕਰਦਾ ਹੈ ਜਿਹੜੇ ਰਾਜਨੀਤਿਕ ਸਥਿਰਤਾ ਪ੍ਰਦਾਨ ਕਰਨ ਵਿਚ ਸਹਾਈ ਹੁੰਦੇ ਹਨ । ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਰਤਮਾਨ ਯੁੱਗ ਵਿਚ ਆਰਥਿਕ ਵਿਕਾਸ ਰਾਜ ਦੁਆਰਾ ਨਿਯਮਿਤ ਕੀਤਾ ਜਾਂਦਾ ਹੈ ।

### 1.3.3.2 ਅਰਥ-ਸ਼ਾਸਤਰ ਦੀ ਰਾਜਨੀਤੀ ਸ਼ਾਸਤਰ ਨੂੰ ਦੇਣ (Contribution of Economics to Political Science):

ਵਰਤਮਾਨ ਯੁੱਗ ਵਿਚ ਆਦਮੀ ਅਤੇ ਰਾਜ ਦੀਆਂ ਮੁੱਖ ਸਮੱਸਿਆਵਾਂ ਆਰਥਿਕ ਹਨ । ਇਤਿਹਾਸ ਤੋਂ ਪਤਾ ਲਗਦਾ ਹੈ ਕਿ ਆਰਥਿਕ ਸਮੱਸਿਆਵਾਂ ਰਾਜਨੀਤਿਕ ਸੰਸਥਾਵਾਂ ਨੂੰ ਪ੍ਰਭਾਵਿਤ ਕਰਦੀਆਂ ਹਨ । ਇਸੇ ਸਚਾਈ ਦਾ ਸਮਰਥਨ ਕਰਦੇ ਹੋਏ ਏਂਜਲ ਨੇ ਕਿਹਾ ਕਿ ਸਾਰੀਆਂ ਸਮਾਜਿਕ ਤਬਦੀਲੀਆਂ ਅਤੇ ਰਾਜਨੀਤਿਕ ਕ੍ਰਾਂਤੀਆਂ ਦੇ ਮੂਲ ਕਾਰਨ ਨਾ ਤਾਂ ਮਨੁੱਖਾਂ ਦੇ ਦਿਲਾਂ ਵਿਚ ਅਤੇ ਨਾ ਹੀ ਸਦੀਵੀਂ ਸੱਚ ਅਤੇ ਨਿਆਂ ਸੰਬੰਧੀ ਉਹਨਾਂ ਦੀ ਸੂਝ ਵਿਚ ਹਨ ਸਗੋਂ ਇਹ ਉਤਪਾਦਨ ਅਤੇ ਵਟਾਂਦਰੇ ਦੀ ਵਿਧੀ ਦੇ ਪਰਿਵਰਤਨਾਂ ਵਿਚ ਮਿਲਦੇ ਹਨ । ਉਹਨਾਂ ਦੀ ਭਾਲ ਕਿਸੇ ਫ਼ਲਸਫ਼ੇ ਵਿਚੋਂ ਨਹੀਂ ਸਗੋਂ ਸੰਬੰਧਿਤ ਸਮੇਂ ਦੀ ਅਰਥ-ਵਿਵਸਥਾ ਵਿਚੋਂ ਕਰਨੀ ਚਾਹੀਦੀ ਹੈ ।" ਅਰਥ-ਸ਼ਾਸਤਰ ਹੇਠ ਲਿਖੇ ਖੇਤਰਾਂ ਵਿਚ ਰਾਜਨੀਤੀ ਸ਼ਾਸਤਰ ਦੀ ਸਹਾਇਤਾ ਕਰਦਾ ਹੈ ।"

**(1) ਸਰਕਾਰ ਦੀਆਂ ਨੀਤੀਆਂ ਮੁੱਖ ਰੂਪ ਵਿਚ ਆਰਥਿਕ ਅਵਸਥਾਵਾਂ ਦਾ ਸਿੱਟਾ ਹੁੰਦੀਆਂ ਹਨ** (Governmental Policies & programmes are influenced by

**economic conditions) :**

ਰਾਜ ਦੁਆਰਾ ਅਪਣਾਈਆਂ ਜਾਣ ਵਾਲੀਆਂ ਨੀਤੀਆਂ ਮੁੱਖ ਰੂਪ ਵਿਚ ਆਰਥਿਕ ਅਵਸਥਾਵਾਂ ਤੋਂ ਪ੍ਰਭਾਵਿਤ ਹੁੰਦੀਆਂ ਹਨ । 18ਵੀਂ ਸਦੀ ਵਿਚ ਇੰਗਲੈਂਡ ਅਤੇ ਯੂਰਪ ਦੇ ਦੂਜੇ ਦੇਸ਼ਾਂ ਵਿਚ ਉਦਯੋਗਿਕ ਕ੍ਰਾਂਤੀ ਹੋਈ । ਉਸ ਦੇ ਸਿੱਟੇ ਵਜੋਂ ਹੀ ਯੂਰਪ ਦੇ ਇਹਨਾਂ ਦੇਸ਼ਾਂ ਨੇ ਬਸਤੀਵਾਦੀ ਤੇ ਸਾਮਰਾਜਵਾਦ ਦੀ ਨੀਤੀ ਅਪਣਾਈ । ਇਸ ਸੰਬੰਧੀ **ਬਿਸਮਾਰਕ** (**Bismark**)ਦਾ ਕਥਨ ਸੀ ਕਿ 'ਮੈਨੂੰ ਯੂਰਪ ਤੋਂ ਬਾਹਰ ਨਵੇਂ ਰਾਜਾਂ ਦੀ ਨਹੀਂ ਸਗੋਂ ਵਪਾਰਕ ਕੇਂਦਰ ਦੀ ਲੋੜ ਹੈ ।' ਇਸੇ ਪ੍ਰਕਾਰ **ਜੋਸਫ ਚੈਂਬਰਲੇਨ** (Joseph Chamberlain) ਨੇ ਕਿਹਾ ਕਿ, "ਅਸੀਂ ਨਵੇਂ ਦੇਸ਼ਾਂ ਵਿਚ ਆਪਣੀਆਂ ਵਸਤਾਂ ਦਾ ਬਜ਼ਾਰ ਬਣਾਵਾਂਗੇ ਅਤੇ ਪੁਰਾਣੇ ਬਾਜ਼ਾਰਾਂ ਦਾ ਵਿਕਾਸ ਕਰਾਂਗੇ । ਇਸ ਲਈ ਵਰਤਮਾਨ ਸਾਮਰਾਜ ਦੀ ਰੱਖਿਆ ਕਰਨੀ ਸਾਡੀ ਲੋੜ ਹੈ ਅਤੇ ਕਰਤੱਵ ਵੀ ।"

**(2) ਆਰਥਿਕ ਅਵਸਥਾ ਰਾਜਨੀਤਿਕ ਵਿਚਾਰਧਾਰਾਵਾਂ ਨੂੰ ਪ੍ਰਭਾਵਿਤ ਕਰਦੀ ਹੈ (Economic Conditions influence Political Ideologies) :**

ਰਾਜਨੀਤੀ ਸ਼ਾਸਤਰ ਵਿਚ ਅਸੀਂ ਸਾਮਵਾਦ, ਸਮਾਜਵਾਦ, ਸਾਮਰਾਜਵਾਦ, ਉਪਨਿਵੇਸ਼ਵਾਦ, ਵਿਅਕਤੀਵਾਦ ਆਦਿ ਅਨੇਕਾਂ ਵਿਚਾਰਧਾਰਾਵਾਂ ਦਾ ਅਧਿਐਨ ਕਰਦੇ ਹਾਂ ਪਰੰਤੂ ਵਿਚਾਰਨ ਤੇ ਪਤਾ ਲੱਗਦਾ ਹੈ ਕਿ ਵਿਚਾਰਧਾਰਾਵਾਂ ਉਸ ਸਮੇਂ ਦੀ ਅਰਥ-ਵਿਵਸਥਾ ਦੀ ਉਪਜ ਹਨ ਅਤੇ ਇਹਨਾਂ ਆਰਥਿਕ ਸਿਧਾਂਤਾਂ ਨੇ ਰਾਜ ਦੇ ਢਾਂਚੇ ਨੂੰ ਹੀ ਬਦਲ ਦਿੱਤਾ । ਚੀਨ ਵਿਚ ਸਾਮਵਾਦ ਹੈ । ਉਤਪਾਦਨ ਦੇ ਸਾਧਨਾਂ ਤੇ ਸਰਕਾਰ ਦਾ ਪੂਰਾ ਕੰਟਰੋਲ ਹੈ । ਸਰਕਾਰ ਦੀਆਂ ਸਭ ਸ਼ਕਤੀਆਂ ਕਮਿਊਨਿਸਟ ਪਾਰਟੀ ਦੇ ਹੱਥ ਵਿਚ ਹਨ । ਅਮਰੀਕਾ ਵਿਚ ਪੂੰਜੀਵਾਦ ਹੈ ਜਿਸ ਕਰਕੇ ਉਥੋਂ ਦਾ ਢਾਂਚਾ ਚੀਨ ਨਾਲੋਂ ਬਿਲਕੁਲ ਵੱਖਰਾ ਹੈ । ਇਸ ਲਈ ਆਰਥਿਕ ਖੇਤਰ ਵਿਚ ਤਬਦੀਲੀ ਆਉਣੀ ਤੇ ਰਾਜਸੀ ਖੇਤਰ ਵਿਚ ਤਬਦੀਲੀ ਆਉਣੀ ਕੁਦਰਤੀ ਹੈ । **ਕਾਰਲ ਮਾਰਕਸ** ਨੇ ਵੀ ਕਿਹਾ ਹੈ ਕਿ "ਉਤਪਾਦਨ ਦੇ ਸਾਧਨਾਂ ਵਿਚ ਪਰਿਵਰਤਨ ਹੋਣ ਤੇ ਰਾਜਸੀ ਪਰਿਵਰਤਨ ਹੋਣਾ ਲਾਜ਼ਮੀ ਹੈ ।"

**(3) ਲੋਕਤੰਤਰ ਦੀ ਸਫ਼ਲਤਾ ਲਈ ਆਰਥਿਕ ਖੁਸ਼ਹਾਲੀ ਜ਼ਰੂਰੀ ਹੈ (Economic prosperity is needed for the success of Democracy) :**

ਲੋਕਤੰਤਰ ਤਾਂ ਹੀ ਸਫ਼ਲ ਹੋ ਸਕਦਾ ਹੈ ਜੇ ਲੋਕ ਆਰਥਿਕ ਤੌਰ ਤੇ ਖੁਸ਼ਹਾਲ ਹੋਣਗੇ । ਆਰਥਿਕ ਪੱਖੋਂ ਕਮਜ਼ੋਰ ਲੋਕ ਰਾਜਨੀਤਿਕ ਗਤੀਵਿਧੀਆਂ ਵਿਚ ਹਿੱਸਾ ਨਹੀਂ ਲੈ ਸਕਦੇ । ਚਾਰਲਸ ਬਿਯਰਡ ਨੇ ਇਸ ਸੰਬੰਧੀ ਕਿਹਾ ਹੈ ਕਿ, 'ਅਰਥ-ਸ਼ਾਸਤਰ ਦੇ ਬਿਨਾਂ ਰਾਜਨੀਤੀ ਸ਼ਾਸਤਰ ਅਵਾਸਤਵਿਕ ਤੇ ਸਾਰਹੀਣ ਢਾਂਚਾ-ਮਾਤਰ ਹੀ ਹੈ ।"

**1.3.3.3 ਰਾਜਨੀਤੀ ਸ਼ਾਸਤਰ ਤੇ ਅਰਥ-ਸ਼ਾਸਤਰ ਵਿਚ ਅੰਤਰ (Difference between Political Science and Economics) :**

ਰਾਜਨੀਤੀ ਸ਼ਾਸਤਰ ਅਤੇ ਅਰਥ-ਸ਼ਾਸਤਰ ਵਿਚ ਗੂੜ੍ਹਾ ਸੰਬੰਧ ਹੁੰਦੇ ਹੋਏ ਵੀ ਦੋਹਾਂ ਵਿਚ ਹੇਠ ਲਿਖੇ ਅੰਤਰ ਹਨ:

1. ਵੱਖ-ਵੱਖ ਵਿਸ਼ਾ-ਖੇਤਰ (Separate Subject Matter) : ਰਾਜਨੀਤੀ ਸ਼ਾਸਤਰ ਰਾਜ ਅਤੇ ਸਰਕਾਰ ਦਾ ਅਧਿਐਨ ਹੈ । ਇਹ ਰਾਜ ਦੇ ਹਰ ਪੱਖ ਦਾ ਅਧਿਐਨ ਕਰਦਾ ਹੈ । ਇਸ ਦੇ ਉਲਟ ਅਰਥ-ਸ਼ਾਸਤਰ ਧਨ ਦਾ ਅਧਿਐਨ ਹੈ, ਮਨੁੱਖ ਕਿਵੇਂ ਕਮਾਉਂਦਾ ਹੈ ਉਸ ਦੀ ਵਰਤੋਂ ਕਿਸ ਤਰ੍ਹਾਂ ਕਰਦਾ ਹੈ, ਆਦਿ ।
2. ਅਧਿਐਨ ਵਿਧੀਆਂ ਵਿਚ ਅੰਤਰ (Difference in methods of Study) : ਮਿਸਟਰ ਆਇਵਰ ਬਰਾਊਨ ਨੇ ਕਿਹਾ ਹੈ ਕਿ ਅਰਥ-ਸ਼ਾਸਤਰ ਵਸਤੂਆਂ ਨਾਲ ਅਤੇ ਰਾਜਨੀਤੀ ਸ਼ਾਸਤਰ ਵਿਅਕਤੀਆਂ ਨਾਲ ਸੰਬੰਧਿਤ ਹੈ । ਅਰਥ-ਸ਼ਾਸਤਰ ਵਧੇਰੇ ਅੰਕੜਿਆਂ ਨਾਲ ਸੰਬੰਧਿਤ ਹੈ, ਇਸ ਦੇ ਉਲਟ ਰਾਜਨੀਤੀ ਸ਼ਾਸਤਰ ਦੀ ਅਧਿਐਨ ਵਿਧੀ ਵਧੇਰੇ ਕਰਕੇ ਦਾਰਸ਼ਨਿਕ ਹੁੰਦੀ ਹੈ ।

ਸੰਖੇਪ ਵਿੱਚ ਰਾਜਨੀਤੀ ਸ਼ਾਸਤਰ ਅਤੇ ਅਰਥ-ਸ਼ਾਸਤਰ ਵਿਚ ਭਿੰਨਤਾ ਹੋਣ ਦੇ ਬਾਵਜੂਦ ਵੀ ਕਿਹਾ

ਜਾਂਦਾ ਹੈ ਕਿ ਵਰਤਮਾਨ ਯੁੱਗ ਵਿਚ ਦੋਵੇਂ ਹੀ ਆਪਣੇ ਉਦੇਸ਼ ਦੀ ਪ੍ਰਾਪਤੀ ਇਕ ਦੂਜੇ ਦੇ ਸਹਿਯੋਗ ਅਤੇ ਸਹਾਇਤਾ ਤੋਂ ਬਿਨ੍ਹਾਂ ਨਹੀਂ ਕਰ ਸਕਦੇ। ਡਾ. ਗਾਰਨਰ ਨੇ ਇਸ ਸੰਬੰਧੀ ਕਿਹਾ ਹੈ ਕਿ, "ਬਹੁਤ ਸਾਰੀਆਂ ਆਰਥਿਕ ਸਮੱਸਿਆਵਾਂ ਦਾ ਹੱਲ ਰਾਜਨੀਤਿਕ ਵਿਦਵਾਨਾਂ ਦੁਆਰਾ ਹੀ ਹੋਣਾ ਜ਼ਰੂਰੀ ਹੈ, ਇਸ ਦੇ ਉਲਟ ਸਰਕਾਰ ਦੀਆਂ ਕੁੱਝ ਮੂਲ ਸਮੱਸਿਆਵਾਂ ਆਰਥਿਕ ਹਾਲਤਾਂ ਤੋਂ ਸ਼ੁਰੂ ਹੁੰਦੀਆਂ ਹਨ।" ਦੋਹਾਂ ਵਿਗਿਆਨਾਂ ਦੀ ਆਪਸੀ ਨਿਰਭਰਤਾ ਨੂੰ ਮਹਿਸੂਸ ਕਰਦੇ ਹੋਏ 1952 ਵਿਚ ਯੂਨੈਸਕੋ (UNESCO) ਦੇ ਪ੍ਰਬੰਧ ਅਧੀਨ ਆਯੋਜਿਤ ਕੀਤੀ ਗਈ ਕੈਂਬਰਿਜ ਗੋਲਮੇਜ਼ ਕਾਨਫਰੰਸ ਨੇ ਸਿਫਾਰਸ਼ ਕੀਤੀ ਕੀਤੀ ਕਿ ਹਰ ਪੱਧਰ ਦੇ ਪਾਠਕ੍ਰਮ ਵਿਚ ਅਰਥ-ਸ਼ਾਸਤਰ ਨੂੰ ਰਾਜਨੀਤੀ ਸ਼ਾਸਤਰ ਦੇ ਨਾਲ ਸਥਾਨ ਦਿੱਤਾ ਜਾਣਾ ਚਾਹੀਦਾ ਹੈ।

### 3.4 ਰਾਜਨੀਤੀ ਸ਼ਾਸਤਰ ਅਤੇ ਇਤਿਹਾਸ (Political Science and History) :

ਰਾਜਨੀਤੀ ਵਿਗਿਆਨ ਅਤੇ ਇਤਿਹਾਸ ਦਾ ਖੇਤਰ ਵੱਖਰਾ ਹੈ ਪਰ ਇਸ ਦੇ ਬਾਵਜੂਦ ਵੀ ਇਨ੍ਹਾਂ ਦੋਹਾਂ ਦਾ ਬੜਾ ਗੂੜ੍ਹਾ ਸੰਬੰਧ ਹੈ। **ਪ੍ਰੋ. ਸੀਲੇ** **(Prof. Seeley)** ਨੇ ਦੋਹਾਂ ਵਿਚ ਸੰਬੰਧ ਦੱਸਦੇ ਹੋਏ ਲਿਖਿਆ ਹੈ ਕਿ, **"ਬਿਨਾਂ ਰਾਜਨੀਤੀ ਦੇ ਇਤਿਹਾਸ ਦਾ ਕੋਈ ਫ਼ਲ ਨਹੀਂ ਅਤੇ ਬਿਨਾਂ ਇਤਿਹਾਸ ਦੇ ਰਾਜਨੀਤੀ ਦਾ ਕੋਈ ਆਧਾਰ ਨਹੀਂ।"** ("History without Political Science has no fruit, Political Science without History has no root") **ਇਸੇ ਤਰ੍ਹਾਂ ਹੀ ਦੋਹਾਂ ਵਿਸ਼ਿਆਂ ਦੇ ਗੂੜ੍ਹੇ ਸੰਬੰਧ ਨੂੰ ਦਰਸਾਉਂਦੇ ਹੋਏ ਪ੍ਰੋ. ਬਰਗਸ ਨੇ ਕਿਹਾ ਕਿ, "ਇਨ੍ਹਾਂ ਦੋਹਾਂ ਵਿਗਿਆਨਾਂ ਨੂੰ ਅਲੱਗ ਕਰ ਦਿਓ ਤਾਂ ਇਕ ਜੇ ਮੁਰਦਾ ਨਹੀਂ ਤਾਂ ਅਪਾਹਜ ਜ਼ਰੂਰ ਹੋ ਜਾਵੇਗਾ ਅਤੇ ਦੂਜਾ ਕੂੜੇ ਦਾ ਢੇਰ ਬਣ ਕੇ ਰਹਿ ਜਾਵੇਗਾ"** (Separate them, the one becomes a cripple if not corpse, the other will of the wisp—Burgess)। ਪ੍ਰੋ. ਫਰੀਮੈਨ ਅਨੁਸਾਰ, "ਇਤਿਹਾਸ ਭੂਤਕਾਲ ਦੀ ਰਾਜਨੀਤੀ ਹੈ ਅਤੇ ਰਾਜਨੀਤੀ ਵਰਤਮਾਨ ਦਾ ਇਤਿਹਾਸ ਹੈ। ਪ੍ਰੋ. ਬ੍ਰਾਇਸ ਇਸ ਵਿਸ਼ੇ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ ਕਿ, ਰਾਜਨੀਤੀ ਸ਼ਾਸਤਰ ਇਤਿਹਾਸ ਅਤੇ ਰਾਜਨੀਤੀ ਦੇ ਭੂਤ ਅਤੇ ਵਰਤਮਾਨ ਦੇ ਵਿਚਕਾਰ ਹੈ। ਉਹ ਇਕ ਵਿਸ਼ੇ ਤੋਂ ਆਪਣੀ ਅਧਿਐਨ ਸਮੱਗਰੀ ਲੈ ਕੇ ਉਸ ਦੀ ਵਰਤੋਂ ਦੂਜੇ ਵਿਸ਼ੇ ਦੇ ਅਧਿਐਨ ਵਿਚ ਕਰਦਾ ਹੈ।

#### 1.3.4.1 ਇਤਿਹਾਸ ਦੀ ਰਾਜਨੀਤੀ ਸ਼ਾਸਤਰ ਨੂੰ ਦੇਣ (Contribution of History of Political Science) :

**1. ਰਾਜ ਅਤੇ ਹੋਰ ਸੰਸਥਾਵਾਂ ਦੇ ਭੂਤਕਾਲ ਦੇ ਅਧਿਐਨ ਲਈ ਇਤਿਹਾਸ 'ਤੇ ਨਿਰਭਰ ਕਰਨਾ ਪੈਂਦਾ ਹੈ :** ਰਾਜਨੀਤੀ ਸੰਸਥਾਵਾਂ ਨੂੰ ਸਮਝਣ ਲਈ ਉਨ੍ਹਾਂ ਦੇ ਭੂਤ ਨੂੰ ਜਾਣਨਾ ਜ਼ਰੂਰੀ ਹੈ ਅਤੇ ਇਤਿਹਾਸ ਦੁਆਰਾ ਹੀ ਇਸ ਨੂੰ ਜਾਣਿਆ ਜਾ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਇੰਗਲੈਂਡ ਵਿਚ ਸੀਮਤ ਰਾਜਤੰਤਰ ਹੈ ਤੇ ਸੰਸਦ ਦੀ ਸਰਵਉੱਚਤਾ ਹੈ। ਇਸ ਦਾ ਇਹ ਵਰਤਮਾਨ ਸਰੂਪ ਸਮਝਣ ਲਈ ਸਾਨੂੰ ਇਤਿਹਾਸ ਦਾ ਡੂੰਘਾ ਅਧਿਐਨ ਕਰਨਾ ਪਵੇਗਾ ਕਿ ਪਹਿਲਾਂ ਉੱਥੇ ਬਾਦਸ਼ਾਹ ਦੀਆਂ ਸ਼ਕਤੀਆਂ ਅਸੀਮਤ ਸਨ ਪਰ ਸਤ੍ਹਾਰਵੀਂ ਸਦੀ ਵਿਚ ਇਸ ਬਾਰੇ ਮਹਾਨ ਸੰਘਰਸ਼ ਚਲਿਆ ਕਿ ਬਾਦਸ਼ਾਹ ਸਰਵਉੱਚ ਹੈ ਜਾਂ ਸੰਸਦ। ਫਿਰ 1688 ਵਿਚ ਮਹਾਨ ਕ੍ਰਾਂਤੀ ਹੋਈ ਜਿਸ ਕਰਕੇ ਸੀਮਤ ਰਾਜਤੰਤਰ ਕਾਇਮ ਹੋਇਆ ਤੇ ਇਸ ਦੇ ਨਾਲ ਹੀ ਸੰਸਦ ਦੀ ਸਰਵਉੱਚਤਾ ਸਥਾਪਿਤ ਹੋ ਗਈ। ਪ੍ਰੋ. ਜੈਲੀਨੇਕ ਨੇ ਵੀ ਕਿਹਾ ਕਿ, "ਰਾਜਨੀਤੀ, ਕਾਨੂੰਨ ਜਾਂ ਸਮਾਜਿਕ ਸਾਰੀਆਂ ਪ੍ਰਕਾਰ ਦੀਆਂ ਸੰਸਥਾਵਾਂ ਦੇ ਉਚਿਤ ਅਧਿਐਨ ਲਈ ਇਤਿਹਾਸ ਨੂੰ ਆਧਾਰ ਬਣਾਉਣ ਦੀ ਲੋੜ ਅੱਜ ਇਕ ਆਪ ਸਿੱਧ ਤੱਥ ਬਣ ਗਈ ਹੈ।

**2. ਇਤਿਹਾਸ, ਰਾਜਨੀਤੀ ਸ਼ਾਸਤਰ ਦੀ ਪ੍ਰਯੋਗਸ਼ਾਲਾ ਜਾਂ ਮਾਰਗ ਦਰਸ਼ਕ ਹੈ :** ਮਨੁੱਖੀ ਇਤਿਹਾਸ ਦੇ ਵੱਖ-ਵੱਖ ਸੋਮਿਆਂ ਤੇ ਰਾਜਨੀਤਿਕ ਖੇਤਰ ਵਿਚ ਅਨੇਕਾਂ ਕਾਰਜ ਕੀਤੇ ਗਏ ਜਿਨ੍ਹਾਂ ਦੇ ਸਿੱਟੇ ਸਫਲਤਾ-ਅਸਫਲਤਾ ਦਾ ਵਰਨਣ ਇਤਿਹਾਸ ਤੋਂ ਪ੍ਰਾਪਤ ਹੁੰਦਾ ਹੈ। ਭਾਰਤ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਇੱਥੇ ਉਹੀ ਸ਼ਾਸਕ ਸਫ਼ਲ ਰਹੇਗਾ ਜੋ ਧਰਮ-ਨਿਰਪੇਖ ਹੋਵੇ। ਧਾਰਮਿਕ ਸਹਿਨਸ਼ੀਲਤਾ ਦੀ

ਨੀਤੀ ਦੇ ਆਧਾਰ 'ਤੇ ਭਾਰਤ ਵਿਚ ਅਕਬਰ ਨੇ ਵਿਸ਼ਾਲ ਸਾਮਰਾਜ ਦੀ ਨੀਂਹ ਰੱਖੀ ਜਦੋਂ ਕਿ ਔਰੰਗਜੇਬ ਦੀ ਪੱਖਪਾਤੀ ਨੀਤੀ ਕਾਰਨ ਮੁਗਲ ਸਾਮਰਾਜ ਦਾ ਖ਼ਾਤਮਾ ਹੋਇਆ ।

ਇਤਿਹਾਸ ਦੇ ਗਿਆਨ ਦਾ ਲਾਭ ਉਠਾਉਂਦਿਆਂ ਭਾਰਤੀ ਸੰਵਿਧਾਨ ਰਚਨਹਾਰਿਆਂ ਨੇ ਭਾਰਤ ਨੂੰ ਧਰਮ-ਨਿਰਪੱਖ ਰਾਜ ਬਣਾਇਆ । ਸੋ ਰਾਜਨੀਤੀ ਸ਼ਾਸਤਰ ਦੇ ਅਧਿਐਨ ਦਾ ਆਧਾਰ ਇਤਿਹਾਸ ਹੈ ।

**3. ਇਤਿਹਾਸ ਰਾਜਨੀਤੀ ਪ੍ਰਣਾਲੀ ਵਿਚ ਪਰਿਵਰਤਨ ਦੀ ਵਿਆਖਿਆ ਕਰਦਾ ਹੈ :** ਹਰ ਦੇਸ਼ ਵਿਚ ਰਾਜਨੀਤਿਕ ਪ੍ਰਣਾਲੀਆਂ ਵਿਚ ਪ੍ਰੀਰਵਰਤਨ ਹੁੰਦੇ ਰਹਿੰਦੇ ਹਨ ਅਤੇ ਇਤਿਹਾਸ ਇਨ੍ਹਾਂ ਪਰਿਵਰਤਨਾਂ ਦੇ ਕਾਰਨਾਂ ਦੀ ਵਿਆਖਿਆ ਕਰਦਾ ਹੈ ।ਸੰਖੇਪ ਵਿਚ, ਇਹ ਕਹਿਣਾ ਉਚਿਤ ਹੈ ਕਿ ਇਤਿਹਾਸ ਨੂੰ ਨਜ਼ਰ-ਅੰਦਾਜ ਕਰਨ ਨਾਲ ਰਾਜਨੀਤੀ ਸ਼ਾਸਤਰ ਦਾ ਅਧਿਐਨ ਕੇਵਲ ਕਾਲਪਨਿਕ ਅਤੇ ਸਿਧਾਂਤਕ ਹੀ ਹੋਵੇਗਾ । ਅਜਿਹਾ ਅਧਿਐਨ ਨੂੰ ਦੋਸ਼ਪੂਰਣ ਦੱਸਦਿਆਂ **ਲਾਸਕੀ (Laski)** ਨੇ ਕਿਹਾ ਹੈ, "ਹਰ ਤਰ੍ਹਾਂ ਦਾ ਕਲਪਿਤ ਰਾਜਨੀਤੀ ਸ਼ਾਸਤਰ ਅਸਫ਼ਲ ਹੋਵੇਗਾ ਕਿਉਂਕਿ ਮਨੁੱਖ ਕਦੇ ਵੀ ਇਤਿਹਾਸ ਦੇ ਪ੍ਰਭਾਵਾਂ ਤੋਂ ਮੁਕਤ ਨਹੀਂ ਹੋ ਸਕਦਾ ।"

### 1.3.4.2 ਰਾਜਨੀਤੀ ਸ਼ਾਸਤਰ ਦੀ ਇਤਿਹਾਸ ਨੂੰ ਦੇਣ (Contribution of Political Science to History) :

ਰਾਜਨੀਤੀ ਸ਼ਾਸਤਰ ਦੀ ਇਤਿਹਾਸ ਨੂੰ ਹੇਠ ਲਿਖੀ ਦੇਣ ਹੈ ।

(1) ਜੇ ਇਤਿਹਾਸ ਦੇ ਵਿਦਿਆਰਥੀ ਰਾਜਨੀਤੀ ਘਟਨਾਵਾਂ ਨੂੰ ਧਿਆਨ ਵਿੱਚ ਨਾ ਰੱਖਣ ਤਾਂ ਖੋਜ ਦੀ ਨਿਰਪੱਖਤਾ ਸੰਭਵ ਨਹੀਂ । ਉਦਾਹਰਣ ਦੇ ਤੌਰ 'ਤੇ ਭਾਰਤ ਦੀ ਵੰਡ ਹੋਈ ਤੇ ਪਾਕਿਸਤਾਨ ਰਾਜ ਸਥਾਪਤ ਹੋਇਆ ਪਰ ਇਸ ਵੰਡ ਦੇ ਕਾਰਣਾਂ ਨੂੰ ਸਮਝਣ ਲਈ ਅੰਗਰੇਜ਼ਾਂ ਦੀ 'ਫੁੱਟ ਪਾਓ ਤੇ ਰਾਜ ਕਰੋ' ਵਾਲੀ ਰਾਜਨੀਤੀ ਸਮਝਣੀ ਜ਼ਰੂਰੀ ਹੈ । ਇਸੇ ਤਰ੍ਹਾਂ 1789 ਵਿਚ ਵਾਪਰੀ ਫਰਾਂਸ ਦੀ ਕ੍ਰਾਂਤੀ ਦਾ ਅਧਿਐਨ ਠੀਕ ਰੂਪ ਵਿਚ ਤਾਂ ਹੀ ਸੰਭਵ ਹੈ ਜੇਕਰ ਉਸ ਸਮੇਂ ਦੀ ਫਰਾਂਸ ਦੀ ਰਾਜਨੀਤਿਕ ਸਥਿਤੀ, ਉਥੋਂ ਦੇ ਬਾਦਸ਼ਾਹਾਂ ਦਾ ਅਤਿਆਚਾਰੀ ਸ਼ਾਸਨ ਅਤੇ ਮਾਂਟੈਸਕਿਊ, ਰੂਸੋ ਵਰਗੇ ਸੁਤੰਤਰਤਾ ਪ੍ਰੇਮੀਆਂ ਦੇ ਰਾਜਨੀਤਿਕ ਵਿਚਾਰਾਂ ਦਾ ਅਧਿਐਨ ਕੀਤਾ ਜਾਏ ।

### (2) ਰਾਜਨੀਤਿਕ ਵਿਚਾਰਧਾਰਾਵਾਂ ਇਤਿਹਾਸਕ ਘਟਨਾਵਾਂ ਨੂੰ ਜਨਮ ਦੇਂਦੀਆਂ ਹਨ :

ਰੂਸੋ ਤੇ ਮਾਂਟੈਸਕਿਊ ਦੇ ਰਾਜਨੀਤਿਕ ਵਿਚਾਰਾਂ ਦਾ ਫਰਾਂਸ ਦੀ ਕ੍ਰਾਂਤੀ ਤੇ ਪ੍ਰਭਾਵ ਪਿਆ ਇਸੇ ਤਰ੍ਹਾਂ ਰੂਸ ਵਿਚ ਵਾਪਰੀ 1917 ਦੀ ਕ੍ਰਾਂਤੀ ਕਾਰਲ ਮਾਰਕਸ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਈ । ਇਸ ਤੋਂ ਇਲਾਵਾ ਦੂਜੇ ਮਹਾਂਯੁੱਧ ਦੇ ਅਨੇਕਾਂ ਕਾਰਣਾਂ ਵਿਚੋਂ ਫਾਸ਼ੀਵਾਦ ਅਤੇ ਨਾਜ਼ੀਵਾਦ ਰਾਜਨੀਤੀ ਵਿਚਾਰਧਾਰਾ ਦਾ ਪ੍ਰਭਾਵ ਵੀ ਇੱਕ ਮੁੱਖ ਕਾਰਣ ਸੀ ।

### 1.3.4.3 ਇਤਿਹਾਸ ਅਤੇ ਰਾਜਨੀਤੀ ਵਿਚ ਅੰਤਰ (Difference between History and Political Science)

ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਵਿਚ ਗੂੜਾ ਸੰਬੰਧ ਹੁੰਦੇ ਹੋਏ ਵੀ ਇਨ੍ਹਾਂ ਵਿਚ ਅੰਤਰ ਹੈ । ਇਸ ਬਾਰੇ ਪ੍ਰੋ. ਬਾਰਕਰ ਨੇ ਕਿਹਾ ਹੈ ਕਿ, "ਇਤਿਹਾਸ ਅਤੇ ਰਾਜਨੀਤੀ ਸ਼ਾਸਤਰ ਦੀਆਂ ਹੱਦਾਂ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਨਾਲ ਨਾਲ ਚਲਦੀਆਂ ਹਨ ਪਰ ਇਕ ਦੂਜੇ ਤੋਂ ਅਲੱਗ ਅਤੇ ਸੁਤੰਤਰ ਅਧਿਐਨ ਵਿਸ਼ੇ ਹਨ ।"

ਦੋਹਾਂ ਵਿਚ ਹੇਠ ਲਿਖੇ ਅੰਤਰ ਹਨ :

### (1) ਇਤਿਹਾਸ ਦਾ ਖੇਤਰ ਰਾਜਨੀਤੀ ਨਾਲੋਂ ਵਿਆਪਕ ਹੈ :

ਇਤਿਹਾਸ ਵਿਚ ਹਰ ਘਟਨਾ ਦਾ ਵਰਨਣ ਕੀਤਾ ਜਾਂਦਾ ਹੈ । ਇਤਿਹਾਸ ਮਨੁੱਖ ਦੇ ਧਾਰਮਿਕ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਾਰੇ ਪਹਿਲੂਆਂ ਦਾ ਅਧਿਐਨ ਕਰਦਾ ਹੈ । ਪਰ ਰਾਜਨੀਤੀ ਸ਼ਾਸਤਰ ਮਨੁੱਖੀ ਜੀਵਨ ਦੇ ਰਾਜਨੀਤਿਕ ਪਹਿਲੂ ਦਾ ਅਧਿਐਨ ਕਰਦਾ ਹੈ । ਉਦਾਹਰਣ ਦੇ ਤੌਰ 'ਤੇ ਇਕ ਰਾਜਨੀਤੀ

ਸ਼ਾਸਤਰੀ ਲਈ ਪਹਿਲੇ ਅਤੇ ਦੂਜੇ ਮਹਾਂਯੁੱਧਾਂ ਦੀ ਇਹ ਹੀ ਮਹਾਨਤਾ ਹੈ ਕਿ ਇਹ ਲੋਕਤੰਤਰ ਦੀ ਰਾਖੀ ਲਈ ਲੜੇ ਗਏ ਪਰ ਇਤਿਹਾਸਕਾਰ ਲਈ ਇਕ ਯੁੱਧ ਵਿਚ ਹੋਣ ਵਾਲੀਆਂ ਸਾਰੀਆਂ ਘਟਨਾਵਾਂ ਮਹਾਨ ਹਨ ।

**(2) ਰਾਜਨੀਤੀ ਸ਼ਾਸਤਰ ਭੂਤ, ਵਰਤਮਾਨ ਅਤੇ ਭਵਿੱਖ ਨਾਲ ਸੰਬੰਧਤ ਹੈ ਜਦੋਂ ਕਿ ਇਤਿਹਾਸ ਕੇਵਲ ਭੂਤਕਾਲ ਨਾਲ ਸੰਬੰਧਤ ਹੈ :**

ਰਾਜਨੀਤੀ ਵਿਗਿਆਨ ਤਿੰਨਾਂ ਕਾਲਾਂ ਨਾਲ ਸੰਬੰਧਤ ਹੈ । ਭੂਤਕਾਲ ਦੇ ਆਧਾਰ ਤੇ ਵਰਤਮਾਨ ਦਾ ਵਿਸ਼ਲੇਸ਼ਣ ਕਰਨ ਅਤੇ ਭਵਿੱਖ ਲਈ ਸਿਧਾਂਤ ਨਿਸ਼ਚਿਤ ਕਰਨਾ ਰਾਜਨੀਤੀ ਵਿਗਿਆਨ ਦੇ ਖੇਤਰ ਵਿਚ ਆਉਂਦਾ ਹੈ, ਇਸ ਦੇ ਉਲਟ ਇਤਿਹਾਸਕਾਰ ਹਰ ਘਟਨਾ ਭਾਵੇਂ ਉਹ ਚੰਗੀ ਹੈ ਜਾਂ ਮੰਦੀ ਉਸ ਨੂੰ ਉਸ ਰੂਪ ਵਿਚ ਵਰਨਣ ਕਰ ਦਿੰਦਾ ਹੈ, ਵਰਤਮਾਨ ਤੇ ਭਵਿੱਖ ਨਾਲ ਉਸ ਦਾ ਕੋਈ ਸੰਬੰਧ ਨਹੀਂ ।

**(3) ਅਧਿਐਨ ਵਿਧੀਆਂ ਵਿਚ ਅੰਤਰ :**

ਇਤਿਹਾਸ ਦੀ ਅਧਿਐਨ ਵਿਧੀ ਵਿਆਖਿਆਤਮਕ ਹੈ ਜਦ ਕਿ ਰਾਜਨੀਤੀ ਵਿਗਿਆਨ ਦੀ ਅਧਿਐਨ ਵਿਧੀ ਵਿਸ਼ਲੇਸ਼ਣਾਤਮਕ ਹੈ । ਇਤਿਹਾਸ ਵਾਪਰੀਆਂ ਘਟਨਾਵਾਂ ਦਾ ਵਰਨਣ ਕਰਦਾ ਹੈ ਅਤੇ ਕਿਸੇ ਗੱਲ ਦਾ ਕਿਆਸ ਨਹੀਂ ਕਰਦਾ । ਇਸ ਦੇ ਉਲਟ ਰਾਜਨੀਤੀ ਵਿਗਿਆਨ ਵਿਚਾਰਸ਼ੀਲ ਹੈ ਅਤੇ ਵਾਪਰੀਆਂ ਘਟਨਾਵਾਂ ਦੇ ਆਧਾਰ ਤੇ ਭਵਿੱਖ ਦਾ ਕਿਆਸ ਕਰਦਾ ਹੈ । ਕੀ ਹੋਣਾ ਚਾਹੀਦਾ ਹੈ, ਇਹ ਰਾਜਨੀਤੀ ਵਿਗਿਆਨ ਦੇ ਖੇਤਰ ਵਿਚ ਹਨ, ਇਤਿਹਾਸ ਦੇ ਨਹੀਂ ।

**(4) ਉਦੇਸ਼ ਵਿਚ ਅੰਤਰ :**

ਇਤਿਹਾਸ ਕੇਵਲ ਵਾਪਰੀਆਂ ਘਟਨਾਵਾਂ ਦਾ ਵਰਨਣ ਕਰਦਾ ਹੈ ਅਤੇ ਘਟਨਾਵਾਂ ਦੀ ਨੈਤਿਕਤਾ ਦੇ ਆਧਾਰ ਤੇ ਪਰਖ ਕਰਕੇ ਉਹ ਕੋਈ ਨੈਤਿਕ ਨਿਰਣਾ ਨਹੀਂ ਦਿੰਦਾ । ਪ੍ਰੰਤੂ ਰਾਜਨੀਤਿਕ ਵਿਗਿਆਨੀ ਘਟਨਾਵਾਂ ਦੇ ਆਧਾਰ ਤੇ ਨੈਤਿਕ ਨਿਰਣੇ ਜ਼ਰੂਰ ਦੇਵੇਗਾ ਜੋ ਭਵਿੱਖ ਵਿਚ ਨਾਗਰਿਕਾਂ ਦਾ ਮਾਰਗ ਦਰਸ਼ਕ ਬਣ ਸਕਣ । ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦੋਹਾਂ ਵਿਗਿਆਨਾਂ ਦਾ ਖੇਤਰ ਭਾਵੇਂ ਵੱਖ ਹੈ ਪਰ ਦੋਵੇਂ ਇੱਕ ਦੂਜੇ ਲਈ ਸਹਾਇਕ ਸਿੱਧ ਹੁੰਦੇ ਹਨ । ਇਕ ਦਾ ਅਧਿਐਨ ਦੂਸਰੇ ਬਿਨਾਂ ਅਧੂਰਾ ਹੈ । ਇਸੇ ਕਾਰਨ ਪ੍ਰੋ. ਸੀਲੇ ਨੇ ਕਿਹਾ ਕਿ ਰਾਜਨੀਤੀ ਅਸ਼ਲੀਲ ਹੈ ਜੇਕਰ ਇਸ ਨੂੰ ਇਤਿਹਾਸ ਦੁਆਰਾ ਉਦਾਰਚਿੱਤ ਨਾ ਬਣਾਇਆ ਜਾਵੇ । ਇਸੇ ਤਰ੍ਹਾਂ ਇਤਿਹਾਸ ਇਕ ਕੋਰਾ ਸਹਿਤ ਹੈ ਜੇ ਇਸ ਦਾ ਰਾਜਨੀਤੀ ਨਾਲ ਕੋਈ ਸੰਬੰਧ ਨਾ ਹੋਵੇ ।

### ਸਵੈ-ਅਭਿਆਸ ਲਈ ਪ੍ਰਸ਼ਨ -2

(1) ਰਾਜਨੀਤੀ ਵਿਗਿਆਨ ਦੀ ਅਰਥ ਸ਼ਾਸਤਰ ਨੂੰ ਦੇਣ ਦੱਸੋ । (ਕੋਈ ਦੋ Points)

(2) ਅਰਥ ਸ਼ਾਸਤਰ ਦੀ ਰਾਜਨੀਤੀ ਵਿਗਿਆਨ ਨੂੰ ਦੇਣ ਦੱਸੋ । (ਕੋਈ ਦੋ Points)

(3) ਇਤਿਹਾਸ ਤੇ ਰਾਜਨੀਤੀ ਵਿਗਿਆਨ ਤਿੰਨ ਅੰਤਰ ਦੱਸੋ ।

(4) ਬਿਨਾਂ ਰਾਜਨੀਤੀ ਦੇ ਇਤਿਹਾਸ ਦਾ ਕੋਈ ਫਲ ਨਹੀਂ, ਬਿਨਾਂ ਇਤਿਹਾਸ ਦੇ ਰਾਜਨੀਤੀ ਦਾ ਕੋਈ ਆਧਾਰ ਨਹੀਂ––ਇਹ ਕਥਨ ਕਿਸ ਦਾ ਹੈ?

### 1.3.5 ਰਾਜਨੀਤੀ ਵਿਗਿਆਨ ਅਤੇ ਸਮਾਜ ਸ਼ਾਸਤਰ (Political Science and Sociology) :

ਸਮਾਜ ਸ਼ਾਸਤਰ ਨੂੰ ਦੂਸਰੇ ਸਮਾਜ ਵਿਗਿਆਨਾਂ ਦਾ ਜਨਮਦਾਤਾ ਮੰਨਿਆ ਗਿਆ ਹੈ । ਸਮਾਜ ਸ਼ਾਸਤਰ ਵਿਚ ਸਮਾਜ ਦੀ ਉਤਪਤੀ, ਵਿਕਾਸ, ਸੰਗਠਨ, ਉਦੇਸ਼ ਅਤੇ ਸਰੂਪ ਆਦਿ ਵਿਸ਼ਿਆਂ ਦਾ ਅਧਿਐਨ ਕੀਤਾ ਜਾਂਦਾ ਹੈ । ਸਮਾਜ ਸਭ ਤੋਂ ਪੁਰਾਣਾ ਸੰਗਠਨ ਹੈ, ਇਸ ਲਈ ਸਮਾਜ ਸ਼ਾਸਤਰ ਵੀ ਸਭ ਤੋਂ ਪੁਰਾਣਾ ਵਿਗਿਆਨ ਹੈ । ਸਮਾਜ ਸ਼ਾਸਤਰ ਵਿਚ ਮਨੁੱਖੀ ਜੀਵਨ ਦੇ ਸਾਰੇ ਪੱਖਾਂ ਰਾਜਸੀ, ਧਾਰਮਿਕ, ਆਰਥਿਕ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ ਪਰ ਰਾਜਨੀਤੀ ਸ਼ਾਸਤਰ ਵਿਚ ਮਨੁੱਖੀ ਜੀਵਨ ਦੇ ਪਹਿਲੂ ਦਾ ਅਧਿਐਨ ਕੀਤਾ ਜਾਂਦਾ ਹੈ । **ਆਗਸਟ ਕਮਟੇ (Augustus Comte)** ਦਾ ਕਥਨ ਹੈ ਕਿ, **"ਰਾਜਨੀਤੀ ਸ਼ਾਸਤਰ ਸਾਰੇ ਸਮਾਜ ਦੀ ਮਾਂ ਹੈ ।" ਪ੍ਰੋ. ਕੈਟਲਿਨ (Catlin)** ਨੇ ਕਿਹਾ ਕਿ, "ਉਨ੍ਹਾਂ ਮਨੁੱਖਾਂ ਨੂੰ, ਜਿਨ੍ਹਾਂ ਨੂੰ

ਸਮਾਜ ਸ਼ਾਸਤਰ ਦੇ ਮੁੱਢਲੇ ਨਿਯਮਾਂ ਦਾ ਵੀ ਗਿਆਨ ਪ੍ਰਾਪਤ ਨਾ ਹੋਵੇ, ਰਾਜ ਦੇ ਸਿਧਾਂਤਾਂ ਦਾ ਗਿਆਨ ਦੇਣਾ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਉਨ੍ਹਾਂ ਵਿਅਕਤੀਆਂ ਨੂੰ ਤਾਰਾ ਵਿਗਿਆਨ ਜਾਂ ਤਾਪ ਗਤੀ ਵਿਗਿਆਨ ਪੜ੍ਹਾਇਆ ਜਾਵੇ ਜਿਨ੍ਹਾਂ ਨਿਊਟਨ ਦੀ ਗਤੀ ਦੇ ਨਿਯਮਾਂ ਦਾ ਅਧਿਐਨ ਨਾ ਕੀਤਾ ਹੋਵੇ ।"

**1.3.5.1 ਰਾਜਨੀਤੀ ਸ਼ਾਸਤਰ ਦੀ ਸਮਾਜ ਸ਼ਾਸਤਰ ਨੂੰ ਦੇਣ (Contribution of Political Science to Sociology)** : ਰਾਜਨੀਤੀ ਸ਼ਾਸਤਰ ਦੀ ਸਮਾਜ ਸ਼ਾਸਤਰ ਨੂੰ ਹੇਠ ਲਿਖੀ ਦੇਣ ਹੈ :

**(1) ਰਾਜਨੀਤੀ ਸ਼ਾਸਤਰ ਰਾਜ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ :** ਮਨੁੱਖ ਸਮਾਜਿਕ ਪ੍ਰਾਣੀ ਹੋਣ ਦੇ ਨਾਲ-ਨਾਲ ਰਾਜਨੀਤਿਕ ਪ੍ਰਾਣੀ ਵੀ ਹੈ ਅਤੇ ਰਾਜ ਸਰਵਉੱਚ ਰਾਜਨੀਤਿਕ ਸੰਗਠਨ ਹੈ । ਸਮਾਜ ਸ਼ਾਸਤਰ ਨੂੰ ਰਾਜ ਨਾਲ ਸੰਬੰਧਤ ਹਰ ਜਾਣਕਾਰੀ ਰਾਜਨੀਤੀ ਸ਼ਾਸਤਰ ਤੋਂ ਮਿਲਦੀ ਹੈ । ਸਮਾਜ ਵਿਚ ਰਹਿੰਦੇ ਹੋਏ ਵਿਅਕਤੀ ਅਤੇ ਭਿੰਨ-ਭਿੰਨ ਸੰਸਥਾਵਾਂ ਆਪਣੇ ਸਮੇਂ ਦੇ ਰਾਜਨੀਤਿਕ ਸੰਗਠਨ ਦੁਆਰਾ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ । ਇਸ ਲਈ ਸਮਾਜਿਕ ਤੱਥਾਂ, ਘਟਨਾਵਾਂ ਅਤੇ ਸੰਸਥਾਵਾਂ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਰਾਜਨੀਤਿਕ ਢਾਂਚੇ ਅਤੇ ਪ੍ਰਣਾਲੀ ਨੂੰ ਵੀ ਸਮਝਿਆ ਜਾਏ ।

**(2) ਰਾਜ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਦਾ ਹੈ :** ਸਮਾਜ ਵਿਚ ਪਾਈਆਂ ਜਾਣ ਵਾਲੀਆਂ ਅਨੇਕਾਂ ਬੁਰਾਈਆਂ ਨੂੰ ਰਾਜ ਕਾਨੂੰਨ ਬਣਾ ਕੇ ਸਮਾਪਤ ਕਰਦਾ ਹੈ ਅਤੇ ਇਸ ਤਰ੍ਹਾਂ ਵਧੀਆ ਸਮਾਜਿਕ ਵਾਤਾਵਰਣ ਕਾਇਮ ਕਰਨ ਵਿਚ ਸਹਾਇਤਾ ਕਰਦਾ ਹੈ । ਉਦਾਹਰਣ ਦੇ ਤੌਰ 'ਤੇ ਭਾਰਤ ਬਹੁ-ਜਾਤੀ ਦੇਸ਼ ਹੈ ਤੇ ਇੱਥੇ ਛੂਤ-ਛਾਤ ਚਲਦਾ ਰਿਹਾ ਹੈ ਤੇ ਹੁਣ ਸੰਵਿਧਾਨ ਦੀ ਧਾਰਾ 17 ਅਧੀਨ ਛੂਤ-ਛਾਤ ਨੂੰ ਅਮਲ ਵਿਚ ਲਿਆਉਣਾ ਕਾਨੂੰਨੀ ਤੌਰ ਤੇ ਜੁਰਮ ਹੈ ।

**(3) ਰਾਜ ਸਮਾਜਿਕ ਸੰਗਠਨਾਂ ਨੂੰ ਨਿਯਮਿਤ ਕਰਦਾ ਹੈ :** ਰਾਜ ਵਿਚ ਅਨੇਕਾਂ ਸਮਾਜਿਕ ਸੰਗਠਨ ਪਾਏ ਜਾਂਦੇ ਹਨ ਅਤੇ ਰਾਜ ਉਨ੍ਹਾਂ ਨੂੰ ਨਿਯਮਿਤ ਕਰਦਾ ਹੈ । ਇਹੀ ਕਾਰਨ ਹੈ ਕਿ ਮੌਰਿਸ, ਗਿਜਿਬਰਗ, ਅਗਸਟ ਕਾਮਟੇ, ਲੈਸਟਰ ਵਰਡ ਆਦਿ ਪ੍ਰਸਿੱਧ ਸਮਾਜ ਸ਼ਾਸਤਰੀਆਂ ਨੂੰ ਰੁਚੀ ਦਿਖਾਈ ਹੈ ।

**3.5.2 ਸਮਾਜ ਸ਼ਾਸਤਰ ਦੀ ਰਾਜਨੀਤੀ ਸ਼ਾਸਤਰ ਨੂੰ ਹੇਠ ਲਿਖੀ ਦੇਣ ਹੈ :**

**(1) ਰਾਜ ਦਾ ਵਿਕਾਸ ਸਮਾਜ ਵਿਚੋਂ ਹੋਇਆ ਹੈ :** ਸਮਾਜ ਸਭ ਤੋਂ ਪੁਰਾਣਾ ਸੰਗਠਨ ਹੈ ਅਤੇ ਰਾਜ ਦੀ ਉਤਪਤੀ ਸਮਾਜ ਵਿਚੋਂ ਹੋਈ ਹੈ । ਰਾਜ ਦੇ ਵਿਕਾਸ ਅਤੇ ਸਰੂਪ ਨੂੰ ਜਾਨਣ ਲਈ ਸਮਾਜ ਸ਼ਾਸਤਰ ਦੇ ਅਧਿਐਨ ਦੀ ਲੋੜ ਪੈਂਦੀ ਹੈ । ਰਾਜ ਅਤੇ ਦੂਸਰੀਆਂ ਅਨੇਕਾਂ ਰਾਜਨੀਤਿਕ ਸੰਸਥਾਵਾਂ ਦੇ ਵਿਗਿਆਨਕ ਅਧਿਐਨ ਲਈ ਰਾਜਨੀਤਿਕ ਸ਼ਾਸਤਰ ਨੂੰ ਅਜਿਹੀ ਸਮੱਗਰੀ ਦੀ ਲੋੜ ਹੁੰਦੀ ਹੈ ਜਿਸ ਕਰਕੇ ਉਸ ਨੂੰ ਸਮਾਜ ਸ਼ਾਸਤਰ ਤੇ ਨਿਰਭਰ ਰਹਿਣਾ ਪੈਂਦਾ ਹੈ ।

**(2) ਰਾਜ ਦੇ ਕਾਨੂੰਨ ਰੀਤੀ-ਰਿਵਾਜਾਂ ਤੇ ਆਧਾਰਤ ਹੁੰਦੇ ਹਨ :** ਸਮਾਜਿਕ ਪ੍ਰੰਪਰਾਵਾਂ ਤੇ ਰੀਤੀ-ਰਿਵਾਜਾਂ ਆਦਿ ਰਾਜ ਦੁਆਰਾ ਬਣਾਏ ਕਾਨੂੰਨ ਦਾ ਸੋਮਾ ਹੁੰਦੇ ਹਨ ਅਤੇ ਇਹ ਰਾਜ ਦੇ ਕਾਨੂੰਨ ਨੂੰ ਪ੍ਰਭਾਵਿਤ ਕਰਦੇ ਹਨ । ਕੋਈ ਵੀ ਰਾਜ ਸਮਾਜਿਕ ਰੀਤੀ ਰਿਵਾਜ਼ਾਂ ਨੂੰ ਖ਼ਤਮ ਕਰਨ ਦਾ ਹੌਂਸਲਾ ਨਹੀਂ ਕਰ ਸਕਦਾ । ਪ੍ਰੋ. ਗੈਟਲ ਨੇ ਇਸ ਸੰਬੰਧੀ ਕਿਹਾ ਹੈ ਕਿ, "ਬਹੁਤ ਸਾਰੀਆਂ ਤਬਦੀਲੀਆਂ ਜੋ ਰਾਜਨੀਤਿਕ ਵਿਚਾਰਾਂ ਵਿਚ ਪਿਛਲੇ ਕਈ ਸਾਲਾਂ ਤੋਂ ਆਈਆਂ ਹਨ, ਵਿਸ਼ੇਸ਼ ਕਰਕੇ ਕਾਨੂੰਨ ਦੇ ਸਿਧਾਂਤ ਸੰਬੰਧੀ, ਸਮਾਜ ਸ਼ਾਸਤਰ ਦੁਆਰਾ ਨਿਰਧਾਰਤ ਕੀਤੀਆਂ ਲੀਹਾਂ ਅਨੁਸਾਰ ਹਨ ।

**(3) ਸਮਾਜਿਕ ਪ੍ਰਸਥਿਤੀਆਂ ਰਾਜਨੀਤੀ ਸੰਗਠਨਾਂ ਨੂੰ ਪ੍ਰਭਾਵਿਤ ਕਰਦੀਆਂ ਹਨ :** ਸਮਾਜਿਕ ਪ੍ਰਸਥਿਤੀਆਂ ਦੀ ਜਾਣਕਾਰੀ ਬਿਨਾਂ ਰਾਜਨੀਤੀ ਸ਼ਾਸਤਰ ਨਾ ਤਾਂ ਸਮਾਜ ਵਿਚ ਸਥਾਪਤ ਅਨੇਕਾਂ ਪ੍ਰਕਾਰ ਦੇ ਸੰਗਠਨਾਂ ਅਤੇ ਨਾ ਹੀ ਨਿੱਤ ਨਵੀਆਂ ਉਤਪੰਨ ਹੋ ਰਹੀਆਂ ਰਾਜਨੀਤੀ ਸ਼ਕਤੀਆਂ ਅਤੇ ਰਾਜਨੀਤੀ ਵਿਚਾਰਧਾਰਾਵਾਂ ਨੂੰ ਪੂਰਨ ਰੂਪ ਵਿਚ ਸਮਝਣ ਯੋਗ ਹੋ ਸਕਦਾ ਹੈ । ਮਿਸਟਰ ਬਰਨਸ ਨੇ ਕਿਹਾ ਕਿ "ਰਾਜਨੀਤੀ ਸ਼ਾਸਤਰ ਕਾਲਪਨਿਕ ਬਣਨ ਤੋਂ ਤਾਂ ਹੀ ਬੱਚ ਸਕਦਾ ਹੈ ਜੇਕਰ ਇਹ ਰਾਜਨੀਤੀ ਸੰਸਥਾਵਾਂ ਅਤੇ

ਕਾਨੂੰਨਾਂ ਦੇ ਸਮਾਜਿਕ ਆਧਾਰਾਂ ਸੰਬੰਧੀ ਸ਼ਾਸਤਰ ਦੇ ਸਾਧਾਰਨ ਸਿਧਾਂਤਾਂ ਨੂੰ ਸਵੀਕਾਰ ਕਰੇ ।''

**1.3.5.3 ਦੋਹਾਂ ਵਿਚ ਅੰਤਰ :**

**(1) ਦੋਹਾਂ ਦਾ ਖੇਤਰ ਅਲੱਗ ਹੈ :** ਰਾਜਨੀਤੀ ਸ਼ਾਸਤਰ ਅਤੇ ਸਮਾਜ ਸ਼ਾਸਤਰ ਦਾ ਵਿਸ਼ਾ ਖੇਤਰ ਇਕ ਦੂਜੇ ਤੋਂ ਭਿੰਨ ਹੈ । ਰਾਜਨੀਤੀ ਸ਼ਾਸਤਰ ਦਾ ਮੁੱਖ ਖੇਤਰ ਰਾਜ ਹੈ ਜਦ ਕਿ ਸਮਾਜ ਸ਼ਾਸਤਰ ਦਾ ਮੁੱਖ ਖੇਤਰ ਸਮਾਜ ਹੈ ।

**(2) ਸਮਾਜ ਸ਼ਾਸਤਰ ਰਾਜਨੀਤੀ ਸ਼ਾਸਤਰ ਤੋਂ ਪੁਰਾਣਾ ਹੈ :** ਸਮਾਜ ਸ਼ਾਸਤਰ ਰਾਜਨੀਤੀ ਸ਼ਾਸਤਰ ਤੋਂ ਪਹਿਲਾਂ ਸੀ । ਸਮਾਜ ਦੀ ਉਤਪਤੀ ਦੇ ਇਤਿਹਾਸ ਦੇ ਨਾਲ ਹੀ ਸਮਾਜ ਸ਼ਾਸਤਰ ਦਾ ਆਰੰਭ ਹੋਇਆ । ਸਮਾਜ ਦਾ ਪ੍ਰਾਚੀਨ ਰੂਪ ਅਸਭਿਆ ਸੀ । ਉਸ ਸਮੇਂ ਰਾਜਨੀਤੀ ਵਿਗਿਆਨ ਦੀ ਕੋਈ ਹੋਂਦ ਨਹੀਂ ਸੀ । ਸਮਾਜ ਦੇ ਸਭਿਅ ਹੋਣ ਦੇ ਨਾਲ ਹੀ ਰਾਜਨੀਤੀ ਵਿਗਿਆਨ ਦਾ ਆਰੰਭ ਹੁੰਦਾ ਹੈ । ਪ੍ਰੰਤੂ ਸਮਾਜ ਸ਼ਾਸਤਰ ਸਮਾਜ ਦੇ ਸਭਿਆ ਅਤੇ ਅਸਭਿਆ ਦੋਹਾਂ ਰੂਪਾਂ ਨਾਲ ਸੰਬੰਧਤ ਹੈ ।

**(3) ਸਮਾਜ ਸ਼ਾਸਤਰ ਭੂਤ ਅਤੇ ਵਰਤਮਾਨ ਨਾਲ ਜਦ ਕਿ ਰਾਜਨੀਤੀ ਸ਼ਾਸਤਰ ਭਵਿੱਖ ਨਾਲ ਵੀ ਸੰਬੰਧਿਤ ਹੈ :** ਸਮਾਜ ਸ਼ਾਸਤਰ ਉਨ੍ਹਾਂ ਸਮਾਜਿਕ ਸੰਗਠਨਾਂ ਅਤੇ ਸੰਸਥਾਵਾਂ ਦਾ ਅਧਿਐਨ ਕਰਦਾ ਹੈ ਜੋ ਭੂਤਕਾਲ ਵਿਚ ਜਾਂ ਵਰਤਮਾਨ ਸਮੇਂ ਸਥਿਤ ਹਨ । ਸਮਾਜ ਸ਼ਾਸਤਰ ਸਮਾਜਿਕ ਜੀਵਨ ਦੇ ਭਵਿੱਖ ਸੰਬੰਧੀ ਕੋਈ ਸਿਧਾਂਤ ਨਹੀਂ ਉਲੀਕਦਾ ਅਤੇ ਨਾ ਹੀ ਇਸ ਸੰਬੰਧੀ ਕੋਈ ਭਵਿੱਖਬਾਣੀ ਕਰਦਾ ਹੈ । ਇਸ ਦੇ ਉਲਟ ਰਾਜਨੀਤੀ ਵਿਗਿਆਨ ਭੂਤਕਾਲ ਦੇ ਆਧਾਰ ਤੇ ਵਰਤਮਾਨ ਦਾ ਵਿਸ਼ਲੇਸ਼ਣ ਕਰਕੇ ਸਮਾਜ ਦੇ ਰਾਜਨੀਤੀ ਸੰਗਠਨ ਨੂੰ ਭਵਿੱਖ ਵਿੱਚ ਚੰਗਾ ਬਣਾਉਣ ਲਈ ਸਿਧਾਂਤ ਉਲੀਕਦਾ ਹੈ ।

**(4) ਸਮਾਜ ਸ਼ਾਸਤਰ ਇਕ ਵਿਗਿਆਨ ਹੈ ਪ੍ਰੰਤੂ ਰਾਜਨੀਤੀ ਵਿਗਿਆਨ ਵਿਚ ਵਿਸ਼ੇਸ਼ ਵਿਗਿਆਨ ਹੈ:** ਸਮਾਜ ਸ਼ਾਸਤਰ ਮਨੁੱਖ ਦੇ ਸੰਗਠਨ ਅਤੇ ਅਸੰਗਠਤ ਦੋਹਾਂ ਪ੍ਰਕਾਰ ਦੇ ਸੰਗਠਨਾਂ ਦਾ ਅਧਿਐਨ ਕਰਦਾ ਹੈ ਜਦ ਕਿ ਰਾਜਨੀਤੀ ਸ਼ਾਸਤਰ ਰਾਜਨੀਤਿਕ ਰੂਪ ਵਿਚ ਸੰਗਠਨਾਂ ਦਾ ਅਧਿਐਨ ਹੀ ਕਰਦਾ ਹੈ । ਪ੍ਰੋ. ਗਿਲਕ੍ਰਾਇਸਟ ਅਨੁਸਾਰ, ''ਸਮਾਜ ਸ਼ਾਸਤਰ ਵਿਅਕਤੀ ਦਾ ਸਮਾਜਿਕ ਪ੍ਰਾਣੀ ਦੇ ਰੂਪ ਵਿਚ ਅਧਿਐਨ ਕਰਦਾ ਹੈ ਕਿਉਂਕਿ ਰਾਜਨੀਤਿਕ ਸੰਗਠਨ ਇਕ ਵਿਸ਼ੇਸ਼ ਪ੍ਰਕਾਰ ਦਾ ਸਮਾਜਿਕ ਸੰਗਠਨ ਹੈ, ਇਸ ਲਈ ਰਾਜਨੀਤੀ ਸ਼ਾਸਤਰ, ਸਮਾਜ ਸ਼ਾਸਤਰ ਨਾਲੋਂ ਵਧੇਰੇ ਵਿਗਿਆਨਕ ਹੈ ।''

**(5) ਸਮਾਜ ਸ਼ਾਸਤਰ ਮਨੁੱਖ ਦੇ ਚੇਤੰਨ ਅਤੇ ਅਚੇਤਨ ਕਾਰਜਾਂ ਨਾਲ ਸੰਬੰਧਿਤ ਹੈ ਜਦ ਕਿ ਰਾਜਨੀਤੀ ਸ਼ਾਸਤਰ ਕੇਵਲ ਚੇਤੰਨ ਕਾਰਜਾਂ ਨਾਲ ਹੀ ਸੰਬੰਧਤ ਹੈ :** ਸਮਾਜ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਵਿਚ ਇਹ ਵੀ ਅੰਤਰ ਹੈ ਕਿ ਸਮਾਜ ਸ਼ਾਸਤਰ ਮਨੁੱਖ ਦੀਆਂ ਚੇਤੰਨ ਅਤੇ ਅਚੇਤਨ ਰੂਪ ਵਿਚ ਕੀਤੀਆਂ ਗਈਆਂ ਦੋਵੇਂ ਪ੍ਰਕਾਰ ਦੀਆਂ ਗਤੀਵਿਧੀਆਂ ਨਾਲ ਸੰਬੰਧਤ ਹੈ ਜਦ ਕਿ ਰਾਜਨੀਤੀ ਸ਼ਾਸਤਰ ਕੇਵਲ ਚੇਤੰਨ ਰੂਪ ਵਿਚ ਕੀਤੀਆਂ ਗਤੀਵਿਧੀਆਂ ਨਾਲ ਹੀ ਸੰਬੰਧਤ ਹੈ ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਦੋਹਾਂ ਸ਼ਾਸਤਰਾਂ ਵਿਚ ਅੰਤਰ ਹੋਣ ਦੇ ਬਾਵਜੂਦ ਵੀ ਦੋਹਾਂ ਵਿਚ ਗੂੜ੍ਹਾ ਸੰਬੰਧ ਹੈ । ਇਹ ਦੋਵੇਂ ਵਿਸ਼ੇ ਇਕ ਦੂਜੇ ਤੋਂ ਬਹੁਤ ਕੁਝ ਪ੍ਰਾਪਤ ਕਰਦੇ ਹਨ । ਡਾ. ਗਾਰਨਰ ਦਾ ਕਥਨ ਹੈ ਕਿ, 'ਇਕ ਰਾਜਨੀਤਿਕ ਵਿਗਿਆਨੀ ਨੂੰ ਨਾਲ-ਨਾਲ ਸਮਾਜ ਵਿਗਿਆਨੀ ਵੀ ਹੋਣਾ ਚਾਹੀਦਾ ਹੈ ਅਤੇ ਸਮਾਜ ਵਿਗਿਆਨੀ ਨੂੰ ਰਾਜਨੀਤੀਵਾਨ ਵੀ ।'' ਇਸੇ ਤਰ੍ਹਾਂ ਐਫ.ਜੀ.ਵਿਲਸਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਹੈ, ''ਇਹ ਨਿਸ਼ਚਿਤ ਕਰਨਾ ਆਮ ਤੌਰ 'ਤੇ ਕਠਿਨ ਹੁੰਦਾ ਹੈ ਕਿ ਕਿਸੇ ਵਿਸ਼ੇਸ਼ ਲੇਖਕ ਨੂੰ ਸਮਾਜ ਸ਼ਾਸਤਰੀ ਸਮਝਿਆ ਜਾਏ ਜਾਂ ਰਾਜਨੀਤੀ ਸ਼ਾਸਤਰੀ ਜਾਂ ਫਿਰ ਇਕ ਦਾਰਸ਼ਨਿਕ ।''

**1.3.6 ਰਾਜਨੀਤੀ ਵਿਗਿਆਨ ਅਤੇ ਮਨੋਵਿਗਿਆਨ (Political Science and Psychology) :**

ਮਨੋਵਿਗਿਆਨੀ ਮਨੁੱਖ ਦੇ ਮਾਨਸਿਕ ਪੱਖ ਦਾ ਅਧਿਐਨ ਕਰਦਾ ਹੈ । **ਮੈਕਡੂਗਲ** (Macdougal)ਦੇ ਅਨੁਸਾਰ, ''ਮਨੋਵਿਗਿਆਨ ਮਨੁੱਖੀ ਮਨ ਦਾ ਨਿਸ਼ਚਿਤ ਅਤੇ ਅਮਲੀ ਵਿਗਿਆਨ ਹੈ'', **ਸਟਾਊਟ** ਦੇ ਸ਼ਬਦਾਂ ਵਿਚ,

"ਮਨੋਵਿਗਿਆਨ ਆਦਮੀ ਦੀਆਂ ਉਨ੍ਹਾਂ ਅੰਦਰਲੀਆਂ ਸ਼ਕਤੀਆਂ ਦਾ ਅਧਿਐਨ ਕਰਦਾ ਹੈ ਜੋ ਆਦਮੀ ਨੂੰ ਆਪਣੇ ਜੀਵਨ ਵਿਚ ਅਨੁਭਵ ਕਰਨ, ਵਿਚਾਰ ਕਰਨ ਅਤੇ ਇੱਛਾ ਕਰਨ ਦੀ ਸਮਰੱਥਾ ਦੇਂਦੀਆਂ ਹਨ ।" ਦਰਅਸਲ ਮਨੋਵਿਗਿਆਨ ਮਨੁੱਖ ਦੇ ਮਾਨਸਿਕ ਵਿਵਹਾਰ ਦਾ ਵਿਗਿਆਨ ਹੈ । ਵਿਅਕਤੀ ਜੋ ਵੀ ਕੰਮ ਕਰਦਾ ਹੈ ਉਸ ਦਾ ਸੰਬੰਧ ਉਸ ਦੇ ਦਿਮਾਗ ਨਾਲ ਹੈ । ਵੱਖ-ਵੱਖ ਹਾਲਤਾਂ ਵਿਚ ਮਨੁੱਖ ਦੇ ਦਿਮਾਗ ਦੀ ਕਿਰਿਆ ਨੂੰ ਸਮਝਣ ਮਨੋਵਿਗਿਆਨ ਦਾ ਖੇਤਰ ਹੈ । ਮਨੋਵਿਗਿਆਨ ਵਿਅਕਤੀ ਦੀ ਨਾਂ ਕੇਵਲ ਵਿਵੇਕ-ਬੁੱਧੀ ਦਾ ਹੀ, ਸਗੋਂ ਉਸ ਦੇ ਮਨੋਵੇਗਾਂ ਅਤੇ ਮਨੋਵਿਕਾਰਾਂ ਦਾ ਵੀ ਅਧਿਐਨ ਕਰਦਾ ਹੈ। ਰਾਜਨੀਤੀ ਸ਼ਾਸਤਰ ਅਤੇ ਮਨੋਵਿਗਿਆਨ ਦਾ ਬਹੁਤ ਨੇੜੇ ਦਾ ਸੰਬੰਧ ਹੈ । ਇਹ ਦੋਵੇਂ ਸ਼ਾਸਤਰ ਇਕ ਦੂਜੇ ਲਈ ਸਹਾਇਕ ਸਿੱਧ ਹੁੰਦੇ ਹਨ ।

### 1.3.6.1 ਮਨੋਵਿਗਿਆਨ ਦੀ ਰਾਜਨੀਤੀ ਸ਼ਾਸਤਰ ਨੂੰ ਦੇਣ (Contribution of Psychology to Political Science):

ਆਧੁਨਿਕ ਕਾਲ ਵਿਚ ਰਾਜਨੀਤੀ ਤੇ ਮਨੋਵਿਗਿਆਨ ਦਾ ਪ੍ਰਭਾਵ ਬਹੁਤ ਵੱਧ ਗਿਆ ਹੈ । ਆਧੁਨਿਕ ਰਾਜਨੀਤਿਕ ਵਿਚਾਰਾਂ ਵਿਚ ਰਾਜਨੀਤਿਕ ਘਟਨਾ-ਚੱਕਰ ਨੂੰ ਵਿਗਿਆਨਕ ਢੰਗ ਨਾਲ ਵਰਨਣ ਕਰਨ ਦੀ ਗਹਿਰੀ ਪ੍ਰਵਿਰਤੀ ਨਜ਼ਰ ਆਉਂਦੀ ਹੈ । **ਪ੍ਰੋ. ਬਾਰਕਰ (Barker)** ਨੇ ਕਿਹਾ ਹੈ ਕਿ, "ਕੰਮਾਂ ਨੂੰ ਮਨੋਵਿਗਿਆਨਕ ਆਧਾਰ ਤੇ ਸੁਲਝਾਉਣਾ ਇਕ ਫੈਸ਼ਨ ਬਣ ਗਿਆ ਹੈ । ਜੋ ਸਾਡੇ ਬਜ਼ੁਰਗ ਜੀਵ-ਵਿਗਿਆਨ (Biology) ਦੇ ਦ੍ਰਿਸ਼ਟੀਕੋਣ ਤੋਂ ਸੋਚਦੇ ਹਨ ਤਾਂ ਅਸੀਂ ਮਨੋਵਿਗਿਆਨਕ ਢੰਗ ਨਾਲ ਵਿਚਾਰ ਕਰਦੇ ਹਾਂ ।" ਮਨੋਵਿਗਿਆਨ ਦੀ ਰਾਜਨੀਤੀ ਸ਼ਾਸਤਰ ਨੂੰ ਦੇਣ ਦਾ ਵਰਣਨ ਹੇਠ ਲਿਖੇ ਸਿਰਲੇਖਾਂ ਅਧੀਨ ਕੀਤਾ ਜਾ ਸਕਦਾ ਹੈ ।

**(1) ਰਾਜਨੀਤੀ ਦੀ ਵਿਵਹਾਰਤਾ ਮਨੋਵਿਗਿਆਨ ਤੇ ਨਿਰਭਰ ਹੈ :** ਰਾਜ ਮਨੁੱਖਾਂ ਦਾ ਸਮੂਹ ਹੈ । ਰਾਜਨੀਤੀ ਸੰਸਥਾਵਾਂ ਦਾ ਸਫ਼ਲ ਹੋਣਾ ਜਾਂ ਨਾ ਹੋਣਾ ਮਨੁੱਖਾਂ ਤੇ ਨਿਰਭਰ ਕਰਦਾ ਹੈ । ਮਨੁੱਖ ਦੇ ਮਨ ਦੀ ਹਾਲਤ ਨੂੰ ਸਮਝਣ ਲਈ ਮਨੋਵਿਗਿਆਨ ਦਾ ਅਧਿਐਨ ਜ਼ਰੂਰੀ ਹੈ । **ਬ੍ਰਾਈਸ (Bryce)** ਨੇ ਕਿਹਾ ਹੈ ਕਿ, **"ਰਾਜਨੀਤੀ ਦੀਆਂ ਜੜ੍ਹਾਂ ਮਨੋਵਿਗਿਆਨ ਵਿਚ ਲੁਕੀਆਂ ਹਨ ।"** ਰਾਜਨੀਤੀ ਵਿਚ ਕੇਵਲ ਉਹੀ ਵਿਅਕਤੀ ਸਫ਼ਲਤਾ ਪ੍ਰਾਪਤ ਕਰ ਸਕੇ ਹਨ ਜਿਨ੍ਹਾਂ ਆਪਣੇ ਦੇਸ਼-ਵਾਸੀਆਂ ਦੇ ਮਨ ਅਤੇ ਦਿਮਾਗ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ । ਸਰਕਾਰਾਂ ਦੀ ਕਾਰਗੁਜ਼ਾਰੀ ਲੋਕਾਂ ਦੀਆਂ ਮਨੋਵਿਗਿਆਨਕ ਭਾਵਨਾਵਾਂ ਟੁੰਬਦੀ ਹੈ ।

**(2) ਸ਼ਾਸਨ ਪ੍ਰਣਾਲੀ ਤੇ ਕਾਨੂੰਨ ਵਿਅਕਤੀਆਂ ਦੀਆਂ ਮਾਨਸਿਕ ਰੁਚੀਆਂ ਅਨੁਸਾਰ ਹੋਣੇ ਚਾਹੀਦੇ ਹਨ :** ਨਾਗਰਿਕ ਜੀਵਨ ਦੀ ਹਰ ਸਮੱਸਿਆ ਨੂੰ ਮਨੋਵਿਗਿਆਨਕ ਢੰਗ ਨਾਲ ਸੁਲਝਾਉਣਾ ਅੱਜ ਦੇ ਸਮੇਂ ਵਿਚ ਜ਼ਰੂਰੀ ਹੋ ਗਿਆ ਹੈ । ਦੇਸ਼ ਦਾ ਰਾਜਨੀਤਿਕ ਢਾਂਚਾ ਜੇਕਰ ਲੋਕਾਂ ਦੀਆਂ ਮਨੋਵਿਗਿਆਨਕ ਰੁਚੀਆਂ ਦੇ ਅਨੁਕੂਲ ਹੋਵੇਗਾ ਤਾਂ ਹੀ ਇਕ ਚੰਗਾ ਸ਼ਾਸਨ ਸਥਾਪਤ ਕੀਤਾ ਜਾ ਸਕਦਾ ਹੈ । ਪ੍ਰੋਫੈਸਰ ਗਾਰਨਰ ਨੇ ਠੀਕ ਹੀ ਕਿਹਾ ਹੈ, "ਲੋਕ-ਪ੍ਰਿਯ ਬਣਨ ਅਤੇ ਸਥਿਰ ਹੋਣ ਲਈ ਸਰਕਾਰ ਨੂੰ ਆਪਣੇ ਅਧੀਨ ਲੋਕਾਂ ਦੀਆਂ ਭਾਵਨਾਵਾਂ ਅਤੇ ਮਾਨਸਿਕ ਵਿਚਾਰਾਂ ਨੂੰ ਜ਼ਰੂਰੀ ਹੀ ਪ੍ਰਗਟ ਕਰਨਾ ਅਤੇ ਅਪਣਾਉਣਾ ਚਾਹੀਦਾ ਹੈ ।" ਪ੍ਰੋ. ਲੀਬਾਨ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ "ਸਰਕਾਰ ਨੂੰ ਵਿਅਕਤੀ ਦੀ ਮਾਨਸਿਕ ਪ੍ਰਵਿਰਤੀ ਦੇ ਅਨੁਕੂਲ ਹੋਣਾ ਚਾਹੀਦਾ ਹੈ ।"

### 1.3.6.2 ਰਾਜਨੀਤੀ ਸ਼ਾਸਤਰ ਦੀ ਮਨੋਵਿਗਿਆਨ ਨੂੰ ਦੇਣ (Contribution of Politics to Psychology) :

ਰਾਜਨੀਤੀ ਸ਼ਾਸਤਰ ਮਨੋਵਿਗਿਆਨ ਨੂੰ ਹੇਠਾਂ ਲਿਖੇ ਢੰਗਾਂ ਨਾਲ ਪ੍ਰਭਾਵਿਤ ਕਰਦਾ ਹੈ :

**(1) ਰਾਜਨੀਤੀ ਵਿਵਹਾਰ ਦਾ ਅਧਿਐਨ ਕਰਨ ਲਈ ਮਨੋਵਿਗਿਆਨ ਰਾਜਨੀਤੀ ਸ਼ਾਸਤਰ ਤੋਂ ਸਹਾਇਤਾ ਲੈਂਦਾ ਹੈ :** ਰਾਜਨੀਤੀ ਸ਼ਾਸਤਰ ਮਨੋਵਿਗਿਆਨ ਨੂੰ ਆਪਣੇ ਅਧਿਐਨ ਲਈ ਜ਼ਰੂਰੀ ਸਮੱਗਰੀ ਦੇਂਦਾ ਹੈ । ਉਦਾਹਰਣ ਦੇ ਤੌਰ ਤੇ ਲੋਕ ਰਾਜੀ ਦੇਸ਼ਾਂ ਵਿਚ ਸਮੇਂ-ਸਮੇਂ ਚੋਣਾਂ ਹੁੰਦੀਆਂ ਹਨ ।

ਇਨ੍ਹਾਂ ਚੋਣਾਂ ਵਿਚ ਰਾਜਸੀ ਦਲ ਵੋਟਾਂ ਪ੍ਰਾਪਤ ਕਰਨ ਲਈ ਨਾਗਰਿਕਾਂ ਦੀਆਂ ਧਾਰਮਿਕ, ਜਾਤੀ-ਪਾਤੀ, ਭਾਸ਼ਾਈ, ਸਭਿਆਚਾਰਕ, ਖੇਤਰੀ ਆਦਿ ਭਾਵਨਾਵਾਂ ਨੂੰ ਉਕਸਾਉਂਦੇ ਹਨ । ਅਜਿਹੇ ਸਮੇਂ ਮਨੋਵਿਗਿਆਨੀ ਇਹ ਜਾਨਣ ਦਾ ਯਤਨ ਕਰਦਾ ਹੈ ਕਿ ਵੋਟ ਦੀ ਵਰਤੋਂ ਕਰਨ ਵੇਲੇ ਕਿਹੜੀਆਂ ਗੱਲਾਂ ਨੇ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਹੈ । ਮਨੋਵਿਗਿਆਨ ਗਤੀਹੀਣ ਵਿਗਿਆਨ ਨਹੀਂ ਸਗੋਂ ਗਤੀਸ਼ੀਲ ਵਿਗਿਆਨ ਹੈ । ਰਾਜ ਤੇ ਹੋਰ ਸੰਸਥਾਵਾਂ ਦੀ ਕਾਰਜ-ਪ੍ਰਣਾਲੀ ਮਨੋਵਿਗਿਆਨ ਨੂੰ ਵਿਅਕਤੀ ਦੇ ਰਾਜਨੀਤਿਕ ਵਿਹਾਰ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਰੋਜ਼ ਮੌਕੇ ਪ੍ਰਦਾਨ ਕਰਦੀ ਹੈ ।

**(2) ਰਾਜਨੀਤੀ ਜਨ ਮਨੋਵਿਗਿਆਨ (Mass Psychology) ਨੂੰ ਪ੍ਰਭਾਵਿਤ ਕਰਦੀ ਹੈ :** ਕਿਸੇ ਵੀ ਦੇਸ਼ ਵਿਚ ਸ਼ਾਸਨ ਪ੍ਰਬੰਧ ਦਾ ਜੋ ਰੂਪ ਅਤੇ ਸੰਗਠਨ ਹੁੰਦਾ ਹੈ, ਉਸ ਦਾ ਵਿਅਕਤੀਆਂ ਦੇ ਸੋਚਣ, ਵਿਚਾਰਨ ਤੇ ਵਿਹਾਰ ਦੇ ਢੰਗ ਤੇ ਅਸਰ ਪੈਂਦਾ ਹੈ । ਰਾਜਤੰਤਰ ਅਤੇ ਲੋਕਤੰਤਰ ਵਿਚ ਰਹਿਣ ਵਾਲੇ ਵਿਅਕਤੀ ਤੇ ਸੋਚਣ ਦੇ ਢੰਗ ਵਿਚ ਫ਼ਰਕ ਹੁੰਦਾ ਹੈ । ਇਸ ਲਈ ਰਾਜਨੀਤਿਕ ਸੰਸਥਾਵਾਂ ਦੇ ਗਿਆਨ ਦੀ ਘਾਟ ਦੀ ਸੂਰਤ ਵਿਚ ਮਨੋਵਿਗਿਆਨ ਦਾ ਅਧਿਐਨ ਅਧੂਰਾ ਹੀ ਰਹਿ ਜਾਦਾ ਹੈ ।

### 1.3.6.3 ਦੋਹਾਂ ਵਿੱਚ ਅੰਤਰ:-

**(1) ਮਨੋਵਿਗਿਆਨ ਆਦਮੀ ਦੀਆਂ ਅੰਦਰਲੀਆਂ ਭਾਵਨਾਵਾਂ ਨਾਲ ਪਰ ਰਾਜਨੀਤੀ ਸ਼ਾਸਤਰ ਬਾਹਰਲੇ ਕੰਮਾਂ ਨਾਲ ਸੰਬੰਧਤ ਹੈ :** ਮਨੁੱਖੀ ਮਨ ਦੀ ਕਾਰਜ ਵਿਧੀ ਦਾ ਅਧਿਐਨ ਕਰਨਾ ਮਨੋਵਿਗਿਆਨ ਦਾ ਖੇਤਰ ਹੈ । ਮਨੁੱਖ ਦੇ ਹਰ ਪ੍ਰਤੱਖ ਕੰਮ ਕਰਨ ਦਾ ਆਧਾਰ ਅੰਦਰੂਨੀ ਪ੍ਰਵਿਰਤੀਆਂ ਹੁੰਦੀਆਂ ਹਨ । ਮਨੋਵਿਗਿਆਨ ਇਨ੍ਹਾਂ ਅੰਦਰੂਨੀ ਪ੍ਰਵਿਰਤੀਆਂ ਨਾਲ ਸੰਬੰਧਿਤ ਹੈ ਅਤੇ ਰਾਜਨੀਤੀ ਵਿਗਿਆਨ ਉਨ੍ਹਾਂ ਕੰਮਾਂ ਨਾਲ ਸੰਬੰਧਿਤ ਹੈ ਜੋ ਇਹਨਾਂ ਪ੍ਰਵਿਰਤੀਆਂ ਦਾ ਸਿੱਟਾ ਹੁੰਦੇ ਹਨ ।

**(2) ਰਾਜਨੀਤੀ ਵਿਗਿਆਨ ਆਦਰਸ਼ਾਤਮਕ, ਪ੍ਰੰਤੂ ਮਨੋਵਿਗਿਆਨ ਨਹੀਂ :** ਮਨੋਵਿਗਿਆਨ ਕੇਵਲ ਮਾਨਸਿਕ ਵਿਵਹਾਰ ਦਾ ਅਧਿਐਨ ਕਰਦਾ ਹੈ, ਮਨੁੱਖੀ ਵਿਵਹਾਰ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਇਹ ਮਨੋਵਿਗਿਆਨ ਦੇ ਖੇਤਰ ਵਿਚ ਨਹੀਂ ਆਉਂਦਾ । ਇਸ ਦੇ ਉਲਟ ਰਾਜਨੀਤੀ ਵਿਗਿਆਨ ਦੇ ਅਧਿਐਨ ਵਿਚ ਰਾਜ ਕੀ ਹੋਣਾ ਚਾਹੀਦਾ ਹੈ, ਆਉਂਦਾ ਹੈ ।

ਉਪਰੋਕਤ ਵਿਸ਼ਲੇਸ਼ਣ ਤੋਂ ਭਲੀ ਭਾਂਤ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਰਾਜਨੀਤੀ ਸ਼ਾਸਤਰ ਅਤੇ ਮਨੋਵਿਗਿਆਨ ਵਿਚ ਅੰਤਰ ਹੋਣ ਦੇ ਬਾਵਜੂਦ ਵੀ ਗੂੜ੍ਹਾ ਸੰਬੰਧ ਹੈ । ਪ੍ਰੋ. ਗੈਟਲ ਨੇ ਠੀਕ ਕਿਹਾ ਹੈ ਕਿ, "ਸਫ਼ਲਤਾਪੂਰਵਕ ਕੰਮ ਕਰਨ ਲਈ ਸਰਕਾਰਾਂ ਅਤੇ ਕਾਨੂੰਨਾਂ ਨੂੰ ਉਨ੍ਹਾਂ ਵਿਅਕਤੀਆਂ ਦੇ ਮਾਨਸਿਕ ਵਿਚਾਰਾਂ ਅਤੇ ਨੈਤਿਕ ਭਾਵਨਾਵਾਂ ਅਨੁਸਾਰ ਹੋਣਾ ਚਾਹੀਦਾ ਹੈ ਜਿਨ੍ਹਾਂ ਉੱਤੇ ਉਹ ਸ਼ਾਸਨ ਕਰਦੇ ਹਨ । ਦਰਅਸਲ ਰਾਜਨੀਤੀ ਸ਼ਾਸਤਰ ਉਦੋਂ ਤੱਕ ਰਾਜ ਦਾ ਅਧਿਐਨ ਠੀਕ ਰੂਪ ਵਿਚ ਨਹੀਂ ਕਰ ਸਕਦਾ ਜਦੋਂ ਤੱਕ ਇਹ ਨਾ ਜਾਣ ਲਿਆ ਜਾਵੇ ਕਿ ਮਨੁੱਖ ਵਿਅਕਤੀਗਤ ਰੂਪ ਵਿਚ ਸਮਾਜ ਦੇ ਮੈਂਬਰਾਂ ਦੇ ਰੂਪ ਵਿਚ ਵੱਖ-ਵੱਖ ਹਾਲਤਾਂ ਵਿਚ ਕਿਸ ਤਰ੍ਹਾਂ ਵਿਵਹਾਰ ਕਰਦੇ ਹਨ । ਇਹ ਜਾਣਕਾਰੀ ਮਨੋਵਿਗਿਆਨ ਦੀ ਸਹਾਇਤਾ ਨਾਲ ਮਿਲ ਸਕਦੀ ਹੈ । ਇਸੇ ਤਰ੍ਹਾਂ ਮਨੋਵਿਗਿਆਨ ਵੀ ਮਨੁੱਖ ਦੇ ਰਾਜਨੀਤਿਕ ਵਿਵਹਾਰ ਦਾ ਅਧਿਐਨ ਰਾਜਨੀਤੀ ਸ਼ਾਸਤਰ ਦੀ ਸਹਾਇਤਾ ਨਾਲ ਹੀ ਕਰ ਸਕਦਾ ਹੈ ।

### 1.3.7 ਰਾਜਨੀਤੀ ਵਿਗਿਆਨ ਅਤੇ ਨੀਤੀ ਸ਼ਾਸਤਰ : (Political Science and Ethics)

ਨੀਤੀ ਸ਼ਾਸਤਰ ਦਾ ਸੰਬੰਧ ਮਾਨਵ ਵਿਵਹਾਰ ਦੇ 'ਚੰਗੇ' ਤੇ 'ਬੁਰੇ' ਪੱਖ ਨਾਲ ਹੁੰਦਾ ਹੈ । ਇਹ ਚੰਗੇ ਵਿਵਹਾਰ ਦਾ ਸਮਰਥਨ ਕਰਦਾ ਹੈ ਤੇ ਬੁਰੇ ਦੀ ਨਿਖੇਧੀ । ਹਰ ਮਨੁੱਖ ਵਿਚ ਇਕ ਅਜਿਹੀ ਚੇਤਨਾ ਸ਼ਕਤੀ ਹੁੰਦੀ ਹੈ ਜੋ ਉਸ ਨੂੰ 'ਠੀਕ' ਤੇ 'ਗਲਤ', 'ਨਿਆਂ' ਤੇ 'ਅਨਿਆਂ' ਅਤੇ 'ਚੰਗੇ' ਤੇ 'ਬੁਰੇ' ਵਿਚ ਅੰਤਰ ਕਰ ਸਕਣ ਅਤੇ ਚੰਗੀਆਂ ਕਦਰਾਂ ਕੀਮਤਾਂ ਅਪਣਾਉਣ ਅਤੇ ਬੁਰੀਆਂ ਨੂੰ ਤਿਆਗਣ ਲਈ ਪ੍ਰੇਰਦੀ ਹੈ । ਨੀਤੀ ਸ਼ਾਸਤਰ ਇਸ ਨੈਤਿਕ ਚੇਤਨਾਂ ਨੂੰ ਵਧੇਰੇ ਸਪਸ਼ਟ ਰੂਪ ਵਿਚ ਸਮਝ ਸਕਣ ਵਿਚ ਮਨੁੱਖ ਦੀ ਸਹਾਇਤਾ ਕਰਦਾ ਹੈ । ਜਿਸ ਤਰ੍ਹਾਂ

ਵਿਅਕਤੀ ਦੀਆਂ ਬੁਰਾਈਆਂ ਤੇ ਚੰਗਿਆਈਆਂ ਦੇ ਪਿੱਛੇ ਧਾਰਮਿਕ ਪ੍ਰਵਾਨਗੀ ਹੁੰਦੀ ਹੈ ਇਸੇ ਤਰ੍ਹਾਂ ਰਾਜਨੀਤਿਕ ਅਧਿਕਾਰਾਂ, ਕਰਤੱਵਾਂ ਤੇ ਨੀਤੀਆਂ ਪਿੱਛੇ ਵੀ ਰਾਜਨੀਤਿਕ ਪ੍ਰਵਾਨਗੀ ਹੁੰਦੀ ਹੈ ਜਿਸ ਦਾ ਆਧਾਰ ਨੈਤਿਕ ਕਦਰਾਂ ਕੀਮਤਾਂ ਹੁੰਦੀਆਂ ਹਨ ।

ਪੁਰਾਤਨ ਕਾਲ ਤੋਂ ਹੀ ਸਮਾਜਿਕ ਅਤੇ ਰਾਜਨੀਤਿਕ ਸਿਧਾਂਤਕਾਰ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਲਈ (ਜਿਹਨਾਂ) ਵਿਚ ਰਾਜਨੀਤਿਕ ਪੱਖ ਵੀ ਸ਼ਾਮਿਲ ਹੈ ਕੁਝ ਨੈਤਿਕ ਮਾਪ ਦੰਡ (Standards) ਨਿਰਧਾਰਿਤ ਕਰਦੇ ਆਏ ਹਨ । **ਪਲੈਟੋ ਤੇ ਅਰਸਤੂ** ਜਿਹੇ ਪ੍ਰਾਚੀਨ ਰਾਜਨੀਤਿਕ ਦਾਰਸ਼ਨਿਕ ਨੈਤਿਕ ਪੱਖ ਨੂੰ ਰਾਜ ਲਈ ਆਰਥਿਕ ਤੇ ਸਮਾਜਿਕ ਪੱਖ ਤੋਂ ਵੀ ਵਧੇਰ ਮਹੱਤਵਪੂਰਨ ਮੰਨਦੇ ਸਨ । ਅਰਸਤੂ ਦੇ ਮੱਤ ਅਨੁਸਾਰ ਰਾਜ ਇਕ ਅਜਿਹੀ ਸਰਬਉੱਚ ਨੈਤਿਕ ਸੰਸਥਾ ਹੈ, ਜਿਸ ਦਾ ਉਦੇਸ਼ ਮਨੁੱਖ ਦਾ ਵੱਧ ਤੋਂ ਵੱਧ ਨੈਤਿਕ ਕਲਿਆਣ ਲਈ ਕਾਰਜ਼ ਕਰਨਾ ਤੇ ਉਸ ਦੇ ਲਈ ਚੰਗਾ ਜੀਵਨ ਸੰਭਵ ਬਣਾਉਣਾ ਸੀ । ('State comes in existence for the sake of life and continues for the sake of good life', Aristotle.)

ਮੱਧ ਕਾਲੀਨ ਵਿਦਵਾਨਾਂ, ਜਿਨ੍ਹਾਂ ਵਿਚ **ਮੈਕਾਇਵਲੀ (Machiavelli)** ਮੁੱਖ ਸੀ, ਨੇ ਰਾਜਨੀਤੀ ਵਿਗਿਆਨ ਤੇ ਨੀਤੀ ਸ਼ਾਸਤਰ ਨੂੰ ਨਿਖੇੜ ਦਿੱਤਾ । ਉਸ ਅਨੁਸਾਰ ਰਾਜਨੀਤੀ ਤੇ ਨੀਤੀ ਸ਼ਾਸਤਰ ਵਿਚ ਕੋਈ ਸੰਬੰਧ ਨਹੀਂ, ਪਰ ਅਜਿਹੇ ਵਿਚਾਰ ਦੇਣ ਲਈ ਉਸ ਦੀ ਬਹੁਤ ਨਿਖੇਧੀ ਕੀਤੀ ਗਈ, ਕਿਉਂਕਿ ਅਜਿਹਾ ਮੱਤ ਕੁਝ ਮੂਲ-ਭੂਤ ਪ੍ਰਸ਼ਨ ਕਰਦਾ ਹੈ । ਉਦਾਹਰਣ ਵਜੋਂ ਜੇਕਰ ਰਾਜ ਭਰਿਸ਼ਟਾਚਾਰੀ ਹੋ ਜਾਵੇ ਅਤੇ ਅਨੈਤਿਕ ਕਾਰਜ ਕਰਨ ਲਗ ਜਾਵੇ ਤਾਂ ਫਿਰ ਨਾਗਰਿਕ ਦਾ ਰਵਈਆ ਉਸ ਵੱਲ ਕੀ ਹੋਣਾ ਚਾਹੀਦਾ ਹੈ? ਕੀ ਉਹ ਅਜਿਹੇ ਰਾਜ ਨਾਲ ਮਿਲਵਰਤਨ ਕਰੇ ਜਾਂ ਉਸ ਦਾ ਵਿਰੋਧ? ਮੈਕਾਇਵਲੀ ਤੋਂ ਬਾਅਦ ਅਨੇਕਾਂ ਵਿਚਾਰਕਾਂ ਜਿਵੇਂ ਰੂਸੋ, ਕਾਂਟ, ਹੀਗਲ, ਗਰੀਨ, ਬੋਸਾਂਕੇ ਅਤੇ ਗਾਂਧੀ ਆਦਿ ਨੇ ਰਾਜਨੀਤੀ ਦਾ ਆਧਾਰ ਨੈਤਿਕਤਾ ਨੂੰ ਬਣਾਉਣ ਦਾ ਸਮਰਥਨ ਕੀਤਾ ਹੈ । 20ਵੀਂ ਸਦੀ ਵਿਚ ਵਿਵਹਾਰਵਾਦੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਅਤੇ ਇਸ ਵਿਸ਼ੇ ਨੂੰ ਸ਼ੁੱਧ ਵਿਗਿਆਨ (pure science) ਬਣਾਉਣ ਦੇ ਪ੍ਰਯਤਨ ਵਿਚ, ਇਸ ਦੇ ਨੈਤਿਕ ਕਦਰਾਂ ਕੀਮਤਾਂ ਤੋਂ ਮੁਕਤ ਹੋਣ ਦਾ ਸਮਰਥਨ ਕੀਤਾ । ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਦ੍ਰਿਸ਼ਟੀਕੋਣ ਨਾਲ ਵਿਵਹਾਰਵਾਦੀ ਰਾਜਨੀਤੀ ਦੇ ਵਿਸ਼ਾ ਵਸਤੂ ਵਿਚ ਕਾਫ਼ੀ ਵਾਧਾ ਹੋਇਆ ਹੈ, ਪਰ ਰਾਜਨੀਤੀ ਵਿਗਿਆਨ ਨੂੰ ਨੈਤਿਕ ਮੁੱਲਾਂ ਤੋਂ ਵਾਂਝਿਆਂ ਕਰਨ ਕਾਰਨ ਇਸ ਦ੍ਰਿਸ਼ਟੀਕੋਣ ਦੀ ਬਹੁਤ ਨਿਖੇਧੀ ਹੋਈ ਅਤੇ ਪ੍ਰਤੀਕ੍ਰਿਆ ਵਜੋਂ ਉੱਤਰਵਿਵਹਾਰਵਾਦੀ (Post Behaviouralist) ਦੌਰ ਦੇ ਅਧੀਨ ਨੈਤਿਕਤਾ ਤੇ ਕਦਰਾਂ ਕੀਮਤਾਂ ਨੂੰ ਰਾਜਨੀਤੀ ਦਾ ਆਧਾਰ ਬਣਾਉਣ ਦਾ ਵਿਚਾਰ ਤੇ ਪ੍ਰਥਾ ਮੁੜ ਪ੍ਰਚਲਿਤ ਹੋਈ ।

**1.3.7.1 ਨੀਤੀਸ਼ਾਸਤਰ ਦੀ ਰਾਜਨੀਤੀ ਵਿਗਿਆਨ ਨੂੰ ਦੇਣ :** ਹੁਣ ਇਸ ਵਿਚਾਰ ਨੂੰ ਮਾਨਤਾ ਪ੍ਰਾਪਤ ਹੈ ਕਿ ਰਾਜਨੀਤੀ ਅਤੇ ਰਾਜਨੀਤਿਕ ਸਿਧਾਂਤਾਂ ਦਾ ਆਧਾਰ ਨੈਤਿਕ ਹੋਣਾ ਚਾਹੀਦਾ ਹੈ । ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੋ ਗੱਲ ਨੈਤਿਕ ਪੱਖ ਤੋਂ ਗਲਤ ਹੈ, ਉਹ ਰਾਜਨੀਤਿਕ ਤੌਰ ਤੇ ਸਹੀ ਨਹੀਂ ਹੋ ਸਕਦੀ । ਰਾਜਨੀਤਿਕ ਸ਼ਾਸਤਰ ਨੂੰ ਆਪਣੇ ਸਿਧਾਂਤਾਂ ਦਾ ਨਿਰਮਾਣ ਨੈਤਿਕ ਦ੍ਰਿਸ਼ਟੀਕੋਣ ਨੂੰ ਸਾਹਮਣੇ ਰੱਖ ਕੇ ਕਰਨਾ ਪੈਂਦਾ ਹੈ । ਜਿਵੇਂ **ਲਾਰਡ ਐਕਟਨ** ਨੇ ਵੀ ਕਿਹਾ ਹੈ, **"ਸਮੱਸਿਆ ਇਹ ਨਹੀਂ ਕਿ ਸਰਕਾਰਾਂ ਕੀ ਕਰਦੀਆਂ ਹਨ, ਸਗੋਂ ਇਹ ਹੈ ਕਿ, ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ?"** ਜਦੋਂ ਕਦੀ 'ਕੀ ਕਰਨਾ ਚਾਹੀਦਾ ਹੈ', ਦਾ ਸਵਾਲ ਪੈਦਾ ਹੁੰਦਾ ਹੈ, ਤਾਂ ਰਾਜਨੀਤੀ ਸ਼ਾਸਤਰ ਨੀਤੀ ਸ਼ਾਸਤਰ ਦੀ ਸਹਾਇਤਾ ਲੈਂਦਾ ਹੈ ।

ਰਾਜ ਦੁਆਰਾ ਬਣਾਏ ਗਏ ਕਾਨੂੰਨ, ਜਨਤਾ ਦੇ ਨੈਤਿਕ ਆਦਰਸ਼ਾਂ ਤੇ ਆਧਾਰਿਤ ਹੁੰਦੇ ਹਨ । ਪ੍ਰੋ. ਗੈਟਲ ਦਾ ਕਥਨ ਹੈ ਕਿ "ਜਦੋਂ ਨੈਤਿਕ ਵਿਚਾਰ ਸਥਾਈ ਅਤੇ ਪ੍ਰਚਲਿਤ ਹੋ ਜਾਂਦੇ ਹਨ ਤਾਂ ਉਹ ਕਾਨੂੰਨ ਦਾ ਰੂਪ ਲੈ ਲੈਂਦੇ ਹਨ ।"

**1.3.7.2 ਰਾਜਨੀਤੀ ਵਿਗਿਆਨ ਦੀ ਨੀਤੀ ਸ਼ਾਸਤਰ ਨੂੰ ਦੇਣ :** ਦੂਜੇ ਪਾਸੇ ਨੀਤੀ ਸ਼ਾਸਤਰ ਵੀ ਰਾਜਨੀਤੀ ਸ਼ਾਸਤਰ ਤੇ ਨਿਰਭਰ ਹੈ ਕਿਉਂਕਿ ਸੰਗਠਿਤ ਸਮਾਜ ਵਿਚ ਨੈਤਿਕ ਮੁੱਲਾਂ ਨੂੰ ਲਾਗੂ

ਕਰਨ ਦਾ ਇਕੋ ਇਕ ਢੰਗ ਰਾਜ ਦੁਆਰਾ ਨਿਰਮਿਤ ਕਾਨੂੰਨ ਹੀ ਹਨ ਤੇ ਵਿਅਕਤੀ ਦਾ ਆਚਰਣ ਕਾਨੂੰਨਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ ।

### 3.7.3 ਰਾਜਨੀਤੀ ਵਿਗਿਆਨ ਤੇ ਨੀਤੀ ਸ਼ਾਸਤਰ ਵਿਚ ਅੰਤਰ :

ਪਰ ਫਿਰ ਵੀ ਇਹ ਦੋਵੇਂ ਵੱਖ-ਵੱਖ ਵਿਸ਼ੇ ਹਨ ਕਿਉਂਕਿ ਰਾਜਨੀਤੀ ਵਿਗਿਆਨ ਸਿਰਫ਼ ਮਨੁੱਖ ਦੇ ਰਾਜਨੀਤਿਕ ਆਚਰਣ ਦਾ ਅਧਿਐਨ ਕਰਦਾ ਹੈ । ਜਦ ਕਿ ਨੀਤੀ ਸ਼ਾਸਤਰ ਮਨੁੱਖ ਦੇ ਸਮੁੱਚੇ ਆਚਰਣ ਦੀ ਚੰਗਿਆਈ ਜਾਂ ਬੁਰਾਈ ਨੂੰ ਪ੍ਰਗਟ ਕਰਦਾ ਹੈ । ਇਸ ਦੇ ਨਾਲ ਹੀ ਰਾਜਨੀਤੀ ਸ਼ਾਸਤਰ ਮਨੁੱਖ ਦੇ ਬਾਹਰੀ ਕਾਰਜਾਂ ਭਾਵ ਮਨੁੱਖ ਤੇ ਮਨੁੱਖੀ ਸੰਸਥਾਵਾਂ ਦੇ ਸੰਬੰਧਾਂ ਦਾ ਅਧਿਐਨ ਕਰਦਾ ਹੈ ਜਦ ਕਿ ਨੀਤੀ ਸ਼ਾਸਤਰ ਮਨੁੱਖ ਦੇ ਅੰਦਰੂਨੀ ਜੀਵਨ ਅਤੇ ਉਸ ਦੇ ਖ਼ੁਦ ਨਾਲ ਸੰਬੰਧਿਤ ਕਾਰਜ਼ਾਂ ਨਾਲ ਸੰਬੰਧਿਤ ਹੈ ।

ਜਿਵੇਂ ਕਿ ਉਪਰੋਕਤ ਸਾਰੀ ਚਰਚਾ ਤੋਂ ਸਪਸ਼ਟ ਹੈ, ਰਾਜਨੀਤੀ ਤੇ ਨੀਤੀ ਸ਼ਾਸਤਰ ਦੋ ਵੱਖ-ਵੱਖ ਵਿਸ਼ੇ ਹੁੰਦੇ ਹੋਏ ਵੀ ਇਕ ਦੂਜੇ ਨਾਲ ਗੂੜੀ ਤਰ੍ਹਾਂ ਸੰਬੰਧਿਤ ਹਨ । ਜਿਵੇਂ ਕਿ ਆਈਵਰ ਬਰਾਊਨ (Ivor Brown) ਨੇ ਵੀ ਕਿਹਾ ਹੈ, 'ਰਾਜਨੀਤੀ ਨੈਤਿਕਤਾ ਦਾ ਵਿਕਸਿਤ ਰੂਪ ਹੈ, ਬਿਨਾਂ ਰਾਜਨੀਤਿਕ ਸਿਧਾਂਤ ਤੇ ਨੈਤਿਕ ਸਿਧਾਂਤ ਅਪੂਰਣ ਹੈ, ਕਿਉਂਕਿ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਤੇ ਸਮਾਜ ਤੋਂ ਅਲੱਗ ਨਹੀਂ ਰਹਿ ਸਕਦਾ ਹੈ । ਬਿਨਾਂ ਨੈਤਿਕ ਸਿਧਾਂਤ ਦੇ ਰਾਜਨੀਤਿਕ ਸਿਧਾਂਤ ਅਰਥਹੀਣ ਹੈ, ਕਿਉਂਕਿ ਇਸ ਦਾ ਅਧਿਐਨ ਅਤੇ ਸਿੱਟੇ ਮੂਲ ਰੂਪ ਵਿਚ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਅਤੇ 'ਠੀਕ' ਅਤੇ 'ਗਲਤ' ਬਾਰੇ ਸਾਡੀ ਮਾਨਤਾ ਉੱਤੇ ਨਿਰਭਰ ਕਰਦੇ ਹਨ ।

**1.3.8 ਸਾਰੰਸ਼ (Conclusion) :** ਇਸ ਪਾਠ ਵਿਚ ਅਸੀਂ ਰਾਜਨੀਤਿਕ ਵਿਗਿਆਨ ਦੇ ਦੂਜੇ ਸਮਾਜਕ ਵਿਗਿਆਨਾਂ ਨਾਲ ਸੰਬੰਧਾਂ ਦਾ ਅਧਿਐਨ ਕੀਤਾ ਹੈ । ਮਨੁੱਖ ਦੇ ਜੀਵਨ ਦੇ ਵੱਖ-ਵੱਖ ਪਹਿਲੂ ਹਨ । ਇਕ ਪਹਿਲੂ ਦੂਜੇ ਪਹਿਲੂ ਨਾਲ ਜੁੜਿਆ ਹੋਇਆ ਹੈ ਤੇ ਉਨ੍ਹਾਂ ਤੋਂ ਪ੍ਰਭਾਵਤ ਹੁੰਦਾ ਹੈ । ਇਸੇ ਤਰ੍ਹਾਂ ਮਨੁੱਖ ਦਾ ਰਾਜਨੀਤਿਕ ਵਿਹਾਰ ਆਰਥਕ, ਸਮਾਜਕ, ਇਤਿਹਾਸਕ ਤੇ ਮਨੋਵਿਗਿਆਨਕ ਤੱਤਾਂ ਤੋਂ ਪ੍ਰਭਾਵਿਤ ਹੁੰਦਾ ਹੈ । ਇਸ ਲਈ ਮਨੁੱਖ ਦੇ ਜੀਵਨ ਦੇ ਇਨ੍ਹਾਂ ਪਹਿਲੂਆਂ ਨਾਲ ਸੰਗਠਿਤ ਵਿਸ਼ਿਆਂ ਜਿਸ ਤਰ੍ਹਾਂ ਅਰਥ-ਸ਼ਾਸਤਰ, ਇਤਿਹਾਸ, ਸਮਾਜ-ਸ਼ਾਸਤਰ ਤੇ ਮਨੋਵਿਗਿਆਨ ਅਤੇ ਨੀਤੀ ਸ਼ਾਸਤਰ ਦੇ ਰਾਜਨੀਤੀ ਵਿਗਿਆਨ ਨਾਲ ਸੰਬੰਧਾਂ ਨੂੰ ਸਮਝਣ ਦੀ ਲੋੜ ਪੈਂਦੀ ਹੈ ਪ੍ਰਸ਼ਨ ਇਸ ਨਾਲ ਮਨੁੱਖੀ ਰਾਜਨੀਤਿਕ ਜੀਵਨ ਦਾ ਅਧਿਐਨ ਹੋਰ ਵੀ ਚੰਗੇ ਢੰਗ ਨਾਲ ਕੀਤਾ ਜਾ ਸਕਦਾ ਹੈ ।

### ਸਵੈ-ਅਭਿਆਸ ਲਈ ਪ੍ਰਸ਼ਨ–3

(1) ਸਮਾਜ ਸ਼ਾਸਤਰ ਅਤੇ ਰਾਜਨੀਤੀ ਵਿਗਿਆਨ ਵਿਚ ਕੋਈ ਦੋ ਸੰਬੰਧ ਅਤੇ ਦੋ ਅੰਤਰ ਦੱਸੋ ।

(2) ਮਨੋਵਿਗਿਆਨ ਦੀ ਰਾਜਨੀਤੀ ਵਿਗਿਆਨ ਨੂੰ ਕੀ ਦੇਣ ਹੈ? ਇਕ ਦੋ ਲਾਈਨਾਂ ਵਿਚ ਦੱਸੋ ।

(3) ਨੀਤੀ ਸ਼ਾਸਤਰ ਦੀ ਰਾਜਨੀਤੀ ਵਿਗਿਆਨ ਨੂੰ ਦੇਣ ਬਾਰੇ ਸੰਖੇਪ ਵਿਚ ਲਿਖੋ ।

(4) ਰਾਜਨੀਤੀ ਵਿਸ਼ਿਆਂ ਦੀ ਨੀਤੀ ਸ਼ਾਸਤਰ ਨੂੰ ਦੇਣ?

### 1.3.9 ਸਵੈ ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ

### ਸਵੈ--ਅਭਿਆਸ–1

(1) ਅੰਤਰ ਅਨੁਸ਼ਾਸਨੀ ਪਹੁੰਚ ਤੋਂ ਭਾਵ ਇਕ ਵਿਸ਼ੇ ਦਾ ਅਧਿਐਨ ਕਰਨ ਵਾਲੇ ਦੂਜੇ ਵਿਸ਼ਿਆਂ ਦੀ ਸਹਾਇਤਾ ਲੈਣਾ ਹੈ । ਇਸ ਪਹੁੰਚ ਦਾ ਆਧਾਰ ਇਹ ਹੈ ਕਿ ਵਿਭਿੰਨ ਸਮਾਜਿਕ ਵਿਗਿਆਨ ਮਨੁੱਖੀ ਜੀਵਨ ਦੇ ਵੱਖ-ਵੱਖ ਪੱਖਾਂ ਨਾਲ ਸੰਬੰਧਿਤ ਹਨ । ਇਸ ਲਈ ਉਹਨਾਂ ਦਾ ਆਪਸ ਵਿਚ ਗਹਿਰਾ ਸੰਬੰਧ ਹੈ, ਸੋ ਕਿਸੇ ਵੀ ਇਕ ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਸ ਨੂੰ ਬਾਕੀ ਦੇ ਵਿਸ਼ਿਆਂ ਦੇ ਸੰਦਰਭ ਵਿਚ ਹੀ ਪੜ੍ਹਨਾ ਚਾਹੀਦਾ ਹੈ—ਉਦਾਹਰਣ ਵਜੋਂ ਅਸੀਂ ਮਨੁੱਖ ਦੇ ਰਾਜਨੀਤਿਕ ਵਿਵਹਾਰ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਾਂ, ਜੇਕਰ ਅਸੀਂ ਉਸ ਦੇ ਜੀਵਨ ਦੇ ਸਮਾਜਿਕ ਆਰਥਿਕ, ਮਨੋਵਿਗਿਆਨਕ, ਨੈਤਿਕ ਅਤੇ ਇਤਿਹਾਸਕ ਪੱਖਾਂ ਨੂੰ ਸਾਹਮਣੇ ਰੱਖ ਕੇ ਹੀ ਇਸ ਦਾ ਅਧਿਐਨ ਕਰੀਏ ।

(2) ਇਹ ਸਾਰੇ ਵਿਸ਼ੇ ਮਾਨਵ ਜੀਵਨ ਦੇ ਵੱਖ-ਵੱਖ ਪੱਖਾਂ ਨਾਲ ਸੰਬੰਧਿਤ ਹਨ––ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੁੱਖ ਦੇ ਜੀਵਨ ਦੇ ਇਕ ਪੱਖ ਦਾ ਦੂਜੇ ਪੱਖਾਂ ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ, ਇਸੇ ਲਈ ਰਾਜਨੀਤੀ ਵਿਗਿਆਨ ਨੂੰ ਅਰਥ-ਸ਼ਾਸਤਰ, ਇਤਿਹਾਸ, ਸਮਾਜ ਸ਼ਾਸਤਰ, ਮਨੋਵਿਗਿਆਨ ਅਤੇ ਨੀਤੀ ਸ਼ਾਸਤਰ ਜਿਹੇ ਵਿਸ਼ਿਆਂ ਦੇ ਸੰਦਰਭ ਵਿਚ ਹੀ ਵਧੇਰੇ ਸਪਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ।

## ਸਵੈ-ਅਭਿਆਸ–2

**ਨੋਟ :** ਹੇਠ ਲਿਖੇ ਉੱਤਰ ਉਦਾਹਰਣ ਵਜੋਂ ਹਨ, ਵਿਦਿਆਰਥੀ ਪਾਠ ਵਿਚੋਂ ਦੇਖ ਕੇ ਕੋਈ ਹੋਰ ਨੁਕਤੇ ਵੀ ਲਿਖ ਸਕਦੇ ਹਨ।

1. (i) ਰਾਜ ਆਰਥਿਕ ਨੀਤੀਆਂ ਦਾ ਨਿਰਮਾਣ ਕਰਦਾ ਹੈ।
   (ii) ਆਰਥਿਕ ਵਿਕਾਸ ਲਈ ਰਾਜਨੀਤਿਕ ਸਥਿਰਤਾ ਜ਼ਰੂਰੀ ਹੈ।
2. (i) ਲੋਕਤੰਤਰ ਦੀ ਸਫ਼ਲਤਾ ਲਈ ਆਰਥਿਕ ਖੁਸ਼ਹਾਲੀ ਜ਼ਰੂਰੀ ਹੈ।
   (ii) ਸਰਕਾਰ ਦੀਆਂ ਨੀਤੀਆਂ ਮੁੱਖ ਰੂਪ ਵਿਚ ਆਰਥਿਕ ਅਵਸਥਾਵਾਂ ਦਾ ਸਿੱਟਾ ਹੁੰਦੀਆਂ ਹਨ।
3. (i) ਇਤਿਹਾਸ ਦਾ ਖੇਤਰ ਰਾਜਨੀਤੀ ਨਾਲੋਂ ਵਿਆਪਕ ਹੈ,
   (ii) ਇਤਿਹਾਸ ਕੇਵਲ ਭੂਤਕਾਲ ਨਾਲ ਸੰਬੰਧਿਤ ਹੈ, ਜਦਕਿ ਰਾਜਨੀਤੀ ਭੂਤ, ਵਰਤਮਾਨ ਅਤੇ ਭਵਿੱਖ ਨਾਲ ਸੰਬੰਧਿਤ ਹੈ।
   (iii) ਇਤਿਹਾਸ ਦੀ ਅਧਿਐਨ ਵਿਧੀ ਵਿਆਖਿਆਤਮਕ ਹੈ, ਜਦ ਕਿ ਰਾਜਨੀਤੀ ਦੀ ਵਿਸ਼ਲੇਸ਼ਣਾਤਮਕ।

## ਸਵੈ-ਅਭਿਆਸ–3

**1. ਸਬੰਧ :**

(i) ਰਾਜ ਸਮਾਜਿਕ ਸੰਗਠਨਾਂ ਨੂੰ ਨਿਯਮਿਤ ਕਰਦਾ ਹੈ।

(ii) ਰਾਜ ਦੇ ਕਾਨੂੰਨ ਸਮਾਜਿਕ ਰੀਤੀ ਰਿਵਾਜਾਂ ਤੇ ਆਧਾਰਿਤ ਹੁੰਦੇ ਹਨ।

**ਅੰਤਰ :**

(i) ਸਮਾਜ ਸ਼ਾਸ਼ਤਰ ਰਾਜਨੀਤੀ ਵਿਗਿਆਨ ਤੋਂ ਪੁਰਾਣਾ ਹੈ।

(ii) ਸਮਾਜ ਸ਼ਾਸ਼ਤਰ ਇਕ ਵਿਸ਼ਾਲ ਵਿਗਿਆਨ ਹੈ, ਜਦ ਕਿ ਰਾਜਨੀਤੀ ਵਿਗਿਆਨ ਇਸ ਦੇ ਮੁਕਾਬਲੇ ਵਿਚ ਇਕ ਵਿਸ਼ੇਸ਼ ਤੇ ਸੀਮਿਤ ਵਿਗਿਆਨ ਹੈ।

2. ਰਾਜਨੀਤੀ ਦੀਆਂ ਜੜ੍ਹਾਂ ਮਨੋਵਿਗਿਆਨ ਵਿਚ ਲੁਕੀਆਂ ਹਨ ਕਿਉਂਕਿ ਰਾਜਨੀਤਿਕ ਸੰਸਥਾਵਾਂ ਦਾ ਸਫ਼ਲ ਹੋਣਾ ਜਾਂ ਨਾ ਹੋਣਾ, ਮਾਨਵ ਵਿਵਹਾਰ ਤੇ ਨਿਰਭਰ ਕਰਦਾ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਰਾਜਨੀਤਿਕ ਕਾਰਜਾਂ ਵਿਚ ਲੱਗੇ ਲੋਕ ਮਨੁੱਖੀ ਮਨ ਤੇ ਦਿਮਾਗ ਨੂੰ ਚੰਗੀ ਤਰ੍ਹਾਂ ਸਮਝ ਲੈਣ।
3. ਰਾਜ ਦੁਆਰਾ ਬਣਾਏ ਗਏ ਕਾਨੂੰਨ ਜਨਤਾ ਦੇ ਨੈਤਿਕ ਆਦਰਸ਼ਾਂ ਤੇ ਆਧਾਰਿਤ ਹੁੰਦੇ ਹਨ, ਅਸਲ ਵਿਚ ਜਦੋਂ ਨੈਤਿਕ ਆਦਰਸ਼ ਸਥਾਈ ਤੇ ਪ੍ਰਚਲਿਤ ਹੋ ਜਾਂਦੇ ਹਨ ਉਹਨਾਂ ਨੂੰ ਰਾਜ ਦੁਆਰਾ ਕਾਨੂੰਨ ਵਜੋਂ ਮਾਨਤਾ ਦੇ ਦਿੱਤੀ ਜਾਂਦੀ ਹੈ।
4. ਵਿਅਕਤੀ ਦਾ ਆਚਰਣ ਕਾਨੂੰਨਾਂ ਦੁਆਰਾ ਪ੍ਰਭਾਵਿਤ ਹੁੰਦਾ ਹੈ ਅਤੇ ਨੈਤਿਕ ਮੁੱਲਾਂ ਨੂੰ ਲਾਗੂ ਕਰਨ ਦਾ ਇੱਕੋ ਇਕ ਢੰਗ ਰਾਜ ਦੁਆਰਾ ਨਿਰਮਿਤ ਕਾਨੂੰਨ ਹਨ।

## 2.10 ਸੁਝਾਈਆਂ ਪੁਸਤਕਾਂ


1. O.P. Gauba : An Introduction to Political Theory
2. A.C. Kapoor : Principles of Political Science.

3. ਐਸ.ਐਸ. ਨੰਦਾ : ਰਾਜਨੀਤਿਕ ਸਿਧਾਂਤ
4. ਜੇ.ਐਸ. ਬਡਿਆਲ : ਰਾਜਨੀਤਕ ਸਿਧਾਂਤ
5. Eddy Asirvatham : Political Theory
6. Andrew Heywood : Politics
7. Andrew Heywood : Political Theory
8. www.wikipedia.org
9. www.cup.com

**ਪਾਠ ਨੰ : 1.4** **ਡਾ. ਰਾਜਿੰਦਰ ਕੌਰ**

# ਰਾਜ : ਅਰਥ, ਪਰਿਭਾਸ਼ਾ, ਤੱਤ
## (State : Meaning, Definition, Elements)

1.4.1. ਪਾਠ ਦਾ ਉਦੇਸ਼
1.4.2. ਭੂਮਿਕਾ
1.4.3. 'ਰਾਜ' ਸ਼ਬਦ ਦਾ ਅਰਥ
1.4.4. 'ਰਾਜ' ਦੀ ਪ੍ਰੀਭਾਸ਼ਾ
1.4.5. ਰਾਜ ਦੇ ਜ਼ਰੂਰੀ ਤੱਤ
1.4.6. ਰਾਜ ਦੇ ਕੁਝ ਗੈਰ-ਜ਼ਰੂਰੀ ਤੱਤ

### 1.4.1. ਪਾਠ ਦਾ ਉਦੇਸ਼ (Objectives of the Lesson)

ਰਾਜ ਰਾਜਨੀਤੀ ਸ਼ਾਸਤਰ ਦੇ ਅਧਿਐਨ ਦਾ ਬਹੁਤ ਮਹੱਤਵਪੂਰਨ ਵਿਸ਼ਾ ਹੈ। ਇਸ ਪਾਠ ਵਿਚ ਅਸੀਂ ਰਾਜ ਦੇ ਅਰਥਾਂ, ਰਾਜ ਦੀ ਪਰਿਭਾਸ਼ਾ, ਇਸਦੇ ਜ਼ਰੂਰੀ ਤੱਤ ਤੇ ਗੈਰ-ਜ਼ਰੂਰੀ ਤੱਤਾਂ ਉਪਰ ਵਿਚਾਰ ਕਰਾਂਗੇ ਅਤੇ ਸਮਾਜ ਤੇ ਸਰਕਾਰ ਨਾਲੋਂ ਰਾਜ ਦੇ ਅੰਤਰ ਨੂੰ ਸਪਸ਼ਟ ਕਰਨ ਦਾ ਯਤਨ ਕਰਾਂਗੇ। ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਵਿਦਿਆਰਥੀ :

* ਰਾਜ ਦਾ ਅਰਥ ਤੇ ਪਰਿਭਾਸ਼ਾ ਦੱਸ ਸਕਣਗੇ।
* ਰਾਜ ਦੇ ਮੁੱਖ ਤੱਤਾਂ ਬਾਰੇ ਜਾਣਕਾਰੀ ਦੇ ਸਕਣਗੇ।
* ਰਾਜ, ਸਮਾਜ ਅਤੇ ਸਰਕਾਰ ਵਿੱਚ ਅੰਤਰ ਕਰ ਸਕਣਗੇ।

### 1.4.2. ਭੂਮਿਕਾ (Introduction)

ਮਨੁੱਖ ਆਪਣੀਆਂ ਲੋੜਾਂ ਅਤੇ ਸੁਭਾ ਪੱਖੋਂ ਇੱਕ ਸਮਾਜਿਕ ਪ੍ਰਾਣੀ ਹੈ। ਸਮਾਜ ਤੋਂ ਵੱਖ ਹੋ ਕੇ ਉਹ ਆਪਣੀ ਸਖਸ਼ੀਅਤ ਦਾ ਪੂਰਨ ਵਿਕਾਸ ਨਹੀਂ ਕਰ ਸਕਦਾ। *ਅਰਸਤੂ (Aristotle)* ਨੇ ਠੀਕ ਹੀ ਆਖਿਆ ਸੀ ਕਿ, ***"ਜੋ ਮਨੁੱਖ ਸਮਾਜ ਤੋਂ ਵੱਖ ਰਹਿ ਕੇ ਜਿਉਣ ਦੀ ਸ਼ਕਤੀ ਰੱਖਦਾ ਹੈ ਉਹ ਜਾਂ ਤਾਂ ਦੇਵਤਾ ਹੈ ਜਾਂ ਪਸ਼ੂ।"*** ਅਸੀਂ ਜਾਣਦੇ ਹਾਂ ਕਿ ਸਮਾਜ ਲੋਕਾਂ ਦਾ ਅਜਿਹਾ ਸਮੂਹ ਹੈ ਜਿਸ ਵਿਚ ਲੋਕ ਮਿਲ-ਜੁਲਕੇ ਰਹਿੰਦੇ ਹਨ ਅਤੇ ਆਪਣੀਆਂ ਲੋੜਾਂ ਅਤੇ ਉਦੇਸ਼ਾਂ ਦੀ ਪੂਰਤੀ ਲਈ ਰਲਕੇ ਯਤਨ ਕਰਦੇ ਹਨ। ਪ੍ਰੰਤੂ, ਸਮਾਜ ਵਿੱਚ ਜਿੱਥੇ ਇਕ ਪਾਸੇ ਸਹਿਯੋਗ ਪਾਇਆ ਜਾਂਦਾ ਹੈ, ਉਥੇ ਨਾਲ ਹੀ ਵਿਰੋਧ ਵੀ ਵੇਖਣ ਵਿਚ ਆਉਂਦਾ ਹੈ। ਮਨੁੱਖ ਇਕ ਸਭਯ ਜੀਵਨ ਜਿਉਣਾ ਚਾਹੁੰਦਾ ਹੈ ਜਿਸਦੇ ਲਈ ਇਕ ਅਜਿਹੇ ਸਥਾਈ ਸੰਗਠਨ ਦੀ ਲੋੜ ਹੈ ਜੋ ਮਨੁੱਖੀ ਆਚਰਣ ਨੂੰ ਸਮਾਜ ਦੀਆਂ ਸਾਂਝੀਆਂ ਲੋੜਾਂ ਦੇ ਅਨੁਸਾਰ ਢਾਲ ਸਕੇ। ਅਜਿਹਾ ਸੰਗਠਨ ਰਾਜ ਹੈ ਜੋ ਸਮਾਜਿਕ ਨਿਯਮਾਂ ਤੋਂ ਵਧੇਰੇ ਪ੍ਰਭਾਵਸ਼ਾਲੀ ਹੈ ਅਤੇ ਵਿਅਕਤੀ ਲਈ ਚੰਗੇਰੇ ਜੀਵਨ ਦੀ ਵਿਵਸਥਾ ਕਰਨ ਦੇ ਸਮਰਥ ਹੈ। *ਅਰਸਤੂ* ਨੇ ਠੀਕ ਹੀ ਆਖਿਆ ਸੀ ਕਿ "*ਰਾਜ ਦਾ ਜਨਮ ਜੀਵਨ ਦੀਆਂ ਲੋੜਾਂ ਕਾਰਨ ਹੋਇਆ ਅਤੇ ਚੰਗੇਰੇ ਜੀਵਨ ਲਈ ਇਸਦੀ ਹੋਂਦ ਕਾਇਮ ਹੈ।*"

### 1.4.3. ਰਾਜ ਸ਼ਬਦ ਦਾ ਅਰਥ (Meaning of the term State)

ਪੁਰਾਤਨ ਰਾਜਨੀਤਕ ਵਿਗਿਆਨੀਆਂ ਅਨੁਸਾਰ, ਰਾਜਨੀਤੀ ਵਿਗਿਆਨ ਮੁੱਖ ਰੂਪ ਵਿੱਚ ਰਾਜ ਦਾ ਹੀ ਵਿਗਿਆਨ ਹੈ। **ਗਾਰਨਰ** ਅਨੁਸਾਰ "ਰਾਜਨੀਤੀ ਵਿਗਿਆਨ ਦਾ ਆਰੰਭ ਅਤੇ ਅੰਤ ਰਾਜ ਨਾਲ ਹੀ ਹੁੰਦਾ ਹੈ।" ਰਾਜ ਨੂੰ ਅੰਗਰੇਜ਼ੀ ਵਿਚ ਅਸੀਂ ਸਟੇਟ (State) ਆਖਦੇ ਹਾਂ ਅਤੇ ਸਟੇਟ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ (Status) ਤੋਂ ਲਿਆ ਗਿਆ ਹੈ। ਲਾਤੀਨੀ ਅਤੇ ਅੰਗ੍ਰੇਜ਼ੀ ਦੋਵਾਂ ਭਾਸ਼ਾਵਾਂ ਵਿੱਚ 'ਸਟੇਟਸ' ਦਾ ਅਰਥ 'ਦੂਜਿਆਂ ਦੇ ਮੁਕਾਬਲੇ ਉੱਚੇ ਪੱਧਰ ਦਾ ਹੋਣਾ ਹੈ। ਇਸ ਪ੍ਰਕਾਰ, ਸ਼ਬਦੀ

ਅਰਥਾਂ ਅਨੁਸਾਰ ਰਾਜ ਦਾ ਅਰਥ ਮਨੁੱਖ ਦੇ ਦੂਸਰੇ ਸੰਗਠਨਾਂ ਨਾਲੋਂ ਉੱਚਾ ਹੋਣਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਪ੍ਰਾਚੀਨ ਯੂਨਾਨੀ ਲੋਕ (The Greeks) ਰਾਜ ਲਈ ਪੋਲਿਸ (Polis) ਸ਼ਬਦ ਦੀ ਵਰਤੋਂ ਕਰਦੇ ਸਨ ਜਿਸਦਾ ਅਰਥ ਰਾਜ (City-State) ਤੋਂ ਸੀ ਪ੍ਰੰਤੂ ਅੱਜ ਕੱਲ੍ਹ ਦੇ ਵੱਡੇ ਅਕਾਰੀ ਰਾਸ਼ਟਰੀ ਰਾਜਾਂ ਲਈ ਇਸ ਸ਼ਬਦ ਦੀ ਵਰਤੋਂ ਉਚਿਤ ਨਹੀਂ।

### 1.4.4.ਰਾਜ ਦੀ ਪ੍ਰਿਭਾਸ਼ਾ (Definition of State)

ਰਾਜ ਦੇ ਸ਼ਾਬਦਿਕ ਅਰਥਾਂ ਨੂੰ ਜਾਨਣ ਤੋਂ ਬਾਅਦ ਅਸੀਂ ਰਾਜ ਨੂੰ ਪਰਿਭਾਸ਼ਤ ਕਰਨ ਦਾ ਯਤਨ ਕਰਾਂਗੇ। **ਅਰਸਤੂ** (Aristotle) ਅਨੁਸਾਰ, ''ਰਾਜ ਪਰਿਵਾਰਾਂ ਅਤੇ ਪਿੰਡਾਂ ਦਾ ਅਜਿਹਾ ਸਮੂਹ ਹੈ ਜਿਸਦਾ ਉਦੇਸ਼ ਇਕ ਸੰਪੂਰਨ ਅਤੇ ਸਵੈ-ਨਿਰਭਰ ਜੀਵਨ ਦੀ ਸਥਾਪਨਾ ਹੈ, ਅਰਥਾਤ ਇਕ ਸੁਖੀ ਅਤੇ ਸਤਿਕਾਰਮਈ ਜੀਵਨ ਦੀ ਸਥਾਪਨਾ।'' ਅਰਸਤੂ ਦੀ ਰਾਜ ਦੀ ਪਰਿਭਾਸ਼ਾ ਰਾਜ ਦੇ ਉਦੇਸ਼ ਬਾਰੇ ਤਾਂ ਸਪਸ਼ਟ ਹੈ, ਪ੍ਰੰਤੂ ਰਾਜ ਦੇ ਖੇਤਰ ਦਾ ਭਲੀ-ਭਾਂਤ ਬਿਆਨ ਨਹੀਂ ਕਰਦੀ। ਵਰਤਮਾਨ ਸਮੇਂ ਵਿੱਚ ਰਾਜ ਨੂੰ ਕੇਵਲ ਪਿੰਡਾਂ ਅਤੇ ਪਰਿਵਾਰਾਂ ਦਾ ਸਮੂਹ ਨਹੀਂ ਕਿਹਾ ਜਾ ਸਕਦਾ। ਅਜੋਕੇ ਰਾਜ ਵਿਚ ਅਨੇਕਾਂ ਰਾਜਨੀਤਿਕ ਅਤੇ ਕਈ ਹੋਰ ਪ੍ਰਕਾਰ ਦੇ ਸਮੁਦਾਇ ਸ਼ਾਮਿਲ ਹੁੰਦੇ ਹਨ।

ਬਲੰਸ਼ਲੀ (Bluntshli) ਅਨੁਸਾਰ, ''ਕਿਸੇ ਨਿਸ਼ਚਿਤ ਇਲਾਕੇ ਤੇ ਰਾਜਨੀਤਿਕ ਤੌਰ ਤੇ ਸੰਗਠਿਤ ਲੋਕਾਂ ਦੇ ਸਮੂਹ ਨੂੰ ਰਾਜ ਆਖਿਆ ਜਾਂਦਾ ਹੈ। ਬੰਲਸ਼ਲੀ ਦੀ ਇਸ ਪਰਿਭਾਸ਼ਾ ਵਿੱਚ ਸਰਕਾਰ ਅਤੇ ਜਨ-ਸੰਖਿਆ ਦਾ ਸਪਸ਼ਟ ਵਰਨਣ ਹੈ ਪ੍ਰੰਤੂ ਰਾਜ ਦੀ ਪ੍ਰਭੂਸੱਤਾ ਦਾ ਸਪਸ਼ਟ ਜ਼ਿਕਰ ਨਹੀਂ ਹੈ। ਇਸੇ ਪ੍ਰਕਾਰ **ਹਾਲ (Hall)** ਨੇ ਰਾਜ ਦੀ ਪਰਿਭਾਸ਼ਾ ਵਿੱਚ ਹਾਲਾਂਕਿ ਰਾਜ ਦੇ ਜਰੂਰੀ ਤੱਤਾਂ ਵਜੋਂ, ਭੂਮੀ, ਸਰਕਾਰ ਅਤੇ ਬਾਹਰੀ ਪ੍ਰਭੂਸੱਤਾ ਦਾ ਜ਼ਿਕਰ ਤਾਂ ਕੀਤਾ ਹੈ ਪ੍ਰੰਤੂ ਅੰਦਰੂਨੀ ਪ੍ਰਭੂਸੱਤਾ ਦਾ ਜ਼ਿਕਰ ਨਹੀਂ ਕੀਤਾ ਅਤੇ **ਹਾਲੈਂਡ (Holland)** ਦੀ ਪਰਿਭਾਸ਼ਾ ਵਿਚ ਰਾਜ ਦੇ ਜ਼ਰੂਰੀ ਅੰਗ ਵਜੋਂ ਬਾਹਰੀ ਪ੍ਰਭੂਸੱਤਾ ਦਾ ਜ਼ਿਕਰ ਨਹੀਂ ਮਿਲਦਾ। ਕਈ ਪਰਿਭਾਸ਼ਾਵਾਂ ਦੇ ਅਧਿਐਨ ਤੋਂ ਬਾਅਦ ਪਤਾ ਚਲਦਾ ਹੈ ਕਿ ਰਾਜ ਸਬੰਧੀ ਗਾਰਨਰ ਅਤੇ ਗਿਲਕ੍ਰਾਈਸਟ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਬਹੁਤ ਢੁਕਵੀਆਂ ਹਨ।

**ਗਾਰਨਰ (Garner)** ਅਨੁਸਾਰ, ''ਰਾਜ ਥੋੜੇ ਜਾਂ ਬਹੁਤੇ ਲੋਕਾਂ ਦਾ ਇਕ ਅਜਿਹਾ ਸਮੂਹ ਹੈ ਜੋ ਧਰਤੀ ਦੇ ਕਿਸੇ ਨਿਸ਼ਚਿਤ ਭਾਗ ਉਪਰ ਸਥਾਈ ਰੂਪ ਵਿੱਚ ਵਸਦਾ ਹੋਵੇ, ਬਾਹਰੀ ਨਿਯਤੰਰਣ ਤੋਂ ਪੂਰੀ ਤਰ੍ਹਾਂ ਜਾਂ ਲਗਭਗ ਸੁਤੰਤਰ ਹੋਵੇ ਅਤੇ ਜਿਸਦੀ ਸੰਗਠਿਤ ਸਰਕਾਰ ਹੋਵੇ ਜਿਸਦੀ ਆਗਿਆ ਦਾ ਪਾਲਣ ਉਥੋਂ ਦੇ ਲੋਕਾਂ ਦਾ ਬਹੁਤ ਹਿੱਸਾ ਸੁਭਾਵਿਕ ਹੀ ਕਰਦਾ ਹੋਵੇ।'' ਇਸੇ ਪ੍ਰਕਾਰ **ਗਿਲਕ੍ਰਾਇਸਟ (Gilchrist)** ਅਨੁਸਾਰ, ''ਜਿਥੇ ਕੁਝ ਲੋਕ ਕਿਸੇ ਨਿਸ਼ਚਿਤ ਇਲਾਕੇ ਉਪਰ ਕਿਸੇ ਸਰਕਾਰ ਦੇ ਅਧੀਨ ਸੰਗਠਿਤ ਹੋਣ ਅਤੇ ਉਹ ਸਰਕਾਰ ਅੰਦਰੂਨੀ ਮਾਮਲਿਆਂ ਵਿਚ ਉਹਨਾਂ ਦੀ ਪ੍ਰਭੂਸੱਤਾ ਦੇ ਪ੍ਰਗਟਾਵੇ ਦਾ ਸਾਧਨ ਹੋਵੇ ਅਤੇ ਬਾਹਰਲੇ ਮਾਮਲਿਆਂ ਵਿਚ ਹੋਰ ਸਰਕਾਰਾਂ ਤੋਂ ਸਤੰਤਰ ਹੋਵੇ।'' ਤਾਂ ਉਹ ਰਾਜ ਹੁੰਦਾ ਹੈ। ਉਪਰੋਕਤ ਪਰਿਭਾਸ਼ਾਵਾਂ ਤੋਂ ਇਹ ਸਪਸ਼ਟ ਹੈ ਕਿ ਕਿਸੇ ਰਾਜ ਦੇ ਨਿਰਮਾਣ ਲਈ ਥੋੜ੍ਹੀ ਜਾਂ ਬਹੁਤੀ ਗਿਣਤੀ ਵਿੱਚ ਲੋਕਾਂ ਦੇ ਸਮੂਹ ਦਾ ਧਰਤੀ ਦੇ ਕਿਸੇ ਖਾਸ ਇਲਾਕੇ ਉਪਰ ਨਿਸ਼ਚਿਤ ਰੂਪ 'ਚ ਕਿਸੇ ਅਜਿਹੀ ਸਰਕਾਰ ਦੇ ਅਧੀਨ ਵਸਦੇ ਹੋਣਾ ਜ਼ਰੂਰੀ ਹੈ ਜੋ ਸਰਕਾਰ ਬਾਹਰੀ ਨਿਯੰਤਰਣ ਤੋਂ ਮੁਕਤ ਹੋਵੇ ਅੰਦਰੂਨੀ ਤੌਰ ਤੇ ਸਰਵਉੱਚ ਹੋਵੇ।

### ਸਵੈ ਅਭਿਆਸ ਲਈ ਪ੍ਰਸ਼ਨ ਨੰ: 1

(ਅਭਿਆਸ ਵਿੱਚ ਦਿੱਤੇ ਪ੍ਰਸ਼ਨਾਂ ਦੇ ਉਤਰ ਪਾਠ ਦੇ ਅੰਤ ਵਿੱਚ ਦਿੱਤੇ ਗਏ ਉੱਤਰਾਂ ਨਾਲ ਮਿਲਾਓ)

1. ਇਹ ਸ਼ਬਦ ਕਿਸਨੇ ਆਖੇ, ''ਰਾਜ ਦਾ ਜਨਮ ਜੀਵਨ ਦੀਆਂ ਲੋੜਾਂ ਕਾਰਨ ਹੋਇਆ ਅਤੇ ਚੰਗੇਰੇ ਜੀਵਨ ਲਈ ਇਸਦੇ ਹੋਂਦ ਕਾਇਮ ਹੈ?''

   ____________________________________________________________

   ____________________________________________________________

2. ਯੂਨਾਨੀਆਂ ਲਈ ਸ਼ਬਦ 'ਪੋਲਿਸ (Polis)' ਦਾ ਕੀ ਅਰਥ ਸੀ?

   ________________________________________________________

   ________________________________________________________

3. ਅਰਸਤੂ ਅਨੁਸਾਰ ਰਾਜ ਦੀ ਪਰਿਭਾਸ਼ਾ ਕੀ ਹੈ ?

   ____________________________________________________________

_______________________________________________

4. ਗਿਲਕ੍ਰਾਇਸਟ ਨੇ ਰਾਜ ਦੀ ਪਰਿਭਾਸ਼ਾ ਕਿਵੇਂ ਕੀਤੀ ਹੈ?

_______________________________________________

_______________________________________________

### 1.4.5.ਰਾਜ ਦੇ ਜ਼ਰੂਰੀ ਤੱਤ (Essential Elements of State)

ਰਾਜ ਦੀਆਂ ਉਪਰ ਚਰਚਿਤ ਪਰਿਭਾਸ਼ਾਵਾਂ ਤੋਂ ਇਹ ਸਪਸ਼ਟ ਹੈ ਕਿ ਬੁਨਿਆਦੀ ਤੌਰ ਤੇ ਰਾਜ ਦੇ ਚਾਰ ਜ਼ਰੂਰੀ ਤੱਤ ਹਨ। ਇਹਨਾਂ ਵਿਚੋਂ ਜੇਕਰ ਇਕ ਤੱਤ ਮੌਜੂਦ ਨਾ ਹੋਵੇ ਤਾਂ ਬਾਕੀ ਤੱਤਾਂ ਤੋਂ ਮਿਲਕੇ ਰਾਜ ਨਹੀਂ ਬਣ ਸਕਦਾ। ਰਾਜ ਦੇ ਹੋਂਦ ਵਿੱਚ ਆਉਣ ਲਈ ਇਹਨਾਂ ਚਾਰੇ ਤੱਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਚਾਰ ਤੱਤ ਇਸ ਪ੍ਰਕਾਰ ਹਨ : (1) ਵਸੋਂ (Population) (2) ਨਿਸ਼ਚਿਤ ਇਲਾਕਾ (Fixed Territory) (3) ਸਰਕਾਰ Government ਅਤੇ (4) ਪ੍ਰਭੂਸਤਾ (Sovereignty) । ਹੁਣ ਅਸੀਂ ਇਹਨਾਂ ਤੱਤਾਂ ਸੰਬੰਧੀ ਵਿਸਥਾਰ ਵਿਚ ਚਰਚਾ ਕਰਾਂਗੇ।

### 1.4.5.1. ਵਸੋਂ (Population) :

ਵਸੋਂ ਜਾਂ ਆਬਾਦੀ ਤੋਂ ਬਿਨਾਂ ਰਾਜ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਰਾਜ ਇਕ ਮਨੁੱਖੀ ਸੰਗਠਨ ਹੈ ਅਤੇ ਇਹ ਮਨੁੱਖੀ ਲੋੜਾਂ ਦੀ ਪੂਰਤੀ ਲਈ ਹੀ ਹੋਂਦ ਵਿਚ ਆਇਆ ਹੈ। ਵਿਚਾਰਨਯੋਗ ਪ੍ਰਸ਼ਨ ਕੇਵਲ ਇਹ ਹੈ ਕਿ ਰਾਜ ਲਈ ਕਿੰਨੀ ਵਸੋਂ ਦਾ ਹੋਣਾ ਜ਼ਰੂਰੀ ਹੈ? ਰੂਸੋ ਨੇ ਰਾਜ ਲਈ ਦਸ ਹਜ਼ਾਰ ਆਬਾਦੀ ਉਚਿਤ ਦੱਸੀ ਸੀ। ਪਲੈਟੋ ਅਤੇ ਅਰਸਤੂ ਦੀ ਘੱਟ ਆਬਾਦੀ ਵਾਲੇ ਨਗਰ ਰਾਜਾਂ ਦੇ ਹੱਕ ਵਿਚ ਸਨ। ਪਲੈਟੋ ਨੇ ਰਾਜ ਦੀ ਆਬਾਦੀ ਕੇਵਲ 5040 ਨਿਸ਼ਚਿਤ ਕੀਤੀ ਸੀ। ਪ੍ਰੰਤੂ ਆਧੁਨਿਕ ਰਾਜਾਂ ਲਈ ਏਨੀ ਥੋੜ੍ਹੀ ਆਬਾਦੀ ਦਾ ਹੋਣਾ ਸੰਭਵ ਨਹੀਂ ਹੁਣ ਨਗਰ ਰਾਜਾਂ ਦਾ ਸਮਾਂ ਨਹੀਂ ਰਿਹਾ। ਆਧੁਨਿਕ ਵਿਚਾਰ ਅਨੁਸਾਰ ਜਨ ਸੰਖਿਆ ਏਨੀ ਘੱਟ ਨਹੀਂ ਹੋਣੀ ਚਾਹੀਦੀ ਕਿ ਰਾਜ ਵਿਚ ਆਤਮ ਨਿਰਭਰਤਾ ਨਾ ਹੋਵੇ ਅਤੇ ਉਹ ਆਪਣੇ ਕੁਦਰਤੀ ਸਾਧਨਾਂ ਦਾ ਸਹੀ ਪ੍ਰਯੋਗ ਵੀ ਨਾ ਕਰ ਸਕੇ ਅਤੇ ਏਨੀ ਜ਼ਿਆਦਾ ਵੀ ਨਹੀਂ ਹੋਣੀ ਚਾਹੀਦੀ ਕਿ ਦੇਸ਼ ਦੇ ਆਰਥਿਕ ਸਾਧਨ ਵਸੋਂ ਦੀਆਂ ਜ਼ਰੂਰਤਾਂ ਹੀ ਪੂਰੀਆਂ ਨਾ ਕਰ ਸਕਣ। ਗੈਟਾਲ ਅਨੁਸਾਰ, ''ਆਬਾਦੀ ਗਿਣਤੀ ਵਿਚ ਏਨੀ ਹੋਣੀ ਚਾਹੀਦੀ ਹੈ ਜਿਸ ਨਾਲ ਰਾਜ ਦਾ ਸੰਗਠਨ ਕਾਇਮ ਰਹਿ ਸਕੇ ਅਤੇ ਏਨੀਆਂ ਜ਼ਿਆਦਾ ਵੀ ਨਹੀ ਹੋਣੀ ਚਾਹੀਦੀ ਕਿ ਉਸਦੇ ਗੁਜ਼ਾਰੇ ਲਈ ਪ੍ਰਾਂਤਕ ਖੇਤਰ ਅਤੇ ਰਾਜ ਦੇ ਸਾਧਨ ਕਾਫੀ ਨਾ ਹੋਣ। ਵਾਸਤਵਿਕ ਰੂਪ ਵਿਚ ਸੰਸਾਰ ਵਿਚ ਬਹੁਤ ਜ਼ਿਆਦਾ ਵਸੋਂ ਵਾਲੇ ਰਾਜ ਵੀ ਹਨ, ਜਿਵੇਂ ਕਿ *ਭਾਰਤ* ਅਤੇ *ਚੀਨ,* ਜਿਹਨਾਂ ਦੀ ਵਸੋਂ 100 ਕਰੋੜ ਦੇ ਕਰੀਬ ਅਤੇ ਦੂਸਰੇ ਪਾਸੇ *ਮੋਨੈਕੋ* (Monaco) ਅਤੇ *ਸਾਨ-ਮੈਰੀਨੋ* (San-Marino) ਵਰਗੇ ਰਾਜ ਵੀ ਹਨ ਜਿਹਨਾਂ ਦੀ ਆਬਾਦੀ ਕ੍ਰਮਵਾਰ ਕੇਵਲ 22 ਹਜ਼ਾਰ ਅਤੇ 16 ਹਜ਼ਾਰ ਦੇ ਕਰੀਬ ਹੈ। ਇਸ ਪ੍ਰਕਾਰ ਇਹ ਸਪਸ਼ਟ ਹੈ ਕਿ ਰਾਜ ਦੇ ਸੰਗਠਨ ਲਈ ਆਬਾਦੀ ਦਾ ਘੱਟ ਜਾਂ ਵੱਧ ਹੋਣਾ ਜ਼ਰੂਰੀ ਨਹੀਂ ਹੈ।

### 1.4.5.2. ਨਿਸ਼ਚਿਤ ਇਲਾਕਾ (Fixed Territory)

ਨਿਸ਼ਚਿਤ ਇਲਾਕਾ ਜਾਂ ਭੂਮੀ ਰਾਜ ਦਾ ਦੂਸਰਾ ਜ਼ਰੂਰੀ ਤੱਤ ਹੈ। ਮਨੁੱਖਾਂ ਦਾ ਕੋਈ ਸਮੂਹ ਆਪ ਨੂੰ ਰਾਜ ਦੇ ਰੂਪ ਵਿਚ ਉਦੋਂ ਤੱਕ ਸੰਗਠਿਤ ਨਹੀਂ ਕਰ ਸਕਦਾ ਜਦ ਤੱਕ ਉਹਨਾਂ ਕੋਲ ਕੋਈ ਨਿਸ਼ਚਿਤ ਇਲਾਕਾ ਨਾ ਹੋਵੇ, ਜਿਸਨੂੰ ਉਹ ਆਪਣਾ ਦੇਸ਼ ਕਹਿ ਸਕਣ। ਬਲੰਸ਼ਲੀ (Bluntshli) ਨੇ ਠੀਕ ਹੀ ਕਿਹਾ ਹੈ, ''ਕਿ ਰਾਜ ਦਾ ਪਹਿਲਾ ਅਧਾਰ ਲੋਕ ਹਨ ਅਤੇ ਇਸਦੇ ਨਾਲ ਹੀ ਇਸਦਾ ਦੂਜਾ ਅਧਾਰ ਭੂਮੀ ਹੈ। ਲੋਕਾਂ ਦੀ ਵਸੋਂ ਉਦੋਂ ਤੱਕ ਰਾਜ ਨਹੀਂ ਬਣ ਸਕਦੀ ਜਦ ਤਕ ਉਹਨਾਂ ਕੋਲ ਇਲਾਕਾ ਨਾ ਹੋਵੇ। ਉਦਾਹਰਣ ਵਜੋਂ, 1948 ਤੋਂ ਪਹਿਲਾਂ ਯਹੂਦੀ ਲੋਕ ਯੂਰਪ ਦੇ ਕਈ ਰਾਜਾਂ ਵਿਚ ਵਸੇ ਹੋਏ ਸਨ ਪਰ ਉਹਨਾਂ ਕੋਲ ਨਿਸ਼ਚਿਤ ਇਲਾਕਾ ਨਾ ਹੋਣ ਕਰਕੇ ਉਹ ਆਪਣਾ ਸਥਾਈ ਰਾਜ ਸਥਾਪਿਤ ਕਰਨ ਯੋਗ ਨਹੀਂ ਸਨ। 1948 ਵਿੱਚ **ਇਜ਼ਰਾਈਲ** (Israel) ਦੇਸ਼ ਦੀ ਸਥਾਪਨਾ ਹੋਈ ਅਤੇ ਯਹੂਦੀਆਂ ਨੂੰ ਵਸਣ ਲਈ ਨਿਸ਼ਚਿਤ ਇਲਾਕਾ ਮਿਲ ਗਿਆ ਅਤੇ ਇਸ ਤਰ੍ਹਾਂ ਉਹ ਇਕ ਰਾਜ ਦਾ ਰੂਪ ਧਾਰਨ ਕਰ ਸਕੇ। ਇਲਾਕੇ ਦੇ ਨਿਸ਼ਚਿਤ ਹੋਣ ਨਾ-ਲ ਹੀ ਰਾਜ ਦਾ ਅਧਿਕਾਰ ਖੇਤਰ ਨਿਸ਼ਚਿਤ ਹੁੰਦਾ ਹੈ।

ਰਾਜ ਦੇ ਇਲਾਕੇ ਵਿਚ ਕੇਵਲ ਜ਼ਮੀਨ ਹੀ ਨਹੀਂ ਬਲਕਿ ਦਰਿਆ, ਪਹਾੜ, ਇਲਾਕੇ, ਉਪਰਲਾ ਵਾਯੂ ਮੰਡਲ ਅਤੇ

ਨਾਲ ਲਗਦੇ ਸਮੁੰਦਰ ਦਾ ਕੁਝ ਹਿੱਸਾ ਵੀ ਸ਼ਾਮਿਲ ਹੁੰਦਾ ਹੈ। ਅੰਤਰਰਾਸ਼ਟਰੀ ਕਾਨੂੰਨੀ ਅਨੁਸਾਰ ਸਮੁੰਦਰ ਅਤੇ ਵਾਯੂ ਮੰਡਲ ਦੀਆਂ ਸੀਮਾਵਾਂ ਨਿਸ਼ਚਿਤ ਕਰ ਲਈਆਂ ਜਾਂਦੀਆਂ ਹਨ। ਆਮ ਤੌਰ ਤੇ ਸਮੁੰਦਰੀ ਕੰਢੇ ਤੋਂ ਤਿੰਨ ਮੀਲ ਤੱਕ ਸਮੁੰਦਰ ਨੂੰ ਕਿਸੇ ਰਾਜ ਦੇ ਇਲਾਕੇ ਦਾ ਹਿੱਸਾ ਮੰਨਿਆ ਜਾਂਦਾ ਹੈ।

ਵਸੋਂ ਦੀ ਤਰ੍ਹਾਂ ਇਲਾਕੇ ਸੰਬੰਧੀ ਵੀ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਥੋੜੇ ਜਿਹੇ ਖੇਤਰ ਵਾਲਾ ਪ੍ਰਦੇਸ਼ ਵੀ ਰਾਜ ਬਣ ਸਕਦਾ ਹੈ ਜਿਵੇਂ ਮੋਨਕੋ ਜਿਸਦਾ ਖੇਤਰਫਲ ਕੇਵਲ 50 ਵਰਗਮੀਲ ਹੈ। ਇਸਦੇ ਟਾਕਰੇ ਅਮਰੀਕਾ ਅਤੇ ਭਾਰਤ ਵਰਗੇ ਦੇਸ਼ ਦਾ ਖੇਤਰਫਲ ਹਜ਼ਾਰਾਂ ਵਰਗਮੀਲਾਂ ਵਿਚ ਫੈਲਿਆ ਹੋਇਆ ਹੈ। ਮੌਜੂਦਾ ਰੁਝਾਨ ਵੱਡੇ ਰਾਜਾਂ ਦਾ ਹੈ। ਛੋਟੇ ਰਾਜਾਂ ਨੂੰ ਕਈ ਪ੍ਰਕਾਰ ਦੀਆਂ ਔਕੜਾਂ ਪੇਸ਼ ਆਉਂਦੀਆਂ ਹਨ। ਇਕ ਪਾਸੇ ਤਾਂ ਉਹਨਾਂ ਨੂੰ ਆਪਣੀ ਹੋਂਦ ਦਾ ਵੀ ਡਰ ਬਣਿਆ ਰਹਿੰਦਾ ਹੈ ਅਤੇ ਦੂਜੇ ਪਾਸੇ ਉਹਨਾਂ ਕੋਲ ਵਿਕਾਸ ਦੇ ਏਨੇ ਸਾਧਨ ਨਹੀਂ ਹੁੰਦੇ ਕਿ ਉਹ ਆਤਮ ਨਿਰਭਰ ਹੋ ਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ।

### 1.**4.5.3. ਸਰਕਾਰ (Government)**

ਰਾਜ ਦੇ ਨਿਰਮਾਣ ਲਈ ਕਿਸੇ ਨਿਸ਼ਚਿਤ ਇਲਾਕੇ ਉਪਰ ਵਸਣ ਵਾਲੀ ਜਨ ਸੰਖਿਆ ਲਈ ਰਾਜਨੀਤੀ ਅਤੇ ਕਾਨੂੰਨੀ ਦ੍ਰਿਸ਼ਟੀ ਤੋਂ ਸੰਗਠਿਤ ਹੋਣਾ ਜ਼ਰੂਰੀ ਹੈ। ਲੋਕਾਂ ਦੇ ਰਾਜਨੀਤਿਕ ਤੌਰ ਤੇ ਸੰਗਠਿਤ ਹੋਣ ਨੂੰ ਹੀ ਸਰਕਾਰ ਆਖਿਆ ਜਾਂਦਾ ਹੈ। ਸਰਕਾਰ ਉਸ ਰਾਜਨੀਤਿਕ ਤਾਣੇ-ਬਾਣੇ ਜਾਂ ਸੰਗਠਨ ਦਾ ਨਾਮ ਹੈ ਜਿਸਦੇ ਰਾਹੀਂ ਰਾਜ ਦੀ ਇੱਛਾ ਪ੍ਰਗਟ ਹੁੰਦੀ ਹੈ ਅਤੇ ਇਸਨੂੰ ਅਸਲੀ ਰੂਪ ਦਿੱਤਾ ਜਾਂਦਾ ਹੈ। ਗਾਰਨਰ ਅਨੁਸਾਰ, ਸਰਕਾਰ ਅਜਿਹਾ ਸਾਧਨ ਹੈ ਜਿਸ ਰਾਹੀਂ ਜਨਤਕ ਨੀਤੀਆਂ ਦਾ ਨਿਰਣਾ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਲਾਗੂ ਕੀਤਾ ਜਾਂਦਾ ਹੈ। ਸਰਕਾਰ ਦੀ ਅਣਹੋਂਦ ਵਿਚ ਜਨਤਕ ਸੰਗਠਨ ਖੇਰੂੰ-ਖੇਰੂੰ ਹੋ ਜਾਂਦੇ ਹਨ। ਸਰਕਾਰ ਦੁਆਰਾ ਹੀ ਲੋਕਾਂ ਦੇ ਆਪਸੀ ਸੰਬੰਧਾਂ ਨੂੰ ਨਿਯਮਿਤ ਕੀਤਾ ਜਾਂਦਾ ਹੈ, ਰਾਜ ਵਿਚ ਸ਼ਾਂਤੀ ਸਥਾਪਿਤ ਕੀਤੀ ਜਾਂਦੀ ਹੈ ਅਤੇ ਦੇਸ਼ ਦੀ ਬਾਹਰਲੇ ਹਮਲਿਆਂ ਤੋਂ ਸੁਰਖਿਆ ਕੀਤੀ ਜਾਂਦੀ ਹੈ।

ਸਰਕਾਰ ਦਾ ਰੂਪ ਕੋਈ ਵੀ ਹੋ ਸਕਦਾ ਹੈ ਜਿਵੇਂ ਰਾਜਤੰਤਰ (Monarch), ਗਣਤੰਤਰ (Republic), ਨਿਰੰਕੁਸ਼ ਸ਼ਾਸਨ (Despotic), ਲੋਕਤੰਤਰੀ (Democratic), ਪ੍ਰਧਾਨਾਤਮਕ (Presidential), ਸੰਸਦੀ (Parliamentary), ਸੰਘਾਤਮਕ (Federal), ਇਕਾਤਮਕ (Unitary), ਆਦਿ। ਵਰਤਮਾਨ ਸਮੇਂ ਵਿਚ ਵੱਖ-ਵੱਖ ਦੇਸ਼ਾਂ ਵਿਚ ਸਰਕਾਰ ਦੇ ਵੱਖ ਵੱਖ ਰੂਪ ਹਨ ਜਿਵੇਂ ਇੰਗਲੈਂਡ ਅਤੇ ਭਾਰਤ ਵਿਚ ਸੰਸਦੀ ਸਰਕਾਰ ਹੈ ਪ੍ਰੰਤੂ ਇੰਗਲੈਂਡ ਵਿਚ ਇਕਾਤਮਕ ਸਰਕਾਰ ਹੈ। ਇਸੇ ਪ੍ਰਕਾਰ ਅਮਰੀਕਾ ਅਤੇ ਭਾਰਤ ਵਿੱਚ ਸੰਘਾਤਮਕ ਸਰਕਾਰ ਹੈ ਪ੍ਰੰਤੂ ਇੰਗਲੈਂਡ ਵਿਚ ਇਕਾਤਮਕ ਸਰਕਾਰ ਹੈ।

ਹਰੇਕ ਰਾਜ ਵਿਚ ਆਮ ਤੌਰ ਤੇ ਸਰਕਾਰ ਦੇ ਤਿੰਨ ਮੁੱਖ ਅੰਗ ਹੁੰਦੇ ਹਨ। ਵਿਧਾਨਪਾਲਿਕਾ (Legislature), ਕਾਰਜਪਾਲਿਕਾ (Executive), ਅਤੇ ਨਿਆਂਪਾਲਿਕਾ (Judiciary)। ਇਹ ਅੰਗ ਸਰਕਾਰ ਦੇ ਤਿੰਨ ਅੰਗ ਪੂਰੇ ਕਰਦੇ ਹਨ ਅਰਥਾਤ ਕਾਨੂੰਨ ਬਣਾਉਣ, ਕਾਨੂੰਨ ਲਾਗੂ ਕਰਨਾ ਅਤੇ ਨਿਆਂ ਪ੍ਰਦਾਨ ਕਰਨਾ।

### 1.**4.5.4. ਪ੍ਰਭੂਸੱਤਾ (Sovereignty),**

ਪ੍ਰਭੂਸੱਤਾ ਰਾਜ ਦੀ ਜਿੰਦ ਜਾਨ ਹੈ ਅਤੇ ਇਸਦਾ ਬਹੁਤ ਜ਼ਰੂਰੀ ਤੱਤ ਹੈ। ਪ੍ਰਭੂਸੱਤਾ ਦਾ ਸਾਧਾਰਨ ਅਰਥ ਹੈ 'ਸਰਵਉੱਚ ਸਤਾ' ਅਰਥਾਤ ਸਰਵਉੱਚ ਸ਼ਕਤੀ ਰਾਜ ਜਿਸਤੋਂ ਉਪਰ ਹੋਰ ਕੋਈ ਸ਼ਕਤੀ ਨਹੀਂ। ਪ੍ਰਭੂਸੱਤਾ ਦਾ ਵਾਸਾ ਰਾਜ ਵਿਚ ਹੁੰਦਾ ਹੈ। ਇਹ ਉਹ ਸ਼ਕਤੀ ਹੈ ਜਿਸ ਰਾਹੀਂ ਹੁਕਮ ਦੇ ਸਕਦਾ ਹੈ ਉਸਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਸ਼ਜਾ ਦੇ ਸਕਦਾ ਹੈ। ਇਹ ਰਾਜ ਵਿਚ ਆਪਣਾ ਹੁਕਮ ਲਾਗੂ ਕਰਵਾ ਸਕਣ ਦੀ ਸਮਰੱਥਾ ਹੈ। ਪ੍ਰਭੂਸੱਤਾ ਦੀ ਰਾਜ ਦਾ ਅਜਿਹਾ ਤੱਤ ਹੈ ਜੋ ਇਸਨੂੰ ਦੂਸਰਿਆਂ ਸਮਾਜਿਕ ਰਾਜਨੀਤਿਕ ਸੰਸਥਾਵਾਂ ਤੋਂ ਵਖਰਾਉਂਦਾ ਹੈ ਅਤੇ ਇਸਨੂੰ ਵਿਸ਼ੇਸ਼ ਸਥਿਤੀ ਪ੍ਰਦਾਨ ਕਰਦਾ ਹੈ। ਪ੍ਰਭੂਸੱਤਾ ਦੇ ਦੋ ਪਹਿਲੂ ਹਨ : (ੳ) ਅੰਦਰੂਨੀ ਪ੍ਰਭੂਸੱਤਾ **(Internal Sovereignty)**, ਅਤੇ (ਅ) ਬਾਹਰੀ ਪ੍ਰਭੂਸੱਤਾ **(External Sovereignty)**। ਅੰਦਰੂਨੀ ਪ੍ਰਭੂਸੱਤਾ ਤੋਂ ਭਾਵ ਹੈ ਕਿ ਰਾਜ ਆਪਣੇ ਖੇਤਰ ਅੰਦਰ ਵਸਦੇ ਸਭ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਉਪਰ ਹੈ ਅਤੇ ਸਰਵਸ਼੍ਰੇਸਟ ਹੈ। ਸਭਨਾਂ ਲਈ ਰਾਜ ਦੀ ਆਗਿਆ ਦਾ ਪਾਲਣਾ ਕਰਨਾ ਜ਼ਰੂਰੀ ਹੈ। ਰਾਜ ਦੀ ਬਾਹਰੀ ਪ੍ਰਭੂਸੱਤਾ ਦਾ ਅਰਥ ਹੈ ਕਿ ਰਾਜ ਕਿਸੇ ਬਾਹਰੀ ਸ਼ਕਤੀ ਦੇ ਕੰਟਰੋਲ ਅਧੀਨ ਨਹੀਂ ਹੈ ਅਤੇ ਸੁਤੰਤਰ ਹੈ। ਅਰਥਾਤ, ਰਾਜ ਆਪਣੀ ਇੱਛਾ ਅਨੁਸਾਰ ਦੂਸਰੇ ਰਾਜਾਂ ਨਾਲ ਸਬੰਧ ਕਾਇਮ ਕਰ ਸਕਦਾ ਹੈ ਅਤੇ ਕੋਈ ਵੀ ਦੂਸਰਾ ਰਾਜ ਇਸਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਫਰਜ਼ਾਂ ਸੰਬੰਧੀ ਆਪਣੀ ਇੱਛਾ ਠੋਸ ਨਹੀਂ ਸਕਦਾ।

ਅਜੋਕੇ ਅੰਤਰਰਾਸ਼ਟਰਵਾਦ ਦੇ ਯੁਗ ਵਿਚ ਕੋਈ ਵੀ ਰਾਜ ਸੰਪੂਰਨ ਬਾਹਰੀ ਪ੍ਰਭੂਸਤਾ ਦਾ ਦਾਅਵਾ ਨਹੀਂ ਕਰ ਸਕਦਾ। ਅਜੋਕੇ

ਯੁਗ ਰਾਜਾਂ ਦੀ ਨਿਰੰਤਰ ਵਧ ਰਹੀ ਅੰਤਰ-ਨਿਰਭਰਤਾ ਦਾ ਯੁੱਗ ਹੈ। ਇਸ ਲਈ ਹਰੇਕ ਰਾਜ ਅੰਤਰਰਾਸ਼ਟਰੀ ਕਾਨੂੰਨ, ਅੰਤਰਰਾਸ਼ਟਰੀ ਸੰਗਠਨਾਂ ਅਤੇ ਅੰਤਰਰਾਸ਼ਟਰੀ ਸੰਧੀਆਂ ਅਤੇ ਸਮਝੌਤਿਆਂ ਦੁਆਰਾ ਲਗਾਈਆਂ ਪਾਬੰਦੀਆਂ ਨੂੰ ਸਵੀਕਾਰ ਕਰਦਾ ਹੈ। ਇਸਦਾ ਅਰਥ ਇਹ ਨਹੀਂ ਕਿ ਰਾਜ ਦੀ ਪ੍ਰਭੂਸੱਤਾ ਦਾ ਨਾਸ਼ ਹੋ ਗਿਆ ਹੈ। ਰਾਜ ਆਪਣੀ ਸੁਤੰਤਰ ਇੱਛਾ ਨਾਲ ਇਹ ਪਾਬੰਦੀਆਂ ਆਪਣੇ ਰਾਸ਼ਟਰੀ ਹਿੱਤਾਂ ਲਈ ਪ੍ਰਵਾਨ ਕਰਦਾ ਹੈ। ਰਾਜ ਕਿਸੇ ਵੀ ਸਮੇਂ ਅੰਤਰਰਾਸ਼ਟਰੀ ਪਾਬੰਦੀਆਂ ਨੂੰ ਮੰਨਣ ਤੋਂ ਇਨਕਾਰ ਕਰ ਸਕਦਾ ਹੈ।

### 1.4.6 ਰਾਜ ਦੇ ਕੁਝ ਗੈਰ-ਜ਼ਰੂਰੀ ਤੱਤ (Some non-essential elements of state)

ਰਾਜ ਦੇ ਉਪਰੋਕਤ ਚਾਰ ਜ਼ਰੂਰੀ ਤੱਤਾਂ ਤੋਂ ਇਲਾਵਾ ਕੁਝ ਹੋਰ ਮਹੱਤਵਪੂਰਨ ਤੱਤਾਂ, ਜਿਵੇਂ ਅੰਤਰਰਾਸ਼ਟਰੀ ਮਾਨਤਾ, ਏਕਤਾ, ਸਥਿਰਤਾ, ਸਮਾਨਤਾ ਆਦਿ ਦਾ ਜਿਕਰ ਵੀ ਆਧੁਨਿਕ ਸਮੇਂ ਵਿਚ ਕੀਤਾ ਜਾਂਦਾ ਹੈ। ਪ੍ਰੰਤੂ ਇਹ ਸਪੱਸ਼ਟ ਹੋਣਾ ਜ਼ਰੂਰੀ ਹੈ ਹਾਲਾਂਕਿ ਇਹਨਾਂ ਨੂੰ ਰਾਜ ਦੇ ਮਹੱਤਵਪੂਰਨ ਤੱਤ ਜਾਂ ਲੱਛਣ ਮੰਨਿਆ ਜਾ ਸਕਦਾ ਹੈ ਪ੍ਰੰਤੂ ਇਹ ਬੁਨਿਆਦੀ ਜਾਂ ਜ਼ਰੂਰੀ ਤੱਤ ਨਹੀਂ ਹਨ। ਉਦਾਹਰਣ ਵਜੋਂ, ਜੇਕਰ ਕੁਝ ਰਾਜਾਂ ਵੱਲੋਂ ਕਿਸੇ ਰਾਜ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ ਹੈ ਤਾਂ ਇਸਦਾ ਇਹ ਅਰਥ ਨਹੀਂ ਕਿ ਉਹ ਰਾਜ ਹੀ ਨਹੀਂ ਹੈ। ਰਾਜ ਦੇ ਕੁਝ ਮਹੱਤਵਪੂਰਨ ਪਰ ਗੈਰ-ਜ਼ਰੂਰੀ ਤੱਤਾਂ ਦੇ ਸੰਬੰਧ 'ਚ ਜਿਕਰ ਇਸ ਪ੍ਰਕਾਰ ਹੈ।

### 1.4.6.1. ਅੰਤਰਰਾਸ਼ਟਰੀ ਮਾਨਤਾ (International Recognition)

ਉਪਨਹੇਮ (Oppenheim) ਅਨੁਸਾਰ, ''ਪੂਰਨ ਰਾਜ ਦਾ ਦਰਜਾ ਪ੍ਰਾਪਤ ਕਰਨ ਲਈ ਦੂਜੇ ਰਾਜਾਂ ਦੁਆਰਾ ਮਾਨਤਾ ਦਿੱਤੀ ਜਾਣੀ ਬਹੁਤ ਜ਼ਰੂਰੀ ਹੈ।'' ਬਹੁਤ ਸਾਰੇ ਵਿਚਾਰਕਾਂ ਦੀ ਰਾਇ ਹੈ ਕਿ ਜਦ ਤੱਕ ਕਿਸੇ ਰਾਜ ਨੂੰ ਦੂਸਰੇ ਰਾਜ ਮਾਨਤਾ ਪ੍ਰਦਾਨ ਨਹੀਂ ਕਰਦੇ, ਉਦੋਂ ਤੱਕ ਉਹ ਰਾਜ ਅੰਤਰਰਾਸ਼ਟਰੀ ਭਾਈਚਾਰੇ ਦਾ ਮੈਂਬਰ ਨਹੀਂ ਬਣ ਸਕਦਾ।

### 1.4.6.2. ਸਥਿਰਤਾ (Stability)

ਰਾਜ ਆਮ ਤੌਰ ਤੇ ਚਿਰ-ਸਥਾਈ ਹੁੰਦੇ ਹਨ। ਜੇਕਰ ਇੱਕ ਰਾਜ ਦੁਆਰਾ ਦੂਸਰੇ ਰਾਜ ਉਪਰ ਕਬਜ਼ਾ ਕਰਕੇ ਉਸਨੂੰ ਆਪਣੇ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ ਤਾਂ ਅਜਿਹਾ ਕਰਨ ਨਾਲ ਰਾਜ ਦੀ ਪ੍ਰਭੂਸੱਤਾ ਸਮਾਪਤ ਹੋ ਜਾਂਦੀ ਹੈ ਤੇ ਉਹ ਰਾਜ ਰਾਜ ਨਹੀਂ ਰਹਿੰਦਾ। ਉਸਦੀ ਭੂਮੀ ਤੇ ਲੋਕ ਦੂਸਰੇ ਰਾਜ ਦਾ ਹਿੱਸਾ ਬਣ ਜਾਂਦੇ ਹਨ।

### 1.4.6.3. ਸਮਾਨਤਾ (Equality)

ਰਾਜਾਂ ਦੀ ਵਸੋਂ ਜਾਂ ਭੂਮੀ ਦੇ ਆਕਾਰ ਦੇ ਵੱਧ ਜਾਂ ਘੱਟ ਹੋਣ ਨਾਲ ਉਹਨਾਂ ਦੀ ਰਾਜ ਦੇ ਤੌਰ ਤੇ ਅੰਤਰਰਾਸ਼ਟਰੀ ਭਾਈਚਾਰੇ ਵਿਚ ਸਥਿਤੀ ਨੂੰ ਕੋਈ ਫਰਕ ਨਹੀਂ ਪੈਂਦਾ। ਰਾਜ ਦੇ ਤੌਰ ਤੇ ਵੱਡੇ ਜਾਂ ਛੋਟੇ ਰਾਜਾਂ ਦੇ ਅੰਤਰਰਾਸ਼ਟਰੀ ਅਧਿਕਾਰ ਤੇ ਫਰਜ਼ ਸਮਾਨ ਹਨ। ਜੇਕਰ ਕਿਸੇ ਰਾਜ ਨੂੰ ਸਮਾਨਤਾ ਦਾ ਦਰਜਾ ਹਾਸਲ ਨਹੀਂ ਤਾਂ ਉਹ ਰਾਜ ਨਹੀਂ ਅਖਵਾ ਸਕਦਾ।

### 1.4.6.4. ਏਕਤਾ (Unity)

ਇਸਦਾ ਅਰਥ ਇਹ ਹੈ ਕਿ ਕਿਸੇ ਨਿਸ਼ਚਿਤ ਭੂਮੀ ਉਪਰ ਵਸਣ ਵਾਲੇ ਲੋਕਾਂ ਦਾ ਪ੍ਰਭੂ (Sovereign) ਇਕ ਹੀ .ਹੈ। ਅਰਥਾਤ ਉਹ ਇਕੋ ਹੀ ਸ਼ਾਸਨ ਦੇ ਅਧੀਨ ਹਨ ਅਤੇ ਉਹਨਾਂ ਉਪਰ ਬੁਨਿਆਦੀ ਤੌਰ ਤੇ ਇਕੋ ਹੀ ਕਾਨੂੰਨ ਲਾਗੂ ਹੁੰਦਾ ਹੈ।

ਰਾਜ ਦੇ ਉਪਰੋਕਤ ਤੱਤਾਂ ਦੀ ਚਰਚਾ ਦੀ ਰੋਸ਼ਨੀ ਵਿੱਚ ਹੁਣ ਅਸੀਂ ਇਹ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ **ਕੀ ਹੇਠ ਲਿਖੇ ਅੰਤਰਰਾਸ਼ਟਰੀ ਸੰਘ ਜਾਂ ਖੇਤਰ ਰਾਜ ਹਨ ਜਾਂ ਨਹੀਂ :-**

### (ੳ) ਸੰਯੁਕਤ ਰਾਸ਼ਟਰ (U.N. The United Nations)

ਸੰਯੁਕਤ ਰਾਸ਼ਟਰ ਰਾਜ ਨਹੀਂ ਹੈ। ਇਹ ਠੀਕ ਹੈ ਕਿ ਇਸਦੇ ਤਿੰਨ ਅੰਗ ਆਮ ਸਭਾ (General assembly), ਸੁਰੱਖਿਆ

ਪ੍ਰੀਸ਼ਦ (Security Council) ਅਤੇ ਅੰਤਰਰਾਸ਼ਟਰੀ ਨਿਆਂ ਅਦਾਲਤ (International Court of Justice) ਆਮ ਰੂਪ ਵਿਚ ਸਰਕਾਰ ਦੇ ਅੰਗਾਂ ਨਾਲ ਮੇਲ ਖਾਂਦੇ ਹਨ। ਪ੍ਰੰਤੂ ਸੰਯੁਕਤ ਰਾਸ਼ਟਰ ਕੋਲ ਨਾ ਕੋਈ ਨਿਸ਼ਚਿਤ ਵਸੋਂ ਜਾਂ ਭੂਮੀ, ਨਾ ਹੀ ਕੋਈ ਸਰਕਾਰ ਅਤੇ ਨਾ ਹੀ ਪ੍ਰਭੁਸੱਤਾ ਹੈ। ਸੰਯੁਕਤ ਰਾਸ਼ਟਰ ਤਾਂ ਇਕ ਇੱਛਕ ਅੰਤਰਰਾਸ਼ਟਰੀ ਸੰਸਥਾ ਹੈ ਜਿਸਦੇ ਕੁਝ ਨਿਸ਼ਚਿਤ ਉਦੇਸ਼ ਹਨ। ਸੰਯੁਕਤ ਰਾਸ਼ਟਰ ਦੀ ਆਪਣੀ ਕੋਈ ਸਥਾਈ ਸੈਨਾ ਵੀ ਨਹੀਂ ਹੈ।

### (ਅ) ਕਾਮਨ ਵੈਲਥ ਦੇ ਮੈਂਬਰ ਦੇਸ਼ (Commonwealth Countries)

ਰਾਸ਼ਟਰ ਮੰਡਲ ਉਹਨਾਂ ਦੇਸ਼ਾਂ ਦੀ ਆਪਸੀ ਸਹਿਯੋਗ ਲਈ ਸਵੈ-ਇੱਛਕ ਸੰਸਥਾ ਹੈ ਜੋ ਕਿਸੇ ਸਮੇਂ ਬਰਤਾਨਵੀ ਸਾਮਰਾਜ ਦੇ ਅਧੀਨ ਰਹੇ ਹਨ ਜੋ ਵਰਤਮਾਨ ਵਿਚ ਸੁਤੰਤਰ ਹਨ। ਪ੍ਰੰਤੂ, ਇਹਨਾਂ ਵਿਚ ਕੁੱਝ ਨੂੰ ਅਜੇ ਵੀ ਅਧਿਰਾਜ (Dominion) ਦਾ ਦਰਜਾ ਪ੍ਰਾਪਤ ਹੈ, ਜਿਵੇਂ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ। ਕੁਝ ਲੋਕ ਇਹਨਾਂ ਨੂੰ ਰਾਜ ਨਹੀਂ ਮੰਨਦੇ ਕਿਉਂਕਿ ਦੇਸ਼ਾਂ ਦਾ ਨਾਮਾਤਰ ਮੁਖੀਆ ਬ੍ਰਿਟਿਸ਼ ਸਮਰਾਟ ਹੈ ਅਤੇ ਉਸਦੇ ਦੁਆਰਾ ਹੀ ਇਹਨਾਂ ਦੇਸ਼ਾਂ ਦੇ ਗਵਰਨਰ ਜਨਰਲਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ। ਪ੍ਰੰਤੂ ਇਹਨਾਂ ਦੇਸ਼ਾਂ ਨੂੰ ਰਾਜ ਕਹਿਣਾ ਉਚਿਤ ਹੈ ਕਿਉਂਕਿ ਇਹ ਅੰਦਰੂਨੀ ਤੇ ਬਾਹਰੀ ਤੌਰ ਤੇ ਮੁਕੰਮਲ ਰੂਪ ਵਿਚ ਸੁਤੰਤਰ ਹਨ। ਯੂ.ਐਨ. ਦੇ ਸੁਤੰਤਰ ਮੈਂਬਰ ਹਨ ਅਤੇ ਯੁੱਧ ਜਾਂ ਸ਼ਾਂਤੀ ਸਮੇਂ ਆਪਣੀ ਸੁਤੰਤਰ ਨੀਤੀ ਨਿਰਧਾਰਤ ਕਰਦੇ ਹਨ।

### (ੲ) ਸੰਘ ਦੀਆਂ ਇਕਾਈਆਂ (Units of Federation)

ਕਿਸੇ ਸੰਘ ਦੀਆਂ ਇਕਾਈਆਂ ਨੂੰ ਸਹੀ ਅਰਥਾਂ ਵਿੱਚ ਰਾਜ ਨਹੀਂ ਆਖਿਆ ਜਾ ਸਕਦਾ। ਇਸਦਾ ਕਾਰਨ ਇਹ ਹੈ ਕਿ ਇਹਨਾਂ ਕੋਲ ਪ੍ਰਭੁਸੱਤਾ ਨਹੀਂ ਹੁੰਦੀ। ਜਿਵੇਂ ਕਿ ਭਾਰਤ, ਸੀ. ਆਈ. ਐਸ. (Commonweath of Independent States) ਜੋ ਸਾਬਕਾ ਸੋਵੀਅਤ ਯੂਨੀਅਨ ਦੇ ਰਾਜਾਂ ਦਾ ਸੰਘ ਹੈ ਅਤੇ ਸੰਯੁਕਤ ਰਾਜ ਅਮਰੀਕਾ ਆਦਿ ਵਿੱਚ ਸੰਘੀ ਇਕਾਈਆਂ ਨੂੰ ਹਾਲਾਂਕਿ ਰਾਜ ਆਖ ਦਿੱਤਾ ਜਾਂਦਾ ਹੈ ਪ੍ਰੰਤੂ ਇਹ ਰਾਜ ਨਹੀਂ ਹਨ। ਕਿਸੇ ਸੰਘ ਰਾਜ ਦੀਆਂ ਇਕਾਈਆਂ ਕੇਂਦਰ ਦੇ ਅਧੀਨ ਹੁੰਦੀਆਂ ਹਨ ਇਸ ਕਰਕੇ ਉਹ ਆਪਣੀ ਆਬਾਦੀ, ਇਲਾਕਾ ਤੇ ਸਰਕਾਰ ਹੋਣ ਦੇ ਬਾਵਜੂਦ ਵੀ ਮੁਕੰਮਲ ਰਾਜ ਨਹੀਂ ਹੁੰਦੀਆਂ।

### ਸਵੈ-ਅਭਿਆਸ ਲਈ ਪ੍ਰਸ਼ਨ ਨੰ: 2

(1) ਰਾਜ ਦੇ ਕਿਹੜੇ ਚਾਰ ਜ਼ਰੂਰੀ ਤੱਤ ਹਨ ਅਤੇ ਤੁਹਾਡੇ ਵਿਚਾਰ ਅਨੁਸਾਰ ਉਹਨਾਂ ਵਿੱਚ ਕਿਹੜਾ ਤੱਤ ਸਭ ਤੋਂ ਵਧੇਰੇ ਮਹੱਤਵਪੂਰਨ ਹੈ ?

________________________________________

________________________________________

(2) ਕਿਸੇ ਰਾਜ ਲਈ ਕਿੰਨੀ ਆਬਾਦੀ ਜ਼ਰੂਰੀ ਹੈ?

________________________________________

________________________________________

(3) ਤੁਹਾਡੇ ਵਿਚਾਰ ਅਨੁਸਾਰ ਰਾਜ ਦਾ ਖੇਤਰਫਲ ਕਿੰਨਾ ਕੁ ਹੋਣਾ ਚਾਹੀਦਾ ਹੈ?

________________________________________

________________________________________

(4) ਰਾਜ ਦੇ ਸੰਗਠਨ ਲਈ ਸਰਕਾਰ ਦਾ ਕਿਹੜਾ ਰੂਪ ਬਿਹਤਰ ਹੈ?

________________________________________

(5) ਅੰਦਰੂਨੀ ਪ੍ਰਭੂਸੱਤਾ ਅਤੇ ਬਾਹਰੀ ਪ੍ਰਭੂਸੱਤਾ ਤੋਂ ਕੀ ਭਾਵ ਹੈ?

(6) ਰਾਜ ਦੇ ਕੋਈ ਚਾਰ ਗੈਰ-ਜ਼ਰੂਰੀ ਤੱਤਾਂ ਦੇ ਨਾਂ ਲਿਖੋ?

(7) ਕੀ ਅੰਤਰਰਾਸ਼ਟਰੀ ਮਾਨਤਾ ਰਾਜ ਦੇ ਸੰਗਠਨ ਲਈ ਮੁਢਲੀ ਸ਼ਰਤ ਹੈ?

(8) ਸੰਯੁਕਤ ਰਾਸ਼ਟਰ ਸੰਘ ਰਾਜ ਕਿਉਂ ਨਹੀਂ ਹੈ?

(9) ਸੰਯੁਕਤ ਰਾਜ ਅਮਰੀਕਾ ਵਿੱਚ ਕੈਲੇਫੋਰਨੀਆ, ਸੁਤੰਤਰ ਰਾਜਾਂ ਦੇ ਸੰਘ ਵਿਚ ਚੇਚਨੀਆਂ ਅਤੇ ਭਾਰਤ ਵਿੱਚ ਪੰਜਾਬ ਅਤੇ ਜੰਮੂ-ਕਸ਼ਮੀਰ ਆਦਿ ਰਾਜ ਕਿਉਂ ਨਹੀਂ ਹਨ?

**ਪਾਠ ਨੰ : 1.5**

# ਰਾਜ ਦਾ ਸਰਕਾਰ ਸਮਾਜ ਅਤੇ ਸਮੁਦਾਇ ਨਾਲੋਂ ਇਸ ਦਾ ਅੰਤਰ

**ਰਾਜ ਤੇ ਸਮਾਜ ਵਿੱਚ ਅੰਤਰ (Difference between State and Society)**

ਇਹ ਵੇਖਣ ਵਿਚ ਆਇਆ ਹੈ ਕਿ 'ਰਾਜ' ਅਤੇ 'ਸਮਾਜ' ਨੂੰ ਕਈ ਵਾਰੀ ਇਕੋ ਹੀ ਸਮਝ ਲਿਆ ਜਾਂਦਾ ਹੈ। ਸਮਾਜ ਲੋਕਾਂ ਦਾ ਇਕ ਅਜਿਹਾ ਸਮੂਹ ਹੈ ਜਿਸ ਵਿਚ ਲੋਕ ਆਪਣੇ ਸੁਭਾਅ ਕਾਰਨ ਅਤੇ ਆਪਣੀਆਂ ਲੋੜਾਂ ਦੀ ਪੂਰਤੀ ਲਈ ਮਿਲ ਜੁਲਕੇ ਰਹਿੰਦੇ ਹਨ ਅਤੇ ਉਦੇਸ਼ਾਂ ਦੀ ਪ੍ਰਾਪਤੀ ਲਈ ਰਲਕੇ ਯਤਨ ਕਰਦੇ ਹਨ। ਪ੍ਰਾਚੀਨ ਯੂਨਾਨੀ ਲੇਖਕਾਂ ਵਿਚੋਂ ਪਲੈਟੋ ਅਤੇ ਅਰਸਤੂ ਵੀ ਰਾਜ ਅਤੇ ਸਮਾਜ ਵਿਚਕਾਰ ਕੋਈ ਫਰਕ ਨਹੀਂ ਸਮਝਦੇ ਹਨ। ਉਹਨਾਂ ਅਨੁਸਾਰ ਰਾਜ ਦੀ ਮੈਂਬਰੀ ਤੋਂ ਛੁਟ ਹੋਰ ਕੋਈ ਵੀ ਸਮਾਜਿਕ ਜੀਵਨ ਨਹੀਂ ਸੀ। ਹੀਗਲ ਦਾ ਵੀ ਇਹੋ ਵਿਚਾਰ ਸੀ। ਲਾਸਕੀ ਅਨੁਸਾਰ ਵੀ ਰਾਜ ਤੇ ਸਮਾਜ ਵਿਚ ਉਦੇਸ਼ਾਂ ਦੀ ਸਾਂਝ ਹੈ ਅਤੇ ਦੋਹਾਂ ਦਾ ਮੰਤਵ ਵਿਅਕਤੀ ਨੂੰ ਉਸਦੇ ਵਿਕਾਸ ਵਿਚ ਸਹਾਇਤਾ ਦੇਣਾ ਹੈ। ਇਸੇ ਪ੍ਰਕਾਰ, ਤਾਨਾਸ਼ਾਹ ਸ਼ਾਸਕ ਵੀ ਇਸ ਭੇਦ ਨੂੰ ਸਵੀਕਾਰ ਨਹੀਂ ਕਰਦੇ ਕਿਉਂਕਿ ਉਹ ਸਮਾਜਿਕ ਜੀਵਨ ਦੇ ਹਰ ਖੇਤਰ ਵਿੱਚ ਦਖਲ ਦੇਣਾ ਆਪਣਾ ਅਧਿਕਾਰ ਸਮਝਦੇ ਹਨ ਅਤੇ ਇਹ ਇਕ ਦੂਸਰੇ ਤੋਂ ਵੱਖਰੇ ਹਨ। ਮੈਕਾਈਵਰ ਅਨੁਸਾਰ 'ਰਾਜ' ਅਤੇ ਸਮਾਜ ਨੂੰ ਇਕੋ ਚੀਜ ਸਮਝ ਲੈਣਾ ਵੱਡਾ ਭੁਲੇਖਾ ਪਾ ਲੈਣਾ ਹੈ ਜਿਸ ਕਾਰਨ ਨਾ ਤਾਂ ਸਮਾਜ ਬਾਰੇ ਪੂਰੀ ਤਰ੍ਹਾਂ ਸਮਝ ਆ ਸਕਦੀ ਹੈ ਅਤੇ ਨਾ ਹੀ ਰਾਜ ਬਾਰੇ।

ਰਾਜ ਅਤੇ ਸਮਾਜ ਵਿੱਚ ਮੁੱਖ ਤੌਰ ਤੇ ਹੇਠ ਲਿਖੇ ਅੰਤਰ ਪਾਏ ਜਾਂਦੇ ਹਨ :

**ਰਾਜ ਰਾਜਨੀਤਿਕ ਅਤੇ ਸਮਾਜ ਸਮਾਜਿਕ ਪ੍ਰਣਾਲੀ ਨਾਲ ਸਬੰਧਿਤ ਹੈ।** (State indicates political and Society indicates social system)

ਜਿਵੇਂ ਕਿ ਉਪਰੋਕਤ ਤੋਂ ਸਪਸ਼ਟ ਹੈ, ਰਾਜ ਇਕ ਰਾਜਨੀਤਿਕ ਸੰਗਠਨ ਹੈ। ਰਾਜ ਦਾ ਸੰਬੰਧ ਰਾਜਨੀਤਿਕ ਵਿਵਸਥਾ ਨਾਲ ਹੈ ਅਤੇ ਜਦਕਿ ਸਮਾਜ ਦਾ ਸੰਬੰਧ ਸਮਾਜਿਕ ਵਿਵਸਥਾ ਨਾਲ ਹੈ। ਸਮਾਜ ਦਾ ਸੰਬੰਧ ਲੋਕਾਂ ਨਾਲ ਹੈ ਜੋ ਕਿ ਮਨੁੱਖੀ ਪ੍ਰਾਣੀਆਂ ਦੀ ਇਕ ਸਮਾਜਿਕ ਤੌਰ ਤੇ ਸੰਗਠਿਤ ਸੰਸਥਾ ਵਿਚ ਰਹਿੰਦੇ ਹਨ ਜਦਕਿ ਰਾਜ ਦਾ ਸੰਬੰਧ ਰਾਜਨੀਤਿਕ ਤੌਰ ਤੇ ਸੰਗਠਿਤ ਲੋਕਾਂ ਨਾਲ ਹੈ। ਰਾਜ ਇਕ ਰਾਜਨੀਤਿਕ ਪ੍ਰਣਾਲੀ ਹੈ ਜਦਕਿ ਸਮਾਜ ਇਕ ਸਮਾਜਿਕ ਪ੍ਰਣਾਲੀ ਹੈ। ਰਾਜ ਦੀ ਉਤਪਤੀ ਕਬੀਲੇ (Tribe) ਤੋਂ ਹੋਈ ਹੈ ਜੋ ਕਿਸੇ ਸਮੇਂ ਇਕ ਰਾਜਨੀਤਿਕ ਸੰਸਥਾ ਸੀ, ਜਦ ਕਿ ਸਮਾਜ ਦੀ ਉਤਪਤੀ ਪਰਿਵਾਰ (Family) ਤੋਂ ਹੋਈ ਹੈ ਜਿਸਨੂੰ ਕਿ ਪ੍ਰਾਰੰਭਿਕ ਸਮਾਜਿਕ ਸੰਸਥਾ ਸਮਝਿਆ ਜਾਂਦਾ ਹੈ।

**ਸਮਾਜ ਰਾਜ ਤੋਂ ਪਹਿਲਾਂ ਹੈ** (Society is Prior to State)

ਸਮਾਜ ਦਾ ਜਨਮ ਰਾਜ ਤੋਂ ਪਹਿਲਾਂ ਦਾ ਹੈ। ਪ੍ਰਾਰੰਭਿਕ ਕਾਲ ਵਿਚ ਜਦੋਂ ਰਾਜ ਹੋਂਦ ਵਿਚ ਨਹੀਂ ਸੀ ਆਇਆ ਤਾਂ ਵੀ ਸਮਾਜ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਸੀ। ਮਨੁੱਖੀ ਜੀਵਨ ਦੇ ਸਮਾਜਿਕ, ਆਰਥਿਕ ਰੀਤੀ-ਰਿਵਾਜਾਂ ਤੇ ਪ੍ਰੰਪਰਾਵਾਂ ਦਾ ਜਨਮ ਰਾਜ ਦੇ ਕਾਨੂੰਨਾਂ ਤੋਂ ਪਹਿਲਾਂ ਹੋਇਆ। ਰਾਜ ਦੀ ਸਥਾਪਨਾ ਉਸ ਸਮੇਂ ਹੋਈ ਜਦੋਂ ਲੋਕਾਂ ਵਿਚ ਰਾਜਨੀਤਿਕ ਚੇਤਨਾ ਉਤਪੰਨ ਹੋਈ ਅਤੇ ਉਹਨਾਂ ਨੂੰ ਸਮਾਜ ਵਿਚ ਸ਼ਾਂਤੀ ਤੇ ਸੁਰੱਖਿਆ ਦੀ ਕਾਇਮੀ ਲਈ ਸਰਕਾਰ ਦਾ ਸੰਗਠਨ ਕੀਤਾ ਅਤੇ ਇਨ੍ਹਾਂ ਦੁਆਰਾ ਬਣਾਏ ਗਏ ਨਿਯਮਾਂ ਦਾ ਪਾਲਣ ਕਰਨਾ ਸ਼ੁਰੂ ਕੀਤਾ। ਪਲੈਟੋ ਅਤੇ ਅਰਸਤੂ ਦਾ ਵਿਚਾਰ ਹੈ ਕਿ ਇਹ ਠੀਕ ਹੈ ਕਿ ਸਮਾਜ ਦਾ ਜਨਮ ਰਾਜ ਤੋਂ ਪਹਿਲਾਂ ਹੋਇਆ ਹੈ ਪ੍ਰੰਤੂ ਮਹੱਤਤਾ ਦੇ ਪੱਖੋਂ ਰਾਜ ਸਮਾਜ ਨਾਲੋਂ ਪਹਿਲਾ ਆਉਂਦਾ ਹੈ।

**ਸਮਾਜ ਦਾ ਖੇਤਰ ਰਾਜ ਨਾਲੋਂ ਵਿਸ਼ਾਲ ਹੈ** (Society is wider than State)

ਸਮਾਜ ਦੇ ਮੁਕਾਬਲੇ ਰਾਜ ਦਾ ਕਾਰਜ ਖੇਤਰ ਸੀਮਤ ਹੈ। ਸਮਾਜ ਵਿਚ ਰਾਜ ਸਮੇਤ ਸਾਰੀਆਂ ਮਨੁੱਖੀ ਸੰਸਥਾਵਾਂ ਸ਼ਾਮਿਲ ਹਨ। ਸਮਾਜ ਮਨੁੱਖੀ ਜੀਵਨ ਦੇ ਸਮਾਜਿਕ, ਰਾਜਨੀਤਿਕ, ਸਭਿਆਚਾਰਕ, ਧਾਰਮਿਕ, ਆਰਥਿਕ ਰਾਜ ਦਾ ਉਦੇਸ਼ ਮੁੱਖ ਤੌਰ ਤੇ ਮਨੁੱਖੀ ਜੀਵਨ ਦੇ ਰਾਜਨੀਤਿਕ ਪਹਿਲੂ ਨਾਲ ਸੰਬੰਧਤ ਹੈ।

**ਰਾਜ ਕੋਲ ਪ੍ਰਭੂਸੱਤਾ ਹੁੰਦੀ ਹੈ ਪਰ ਸਮਾਜ ਕੋਲ ਨਹੀ** (State Possesses Sovereignty but Society does not)

ਰਾਜ ਕੋਲ ਸਰਵ-ਉੱਚ ਸ਼ਕਤੀ ਹੁੰਦੀ ਹੈ। ਰਾਜ ਆਪਣੇ ਕਾਨੂੰਨਾਂ ਅਤੇ ਹੁਕਮਾਂ ਦੀ ਪਾਲਣਾ ਜ਼ੋਰ ਨਾਲ ਕਰਵਾ ਸਕਦਾ ਹੈ। ਜੋ ਵਿਅਕਤੀ ਰਾਜ ਦੇ ਕਾਨੂੰਨ ਦੀ ਪਾਲਣਾ ਨਹੀਂ ਕਰਦਾ ਉਸਨੂੰ ਇਹ ਸਜਾ ਦੇ ਸਕਦਾ ਹੈ। ਪ੍ਰੰਤੂ, ਸਮਾਜ ਕੋਲ ਐਸੀ ਕੋਈ ਸ਼ਕਤੀ ਨਹੀਂ ਹੈ। ਸਮਾਜ ਮਨੁੱਖਾਂ ਨੂੰ ਕੁਝ ਨਿਯਮਾਂ ਅਨੁਸਾਰ ਚੱਲਣ ਲਈ ਕੇਵਲ ਪ੍ਰੇਰਿਤ ਹੀ ਕਰ ਸਕਦਾ ਹੈ। ਰਾਜ ਤੇ ਸਮਾਜ ਦੇ ਅੰਤਰ ਨੂੰ ਸਪੱਸ਼ਟ ਕਰਦੇ ਹੋਏ ਬਾਰਕਰ ਦਾ ਕਹਿਣਾ ਹੈ ਕਿ ਸਮਾਜ ਦਾ ਖੇਤਰ ਸਵੈ-ਇਛੁਕ ਮਿਲਵਰਤਣ ਹੈ, ਇਸਦੀ ਯੋਗਤਾ ਸਦਭਾਵਨਾ ਵਿਚ ਹੈ ਅਤੇ ਇਸਦੇ ਕੰਮ ਕਰਨ ਦਾ ਢੰਗ ਬੱਝਵਾਂ ਨਹੀਂ ਬਲਕਿ ਲਚਕਦਾਰ ਹੈ। ਦੂਸਰੇ ਪਾਸੇ ਰਾਜ ਦਾ ਕੰਮ ਬੱਝਵਾਂ ਅਤੇ ਲਚਕਦਾਰ ਹੁੰਦਾ ਹੈ। ਇਹ ਮਸ਼ੀਨ ਵਾਂਗ ਚਲਦਾ ਹੈ ਅਤੇ ਬਲ ਜਾਂ ਸ਼ਕਤੀ ਉਪਰ ਨਿਰਭਰ ਕਰਦਾ ਹੈ।

**ਇਲਾਕਾ ਰਾਜ ਦਾ ਜ਼ਰੂਰੀ ਅਧਾਰ ਹੈ ਪ੍ਰੰਤੂ ਸਮਾਜ ਦਾ ਨਹੀਂ** (Territory is essential basis of state but not for society)

ਨਿਸ਼ਚਿਤ ਭੂਮੀ ਜਾਂ ਇਲਾਕੇ ਦਾ ਹੋਣਾ ਰਾਜ ਦੀ ਇਕ ਬੁਨਿਆਦੀ ਸ਼ਰਤ ਹੈ। ਖੇਤਰ ਤੋਂ ਬਿਨਾਂ ਰਾਜ ਦੀ ਹੋਂਦ ਨਹੀਂ ਹੋ ਸਕਦੀ। ਆਪਣੇ ਇਲਾਕੇ ਉਪਰ ਵੱਸਣ ਵਾਲੇ ਲੋਕਾਂ ਉੱਤੇ ਸ਼ਾਸਨ ਕਰਦਾ ਹੈ। ਪ੍ਰੰਤੂ ਸਮਾਜ ਲਈ ਨਿਸ਼ਚਿਤ ਇਲਾਕੇ ਦਾ ਹੋਣਾ ਕੋਈ ਮੁਢਲੀ ਸ਼ਰਤ ਨਹੀਂ ਹੈ। ਸਮਾਜ ਦਾ ਸੰਬੰਧ ਮਨੁੱਖਾਂ ਦੇ ਆਪਸੀ ਮੇਲ-ਮਿਲਾਪ ਨਾਲ ਹੈ, ਜਿਸ ਵਾਸਤੇ ਕਿਸੇ ਖਾਸ ਇਲਾਕੇ ਦੀ ਲੋੜ ਨਹੀਂ ਹੈ। ਸਮਾਜ ਦਾ ਖੇਤਰ ਸਾਰੇ ਸੰਸਾਰ ਤੱਕ ਹੀ ਫੈਲਿਆ ਹੋ ਸਕਦਾ ਹੈ ਅਤੇ ਪਰਿਵਾਰ ਤੱਕ ਵੀ ਸੀਮਿਤ ਰਹਿ ਸਕਦਾ ਹੈ। ਦੂਸਰੇ ਪਾਸੇ ਰਾਜ ਸਦਾ ਹੀ ਆਪਣੀ ਪ੍ਰਾਂਤਕ ਏਕਤਾ ਲਈ ਸਾਵਧਾਨ ਰਹਿੰਦਾ ਹੈ।

**ਰਾਜ ਲਈ ਸੰਗਠਨ ਦਾ ਹੋਣਾ ਜ਼ਰੂਰੀ ਪਰ ਸਮਾਜ ਲਈ ਨਹੀਂ** (Organisation is essential for state & not for society)

ਸਮਾਜ ਸੰਗਠਿਤ ਵੀ ਹੋ ਸਕਦਾ ਹੈ ਅਤੇ ਅਣਸੰਗਠਿਤ ਵੀ। ਜਦੋਂ ਮਨੁੱਖ ਪਰਿਵਾਰਾਂ ਅਤੇ ਕਬੀਲਿਆਂ ਵਿਚ ਰਹਿੰਦਾ ਸੀ ਅਤੇ ਇਥੋਂ ਤੱਕ ਕਿ ਰਾਜ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਜਦੋਂ ਮਨੁੱਖ ਇੱਕ ਤੋਂ ਦੂਸਰੀ ਥਾਂ ਭਟਕਦੇ ਰਹਿੰਦੇ ਸਨ ਤਾਂ ਉਸ ਸਮੇਂ ਸਮਾਜ ਦੀ ਹੋਂਦ ਹਾਲਾਂਕਿ ਇਹ ਸੰਗਠਤਿ ਰੂਪ ਵਿਚ ਨਹੀਂ। ਰਾਜਾਂ ਜਾਂ ਸਰਕਾਰ ਨੇ ਪਹਿਲਾਂ ਪਹਿਲ ਸਮਾਜ ਨੂੰ ਸੰਗਠਿਤ ਕੀਤਾ ਕਿਉਂਕਿ ਇਹਨਾਂ ਦੀ ਹੋਂਦ ਸਮਾਜਿਕ ਸੰਗਠਨ ਤੋਂ ਬਿਨਾਂ ਨਹੀਂ ਹੋ ਸਕਦੀ। ਸਮਾਜ ਦੇ ਬਹੁ-ਪੱਖੀ ਉਦੇਸ਼ ਹੋਣ ਕਰਕੇ ਇਸ ਵਿਚ ਛੋਟੇ ਜਾਂ ਵੱਡੇ ਸਮੂਹ (Collectivities) ਅਤੇ ਸਭਾਵਾਂ (Associations) ਹੁੰਦੀਆਂ ਹਨ ਜਿਨ੍ਹਾਂ ਦਾ ਇੱਕ ਦੂਸਰੇ ਨਾਲ ਸੰਬੰਧਿਤ ਹੋਣਾ ਜ਼ਰੂਰੀ ਨਹੀਂ, ਜਦਕਿ ਸੰਗਠਨ ਦੀ ਦ੍ਰਿਸ਼ਟੀ ਤੋਂ ਰਾਜ ਇਕਾਮਤਕ ਅਤੇ ਸਮਾਜ ਬਹੁਪੱਖੀ (Plural) ਹੁੰਦਾ ਹੈ।

**ਰਾਜ ਸਮਾਜ ਦਾ ਕੇਵਲ ਇਕ ਭਾਗ ਹੈ (State is only a part of Society)**

ਸਮਾਜ ਦੀਆਂ ਹੋਰਨਾਂ ਸੰਸਥਾਵਾਂ ਵਾਂਗ, ਰਾਜ ਵੀ ਇਸਦੀ ਇਕ ਸੰਸਥਾ ਹੈ। ਸਮਾਜ ਅਨੇਕਾਂ ਪ੍ਰਕਾਰ ਦੀਆਂ ਸੰਸਥਾਵਾਂ ਅਤੇ ਸਮੁਦਾਵਾਂ ਜਿਵੇਂ ਪਰਿਵਾਰ, ਰਾਜ, ਆਰਥਿਕ ਸੰਗਠਨਾਂ, ਧਾਰਮਿਕ ਸੰਸਥਾਵਾਂ, ਕਲੱਬਾਂ, ਰਾਜਨੀਤਿਕ ਦਲਾਂ, ਟਰੱਸਟਾਂ ਆਦਿ ਨੂੰ ਇਕਜੁੱਟ ਕਰਦਾ ਹੈ। ਸੋ, ਰਾਜ ਨੂੰ ਸਮਾਜ ਦਾ ਕੇਵਲ ਇਕ ਹਿੱਸਾ ਹੀ ਸਮਝਿਆ ਜਾਣਾ ਚਾਹੀਦਾ ਹੈ।

**ਰਾਜ ਤੇ ਸਰਕਾਰ ਵਿਚ ਅੰਤਰ (Distinction between State and Government)**

ਜਿਸ ਪ੍ਰਕਾਰ ਰਾਜ ਅਤੇ ਸਮਾਜ ਵਿਚਕਾਰ ਅੰਤਰ ਹੈ, ਉਸੇ ਪ੍ਰਕਾਰ ਰਾਜ ਅਤੇ ਸਰਕਾਰ ਵਿਚ ਵੀ ਅੰਤਰ ਪਾਇਆ ਜਾਂਦਾ ਹੈ। ਪ੍ਰੰਤੂ ਫਿਰ ਵੀ 'ਰਾਜ' ਅਤੇ 'ਸਰਕਾਰ' ਦੇ ਸ਼ਬਦਾਂ ਦੀ ਵਰਤੋਂ ਅਕਸਰ ਹੀ ਇਕ ਦੂਸਰੇ ਦੀ ਥਾਂ ਤੇ ਕੀਤੀ ਜਾਂਦੀ ਹੈ। ਹਾਬਸ ਲਈ ਰਾਜ ਤੇ ਸਰਕਾਰ ਵਿਚ ਕੋਈ ਵੀ ਬਹੁਤਾ ਅੰਤਰ ਨਹੀਂ ਸੀ। ਜਾਹਨ ਲਾਕ ਨੇ ਉਨਵੀਂ ਸਦੀ ਵਿਚ ਸਰਕਾਰ ਨੂੰ ਰਾਜ ਨਾਲੋਂ ਵੱਖ ਕਰਨ ਦੀ ਕੋਸ਼ਿਸ਼ ਕੀਤੀ। ਲਾਕ ਅਨੁਸਾਰ, ਸਰਕਾਰ ਕੁਝ

ਨਾਗਰਿਕਾਂ ਦਾ ਸਮੂਹ ਹੈ ਜਦ ਕਿ ਰਾਜ ਵਿਚ ਸਾਰੇ ਨਾਗਰਿਕ ਸ਼ਾਮਿਲ ਹਨ।' ਰਾਜ ਅਤੇ ਸਰਕਾਰ ਵਿਚਲੇ ਵਿਆਪਕ ਅੰਤਰ ਨੂੰ ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਸਪਸ਼ਟ ਕੀਤਾ ਜਾ ਸਕਦਾ ਹੈ।

**ਸਰਕਾਰ ਰਾਜ ਦਾ ਕੇਵਲ ਭਾਗ ਹੈ (Government is only a part of the state)**

ਇਸ ਗੱਲ ਦੀ ਚਰਚਾ ਅਸੀਂ ਪਹਿਲਾਂ ਕਰ ਚੁਕੇ ਹਾਂ ਕਿ ਆਬਾਦੀ, ਇਲਾਕਾ, ਸਰਕਾਰ ਅਤੇ ਪ੍ਰਭੂਸੱਤਾ ਰਾਜ ਦੇ ਚਾਰ ਜ਼ਰੂਰੀ ਤੱਤ ਹਨ। ਸਰਕਾਰ ਇਹਨਾਂ ਵਿਚੋਂ ਕੇਵਲ ਇੱਕ ਹੈ। ਰਾਜ ਇੱਕ ਸੰਪੂਰਨ ਇਕਾਈ ਹੈ ਜਦਕਿ ਸਰਕਾਰ ਇਸਦਾ ਇੱਕ ਅੰਗ ਹੈ। ਬਿਨਾਂ ਸ਼ੱਕ, ਸਰਕਾਰ ਰਾਜ ਦਾ ਇਕ ਅਤਿ ਜ਼ਰੂਰੀ ਤੱਤ ਹੈ ਕਿਉਂਕਿ ਸਰਕਾਰ ਤੋਂ ਬਿਨਾਂ ਰਾਜ ਆਪਣਾ ਕਾਰਜ ਨਹੀਂ ਕਰ ਸਕਦਾ।

**ਸਰਕਾਰ ਰਾਜ ਦੀ ਇਕ ਏਜੰਸੀ ਹੈ (Government is an agent of State)**

ਗਾਰਨਰ ਅਨੁਸਾਰ, ''ਸਰਕਾਰ ਉਹ ਏਜੰਸੀ ਜਾਂ ਮਸ਼ੀਨਰੀ ਹੈ ਜਿਸ ਦੁਆਰਾ ਲੋਕਾਂ ਜਾਂ ਰਾਜ ਦੀ ਸਾਂਝੀ ਇੱਛਾ ਨੂੰ ਨਿਰੂਪਨ ਕੀਤਾ ਜਾਂਦਾ ਹੈ, ਪ੍ਰਗਟਇਆ ਜਾਂਦਾ ਹੈ ਅਤੇ ਲਾਗੂ ਕੀਤਾ ਜਾਂਦਾ ਹੈ।'' ਲਾਸਕੀ ਨੇ ਵੀ ਸਰਕਾਰ ਨੂੰ ਰਾਜ ਦਾ ਇਕ ਅੰਗ ਸਮਝਦੇ ਹੋਏ ਆਖਿਆ ਸੀ ਕਿ ਸਰਕਾਰ ਦੀ ਹੋਂਦ ਰਾਜ ਦੇ ਉਦੇਸ਼ ਦੀ ਪੂਰਤੀ ਕਰਨ ਲਈ ਹੈ। ਇਹ ਆਪਣੇ ਆਪ ਵਿਚ ਸਰਵਉੱਚ ਦਬਾਓ (Coecive) ਸ਼ਕਤੀ ਨਹੀਂ ਹੈ। ਇਹ ਕੇਵਲ ਪ੍ਰਸ਼ਾਸਨ ਦਾ ਇਕ ਯੰਤਰ ਹੈ ਜੋ ਕਿ ਸਰਵਉੱਚ ਸ਼ਕਤੀ ਦੇ ਉਦੇਸ਼ ਦੀ ਪੂਰਤੀ ਕਰਦਾ ਹੈ।'' ਇਸ ਪ੍ਰਕਾਰ, ਰਾਜ ਸਰਕਾਰ ਦੁਆਰਾ ਕਾਰਜਸ਼ੀਲ ਹੁੰਦਾ ਹੈ।

**ਰਾਜ ਦਾ ਮੈਂਬਰ ਹੋਣਾ ਜ਼ਰੂਰੀ, ਸਰਕਾਰ ਦਾ ਨਹੀ (Membership of state is compulsory and not of Government)**

ਹਰੇਕ ਵਿਅਕਤੀ ਆਪਣੇ ਜਨਮ ਜਾਂ ਖੂਨ ਦੇ ਸਬੰਧਾਂ ਤੋਂ ਰਾਜ ਦਾ ਮੈਂਬਰ ਹੁੰਦਾ ਹੈ। ਪ੍ਰੰਤੂ, ਇਹ ਕੇਵਲ ਕਿਸੇ ਵਿਅਕਤੀ ਦੀ ਇੱਛਾ ਤੇ ਨਿਰਭਰ ਕਰਦਾ ਹੈ ਕਿ ਉਹ ਸਰਕਾਰ ਦਾ ਮੈਂਬਰ ਬਣਨਾ ਚਾਹੁੰਦਾ ਹੈ ਜਾਂ ਨਹੀਂ। ਵਿਅਕਤੀ ਆਪਣੇ ਰਾਜ ਦਾ ਨਾਗਰਿਕ ਹੋ ਸਕਦਾ ਹੈ। ਪ੍ਰੰਤੂ ਸਰਕਾਰ ਦੇ ਮੈਂਬਰ ਬਣਨ ਲਈ ਉਸਨੂੰ ਸਵੈ-ਇੱਛੁਕ ਯਤਨ ਕਰਨੇ ਪੈਂਦੇ ਹਨ।

**ਰਾਜ ਕੋਲ ਪ੍ਰਭੂਸੱਤਾ ਹੁੰਦੀ ਹੈ ਪ੍ਰੰਤੂ ਸਰਕਾਰ ਕੋਲ ਨਹੀ (State has Sovereignty but Government does not)**

ਰਾਜ ਕੋਲ ਸਰਵਉੱਚ ਸ਼ਕਤੀ ਹੁੰਦੀ ਹੈ। ਸਰਕਾਰ ਰਾਜ ਦੁਆਰਾ ਬਖਸ਼ੀ ਗਈ ਸ਼ਕਤੀ ਦੀ ਵਰਤੋਂ ਕਰਦੀ ਹੈ। ਸਰਕਾਰ ਕੋਲ ਪ੍ਰਭੂਸੱਤਾ ਨਹੀਂ ਹੁੰਦੀ। ਮਸਲਨ, ਲੋਕਤੰਤਰ ਵਿਚ ਸਾਰੀਆਂ ਸ਼ਕਤੀਆਂ ਦਾ ਸ੍ਰੋਤ ਜਨਤਾ ਨੂੰ ਮੰਨਿਆ ਜਾਂਦਾ ਹੈ। ਰਾਜ ਦੀਆਂ ਸ਼ਕਤੀਆਂ ਅਸੀਮ ਹੁੰਦੀਆਂ ਹਨ ਪ੍ਰੰਤੂ ਸਰਕਾਰ ਦਾ ਕਾਰਜ ਖੇਤਰ ਸੀਮਤ ਹੁੰਦਾ ਹੈ ਜਿਸਨੂੰ ਆਮ ਤੌਰ ਤੇ ਸੰਵਿਧਾਨ ਦੁਆਰਾ ਨਿਸ਼ਚਿਤ ਕੀਤਾ ਜਾਂਦਾ ਹੈ। ਸਰਕਾਰ ਰਾਜ ਕੋਲੋਂ ਆਪਣੀ ਸ਼ਕਤੀ ਹਾਸਿਲ ਕਰਦੀ ਹੈ ਜਾਂ ਇਸਨੂੰ ਘਟਾ ਵਧਾ ਸਕਦੀ ਹੈ ਅਤੇ ਸਮਾਪਤ ਵੀ ਕਰ ਸਕਦੀ ਹੈ।

**ਸਰਕਾਰ ਨਿਰੰਤਰ ਬਦਲਦੀ ਰਹਿੰਦੀ ਹੈ ਜਦਕਿ ਰਾਜ ਆਮ ਤੌਰ ਤੇ ਸਥਿਰ ਹੁੰਦੇ ਹਨ (Government changes frequently but state remains more or less permanent)**

ਸਰਕਾਰਾਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ। ਕੁਝ ਰਾਜਨੀਤਿਕ ਕਾਰਨਾਂ ਕਰਕੇ ਕਿਸੇ ਸਰਕਾਰ ਦਾ ਅੰਤ ਹੋ ਜਾਂਦਾ ਹੈ ਅਤੇ ਦੂਸਰੀਆਂ ਪਾਰਟੀਆਂ ਨੂੰ ਆਪਣੀ ਸਰਕਾਰ ਬਣਾਉਣ ਦਾ ਮੌਕਾ ਮਿਲ ਜਾਂਦਾ ਹੈ। ਸਿੱਟੇ ਵਜੋਂ ਸਰਕਾਰ ਬਦਲਦੀ ਹੈ, ਰਾਜ ਨਹੀਂ। ਕਈ ਵਾਰ ਲੋਕਤੰਤਰ ਦੀ ਥਾਂ ਤਾਨਾਸ਼ਾਹੀ ਆ ਜਾਂਦੀ ਹੈ। ਸਰਕਾਰ ਦਾ ਰੂਪ ਬਦਲ ਜਾਂਦਾ ਹੈ ਪ੍ਰੰਤੂ ਰਾਜ ਦਾ ਅੰਤ ਨਹੀਂ ਹੁੰਦਾ। ਰਾਜ ਦਾ ਅੰਤ ਕੇਵਲ ਉਦੋਂ ਹੁੰਦਾ ਹੈ ਜਦੋਂ ਜਨਤਾ ਉਪਰ ਨਿਯਤੰਰਣ ਰੱਖਣ ਦੀ ਇਸਦੀ ਸੱਤਾ ਖੁੱਸ ਜਾਂਦੀ ਹੈ ਜਾਂ ਕਿਸੇ ਹੋਰ ਰਾਜ ਦੁਆਰਾ ਇਸਦੀ ਪ੍ਰਭੂਸੱਤਾ ਨੂੰ ਹਥਿਆ ਲਿਆ ਜਾਂਦਾ ਹੈ।

**ਰਾਜ ਹਰ ਜਗ੍ਹਾ ਇਕੋ-ਜਿਹੇ ਹਨ ਪ੍ਰੰਤੂ ਸਰਕਾਰਾਂ ਭਿੰਨ ਭਿੰਨ ਪ੍ਰਕਾਰ ਦੀਆਂ ਹਨ (State is uniform throughout but the Governments are of many kinds)**

ਰਾਜ ਦੇ ਸੰਗਠਨ ਲਈ ਵਸੋਂ, ਇਲਾਕਾ, ਸਰਕਾਰ ਅਤੇ ਪ੍ਰਭੁਸੱਤਾ ਦਾ ਹੋਣਾ ਹਰ ਜਗ੍ਹਾ ਜ਼ਰੂਰੀ ਹੈ। ਜਿੱਥੇ ਇਹ ਚਾਰ ਤੱਤ ਮੌਜੂਦ ਹਨ, ਉਹ ਰਾਜ ਹੈ। ਪ੍ਰੰਤੂ, ਸਰਕਾਰ ਦੀਆਂ ਕਈ ਕਿਸਮਾਂ ਜਾਂ ਰੂਪ ਹੋ ਸਕਦੇ ਹਨ। ਜਿਵੇਂ ਕਿ ਭਾਰਤ ਅਤੇ ਬਰਤਾਨੀਆਂ ਵਿਚ ਸੰਸਦੀ ਸਰਕਾਰ, ਅਮਰੀਕਾ ਵਿਚ ਪ੍ਰਧਾਨਤਮਕ ਸਰਕਾਰ, ਆਦਿ ।

**ਇਲਾਕਾ ਰਾਜ ਦਾ ਜ਼ਰੂਰੀ ਲੱਛਣ ਪਰ ਸਰਕਾਰ ਦਾ ਨਹੀਂ (Territory is essential characteristic of State but not of Government)**

ਰਾਜ ਲਈ ਨਿਸ਼ਚਿਤ ਇਲਾਕੇ ਦਾ ਹੋਣਾ ਜ਼ਰੂਰੀ ਹੈ। ਸਰਕਾਰ ਇਲਾਕੇ ਤੋਂ ਬਿਨਾਂ ਵੀ ਕਾਰਜ ਕਰ ਸਕਦੀ ਹੈ। ਦੂਸਰੇ ਵਿਸ਼ਵ ਯੁੱਧ ਦੌਰਾਨ ਜਦ ਜਰਮਨੀ ਦੁਆਰਾ ਯੂਰਪ ਦੇ ਕਈ ਦੇਸ਼ਾਂ ਨੂੰ ਆਪਣੇ ਅਧੀਨ ਕਰ ਲਿਆ ਗਿਆ ਸੀ ਤਾਂ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਕੁਝ ਸਮੇਂ ਲਈ ਦੂਸਰੇ ਦੇਸ਼ਾਂ ਵਿਚੋਂ ਚਲਦੀਆਂ ਰਹੀਆਂ।

**ਰਾਜ ਅਮੂਰਤ ਪ੍ਰੰਤੂ ਸਰਕਾਰ ਸਾਕਾਰ ਹੈ (State is abstract but Government is concrete)**

ਰਾਜ ਸਾਨੂੰ ਸਪੱਸ਼ਟ ਰੂਪ ਵਿੱਚ ਕਿਤੇ ਨਜ਼ਰ ਨਹੀਂ ਆਉਂਦਾ। ਪ੍ਰੰਤੂ ਸਰਕਾਰ ਸਾਕਸ਼ਾਤ ਰੂਪ ਵਿਚ ਨਜ਼ਰ ਆਉਂਦੀ ਹੈ।

**ਰਾਜ ਤੇ ਸਮੁਦਾਇ ਵਿੱਚ ਅੰਤਰ (Difference between State & Association)**

ਮੁੱਢਲੇ ਤੌਰ ਤੇ ਸਮੁਦਾਇ (Association) ਤੋਂ ਭਾਵ ਇਹ ਹੈ ਕਿ ਇਹ ਕੁਝ ਲੋਕਾਂ ਦੁਆਰਾ ਬਣਾਇਆ ਇੱਕ ਸੰਗਠਿਤ ਗਰੁੱਪ ਹੁੰਦਾ ਹੈ ਜੋ ਕਿ ਸਾਂਝੇ ਤੌਰ ਤੇ ਉਹਨਾਂ ਦੇ ਹਿੱਤਾਂ ਦੀ ਰੱਖਿਆ ਕਰਨ ਦਾ ਉਦੇਸ਼ ਰੱਖਦਾ ਹੈ।

ਕੁਝ ਸਮਾਨਤਾਵਾਂ ਹੋਣ ਦੇ ਬਾਵਜੂਦ ਰਾਜ (State) ਅਤੇ ਸਮੁਦਾਇ (Association) ਵਿੱਚ **ਮਹੱਤਵਪੂਰਨ ਅੰਤਰ** ਪਾਏ ਜਾਂਦੇ ਹਨ, ਜਿਵੇਂ ਕਿ

ਰਾਜ ਇੱਕ ਪ੍ਰਭੂਸੱਤਾ ਸੰਪੰਨ ਸੰਸਥਾ ਹੈ ਜਦੋਂ ਕਿ ਦੂਸਰੇ ਪਾਸੇ ਸਮੁਦਾਵਾਂ ਗੈਰ ਪ੍ਰਭੂਸੱਤਾ ਸਮਰੂਪ ਦੀਆਂ ਹੁੰਦੀਆਂ ਹਨ। ਸਾਰੀਆਂ ਸਮੁਦਾਵਾਂ ਰਾਜ ਦੀ ਸਰਵ-ਉੱਚਤਾ (Authority) ਨੂੰ ਮੰਨਦੀਆਂ ਹਨ ਅਤੇ ਰਾਜ ਦੇ ਕਾਨੂੰਨਾਂ ਦਾ ਪਾਲਣ ਕਰਦੀਆਂ ਹਨ।

ਦੂਸਰਾ ਮਹੱਤਵਪੂਰਨ ਫਰਕ ਇਹ ਹੈ ਕਿ ਰਾਜ ਇਕ ਸਥਿਰ (Permanent) ਸੰਸਥਾ ਹੈ ਅਤੇ ਸਾਰੇ ਨਾਗਰਿਕਾਂ ਲਈ ਇਸ ਦੀ ਨਾਗਰਿਕਤਾ ਲਾਜ਼ਮੀ ਹੈ। ਜਦੋਂ ਕਿ ਦੂਸਰੇ ਪਾਸੇ ਸਮੁਦਾਵਾਂ ਦੀ ਸਥਿਰਤਾ ਦੀ ਕੋਈ ਗਾਰੰਟੀ ਨਹੀਂ ਹੁੰਦੀ ਅਤੇ ਸਮੁਦਾਵਾਂ ਦੀ ਮੈਂਬਰਸ਼ਿਪ ਵੀ ਇਛੁੱਕ ਹੀ ਹੁੰਦੀ ਹੈ।

ਤੀਸਰਾ ਮਹੱਤਵਪੂਰਨ ਫਰਕ ਉਦੇਸ਼ਾਂ ਅਤੇ ਟੀਚਿਆਂ ਸੰਬੰਧੀ ਹੈ। ਰਾਜ ਦੇ ਉਦੇਸ਼ ਅਤੇ ਟੀਚੇ ਬਹੁਤ ਵਿਸ਼ਾਲ ਅਤੇ ਪੂਰੇ ਰਾਜ ਦੇ ਨਾਗਰਿਕਾਂ ਦੀ ਭਲਾਈ ਵਾਸਤੇ ਹੁੰਦੇ ਹਨ ਜਦੋਂ ਕਿ ਦੂਜੇ ਪਾਸੇ ਸਮੁਦਾਵਾਂ ਦੇ ਉਦੇਸ਼ ਅਤੇ ਟੀਚੇ ਉਹਨਾਂ ਦੇ ਸਵਰੂਪ ਅਤੇ ਕਿਸਮ ਤੇ ਨਿਰਭਰ ਕਰਦੇ ਹਨ ਅਤੇ ਇਹ ਸੀਮਤ ਅਤੇ ਸੰਕੀਰਣ ਵੀ ਹੋ ਸਕਦੇ ਹਨ।

**ਸਾਰੰਸ਼ (Conclusion)**

ਇਸ ਪਾਠ ਵਿਚ ਅਸੀਂ ਰਾਜ ਦੀ ਪਰਿਭਾਸ਼ਾ, ਉਸਦੇ ਤੱਤ, ਰਾਜ ਦਾ ਸਮਾਜ, ਸਰਕਾਰ ਅਤੇ ਸਮੁਦਾਇ (Association) ਨਾਲ ਅੰਤਰ ਉਪਰ ਵਿਚਾਰ ਕੀਤਾ ਹੈ। ਪ੍ਰਾਚੀਨ ਯੂਨਾਨੀ ਰਾਜਨੀਤੀ ਸ਼ਾਸ਼ਤਰੀਆਂ ਦੇ ਸਮੇਂ ਤੋ ਹੀ ਰਾਜ ਰਾਜਨੀਤੀ ਸ਼ਾਸਤਰ ਦਾ ਬਹੁਤ ਮਹੱਤਵਪੂਰਨ ਵਿਸ਼ਾ ਰਿਹਾ ਹੈ। ਰਾਜ ਕਿਸੇ ਨਿਸ਼ਚਿਤ ਖੇਤਰ ਉਪਰ ਰਾਜਨੀਤਿਕ ਤੌਰ ਤੇ ਸੰਗਠਿਤ ਲੋਕਾਂ ਦਾ ਅਜਿਹਾ ਸਮੂਹ ਹੁੰਦਾ ਹੈ, ਜਿਸਦੀ ਅਜਿਹੀ ਸਰਕਾਰ ਹੁੰਦੀ ਹੈ। ਜੋ ਬਾਹਰੀ ਮਾਮਲਿਆਂ ਵਿੱਚ ਸੁਤੰਤਰ ਅਤੇ ਅੰਦਰੂਨੀ ਮਾਮਲਿਆਂ ਵਿਚ ਸਰਵ ਉੱਚ ਹੁੰਦੀ ਹੈ। ਰਾਜ ਦੇ ਚਾਰ ਬੁਨਿਆਦੀ ਜ਼ਰੂਰੀ ਤੱਤ ਇਹ ਹਨ ਆਬਾਦੀ, ਇਲਾਕਾ, ਸਰਕਾਰ ਅਤੇ ਪ੍ਰਭੂਸੱਤਾ, ਰਾਜ ਦੇ ਸੰਗਠਨ ਲਈ ਆਬਾਦੀ ਜਾਂ ਖੇਤਰਫਲ ਦਾ ਕੋਈ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਸਰਕਾਰ ਦਾ ਹੋਣਾ ਜ਼ਰੂਰੀ ਹੈ, ਇਸਦਾ ਰੂਪ ਕੋਈ ਵੀ ਹੋ ਸਕਦਾ ਹੈ। ਅਜਿਹੀ ਸਰਕਾਰ ਕੋਲ ਬਾਹਰੀ ਅਤੇ ਅੰਦਰੂਨੀ ਦੋਵੇਂ ਕਿਸਮ ਦੀ ਪ੍ਰਭੂਸੱਤਾ ਹੁੰਦੀ ਹੈ। ਰਾਜ ਦੇ ਕੁਝ ਹੋਰ ਤੱਤ ਵੀ ਹਨ, ਜਿਵੇਂ ਅੰਤਰਰਾਸ਼ਟਰੀ ਮਾਨਤਾ, ਸਮਾਨਤਾ, ਏਕਤਾ ਆਦਿ। ਪ੍ਰੰਤੂ ਇਹਨਾਂ ਨੂੰ ਰਾਜ ਦੇ ਸੰਗਠਨ ਲਈ ਜ਼ਰੂਰੀ ਸ਼ਰਤਾਂ ਵਜੋਂ ਨਹੀਂ ਲਿਆ ਜਾਂਦਾ। ਸੰਯੁਕਤ ਰਾਸ਼ਟਰ ਮੰਡਲ ਜਾਂ ਸੰਘੀ ਦੇਸ਼ਾਂ ਦੀਆਂ ਇਕਾਈਆਂ ਨੂੰ ਰਾਜ ਨਹੀਂ ਆਖਿਆ ਜਾ ਸਕਦਾ ਕਿਉਂਕਿ ਇਹਨਾਂ ਕੋਲ ਪ੍ਰਭੂਸੱਤਾ ਨਹੀਂ ਹੁੰਦੀ। ਰਾਜ ਅਤੇ ਸਮਾਜ ਅਤੇ ਰਾਜ ਅਤੇ ਸਰਕਾਰ

ਇਕੋ ਨਹੀਂ ਹਨ। ਇਹਨਾਂ ਤਿੰਨਾਂ ਵਿਚ ਬਹੁਤ ਸਾਰੇ ਬੁਨਿਆਦੀ ਅੰਤਰ ਮੌਜੂਦ ਹਨ।

**ਸਵੈ ਅਭਿਆਸ ਨੰ: 3**

(1) ਰਾਜ ਤੇ ਸਮਾਜ ਵਿਚ ਕੋਈ ਦੋ ਅੰਤਰ ਲਿਖੋ।

(2) ਰਾਜ ਅਤੇ ਸਰਕਾਰ ਵਿਚ ਕੋਈ ਦੋ ਅੰਤਰ ਦੱਸੋ?

(3) ਸਰਕਾਰ ਰਾਜ ਲਈ ਇਕ ਏਜੰਸੀ ਕਿਵੇਂ ਹੈ?

(4) ਵਿਅਕਤੀ ਰਾਜ ਦਾ ਮੈਂਬਰ ਆਪਣੇ ਆਪ ਕਿਵੇਂ ਬਣ ਜਾਂਦਾ ਹੈ?

## ਸਵੈ-ਅਭਿਆਸ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ

### ਸਵੈ-ਅਭਿਆਸ ਨੰ: 1 ਦੇ ਉੱਤਰ

(1) ਇਹ ਸ਼ਬਦ ਅਰਸਤੂ ਨੇ ਕਹੇ ਸਨ।

(2) ਯੂਨਾਨੀਆਂ ਲਈ 'ਪੋਲਿਸ' ਦਾ ਅਰਥ 'ਨਗਰ ਰਾਜ' ਸੀ।

(3) ਅਰਸਤੂ ਅਨੁਸਾਰ ਰਾਜ ਪਰਿਵਾਰ ਅਤੇ ਪਿੰਡਾਂ ਦਾ ਅਜਿਹਾ ਸਮੂਹ ਹੈ ਜਿਸਦਾ ਉਦੇਸ਼ ਇਕ ਸੰਪੂਰਨ ਅਤੇ ਸਵੈ-ਨਿਰਭਰ ਜੀਵਨ ਦੀ ਸਥਾਪਨਾ ਕਰਨਾ ਹੈ।

(4) ਗਿਲਕ੍ਰਾਈਸਟ ਅਨੁਸਾਰ ਰਾਜ ਦਾ ਭਾਵ ਹੈ ਕਿ ਇਕ ਨਿਸ਼ਚਿਤ ਇਲਾਕੇ ਉਪਰ ਕੁਝ ਲੋਕ ਕਿਸੇ ਸਰਕਾਰ ਅਧੀਨ ਸੰਗਠਿਤ ਹੁੰਦੇ ਹਨ ਅਤੇ ਇਹ ਸਰਕਾਰ ਅੰਦਰੂਨੀ ਮਾਮਲਿਆਂ ਵਿੱਚ ਉਹਨਾਂ ਦੀ ਪ੍ਰਭੂਸੱਤਾ ਦੇ ਪ੍ਰਗਟਾਵੇ ਦਾ ਸਾਧਨ ਹੁੰਦੀ ਹੈ ਅਤੇ ਬਾਹਰਲੇ ਮਾਮਲਿਆਂ ਵਿੱਚ ਹੋਰਨਾਂ ਤੋਂ ਸੁਤੰਤਰ ਹੁੰਦੀ ਹੈ।

### ਸਵੈ ਅਭਿਆਸ ਨੰ. 2 ਦੇ ਉੱਤਰ

(1) ਰਾਜ ਦੇ ਚਾਰ ਜ਼ਰੂਰੀ ਤੱਤ ਇਹ ਹਨ (1) ਵਸੋਂ (2) ਇਲਾਕਾ (3) ਸਰਕਾਰ ਅਤੇ (4) ਪ੍ਰਭੂਸੱਤਾ ਇਹ ਚਾਰੇ ਤੱਤ ਹੀ ਮਹੱਤਵਪੂਰਨ ਹਨ।

(2) ਕਿਸੇ ਰਾਜ ਲਈ ਆਬਾਦੀ ਦੀ ਗਿਣਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

(3) ਕਿਸੇ ਰਾਜ ਦਾ ਖੇਤਰਫਲ ਏਨਾਂ ਕੁ ਹੋਣਾ ਚਾਹੀਦਾ ਹੈ ਜਿਸ ਨਾਲ ਉਥੋਂ ਦੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਹੋ ਸਕਣ।

(4) ਰਾਜ ਦੇ ਸੰਗਠਨ ਲਈ ਸਰਕਾਰ ਦਾ ਕੋਈ ਵੀ ਰੂਪ ਹੋ ਸਕਦਾ ਹੈ।

(5) ਅੰਦਰੂਨੀ ਪ੍ਰਭੂਸੱਤਾ ਤੋਂ ਭਾਵ ਸਰਕਾਰ ਅੰਦਰੂਨੀ ਮਾਮਲਿਆਂ ਵਿੱਚ ਸਰਵਉੱਚ ਹੈ ਅਤੇ ਬਾਹਰੀ ਪ੍ਰਭੂਸੱਤਾ ਤੋਂ ਭਾਵ ਸਰਕਾਰ ਕਿਸੇ ਹੋਰ ਰਾਜ ਦੀ ਸਰਕਾਰ ਦੇ ਅਧੀਨ ਨਹੀਂ ਅਰਥਾਤ ਸੁਤੰਤਰ ਹੈ।

(6) ਰਾਜ ਦੇ ਚਾਰ ਗੈਰ-ਜ਼ਰੂਰੀ ਤੱਤ ਹਨ (1) ਮਾਨਤਾ (2) ਸਥਿਰਤਾ (3) ਸਮਾਨਤਾ ਅਤੇ (4) ਏਕਤਾ

(7) ਅੰਤਰਰਾਸ਼ਟਰੀ ਮਾਨਤਾ ਰਾਜ ਦੇ ਸੰਗਠਨ ਲਈ ਮੁਢਲੀ ਸ਼ਰਤ ਹੈ।

(8) ਸੰਯੁਕਤ ਰਾਸ਼ਟਰ ਸੰਘ ਕੋਲ ਪ੍ਰਭੂਸੱਤਾ ਨਹੀਂ ਹੈ। ਇਸ ਕਰਕੇ ਇਹ ਰਾਜ ਨਹੀਂ ਹੈ।

(9) ਕੈਲੇਫੋਰਨੀਆ, ਚੈਚਨੀਆਂ, ਪੰਜਾਬ, ਜੰਮੂ-ਕਸ਼ਮੀਰ ਆਦਿ ਆਪਣੇ ਆਪਣੇ ਸੰਘੀ ਰਾਜਾਂ ਦੀਆਂ ਇਕਾਈਆਂ ਹਨ ਅਤੇ ਇਹਨਾਂ ਕੋਲ ਪ੍ਰਭੂਸੱਤਾ ਨਹੀਂ ਹੈ। ਇਸ ਕਰਕੇ ਇਹ ਰਾਜ ਨਹੀਂ ਹਨ।

### ਸਵੈ-ਅਭਿਆਸ ਨੰ: 3 ਦੇ ਉੱਤਰ

(1) ਰਾਜ ਤੇ ਸਮਾਜ ਵਿਚ ਦੋ ਅੰਤਰ ਇਹ ਹਨ (1) ਰਾਜ ਕੋਲ ਪ੍ਰਭੂਸੱਤਾ ਹੈ ਪ੍ਰੰਤੂ ਸਮਾਜ ਕੋਲ ਨਹੀਂ। (2) ਰਾਜ ਲਈ ਸੰਗਠਨ ਦਾ ਹੋਣਾ ਜ਼ਰੂਰੀ ਹੈ ਪਰ ਸਮਾਜ ਦੇ ਲਈ ਨਹੀਂ।

(2) ਰਾਜ ਤੇ ਸਰਕਾਰ ਵਿੱਚ ਦੋ ਅੰਤਰ ਹਨ (1) ਪ੍ਰਭੂਸੱਤਾ ਰਾਜ ਕੋਲ ਹੈ ਪਰ ਸਰਕਾਰ ਕੋਲ ਨਹੀਂ। (2) ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਰਾਜ ਆਮ ਤੌਰਤੇ ਸਥਿਤ ਰਹਿੰਦੇ ਹਨ। (ਤੁਸੀਂ ਪਾਠ ਵਿਚ ਦਿੱਤੇ ਕੋਈ ਹੋਰ ਦੋ ਅੰਤਰ ਵੀ ਲਿਖ ਸਕਦੇ ਹੋ)

(3) ਰਾਜ ਦਾ ਆਪਣਾ ਕੋਈ ਰੂਪ ਨਹੀਂ ਹੁੰਦਾ। ਰਾਜ ਆਪਣੀ ਇੱਛਾ ਨੂੰ ਸਰਕਾਰ ਰਾਹੀ ਪ੍ਰਗਟ ਤੇ ਲਾਗੂ ਕਰਦਾ ਹੈ।

(4) ਵਿਅਕਤੀ ਜਨਮ ਜਾਂ ਖੂਨ ਦੇ ਸਬੰਧਾਂ ਕਾਰਨ ਆਪਣੇ-ਆਪ ਰਾਜ ਦਾ ਮੈਂਬਰ ਬਣ ਜਾਂਦੇ ਹਨ।

## ਸੁਝਾਈਆਂ ਪੁਸਤਕਾਂ


1. O.P. Gauba - An Introduction to Political Theory.
2. N.D. Arora, S.S. Awasthy - Political Theory.
3. ਐਸ.ਐਸ. ਨੰਦਾ - ਰਾਜਨੀਤਿਕ ਸਿਧਾਂਤ
4. ਜੇ.ਐਸ. ਬੜਿਆਲ - ਰਾਜਨੀਤਿਕ ਸਿਧਾਂਤ
5. Sushila Ramaswamy : Political Theory
6. Andrew Heywood : Political Theory
7. Andrew Heywood : Politics
8. www.wikipedia.org
9. http://jccc-ugcinfonet.in

**ਪਾਠ ਨੰ : 1.6** **ਡਾ. ਰਾਜਿੰਦਰ ਕੌਰ**

# ਰਾਜ ਦੀ ਉੱਤਪਤੀ ਦਾ ਸਮਾਜਿਕ ਸਮਝੌਤਾ ਸਿਧਾਂਤ
# (Social Contract Theory of the Origin of State)

**ਪਾਠ ਦੀ ਰੂਪ-ਰੇਖਾ :**

1.6.1. ਪਾਠ ਦੇ ਉਦੇਸ਼
1.6.2. ਭੂਮਿਕਾ
1.6.3. ਰਾਜ ਦੀ ਉਤਪਤੀ ਬਾਰੇ ਕਾਲਪਨਿਕ ਅਤੇ ਇਤਿਹਾਸਿਕ ਸਿਧਾਂਤ
1.6.4. ਸਮਾਜਿਕ ਸਮਝੌਤੇ ਦਾ ਸਿਧਾਂਤ - ਹਾਬਸ, ਲਾਕ ਤੇ ਰੂਸੋ ਦੇ ਵਿਚਾਰ
1.6.5. ਹਾਬਸ, ਲਾਕ ਤੇ ਰੂਸੋ ਦੇ ਵਿਚਾਰਾਂ ਦੀ ਤੁਲਨਾ
1.6.6. ਸਮਾਜਿਕ ਸਮਝੌਤਾ ਸਿਧਾਂਤ ਦੀ ਆਲੋਚਨਾ
1.6.7 ਸਮਾਜਿਕ ਸਮਝੌਤਾ ਸਿਧਾਂਤ ਦੀ ਮਹੱਤਤਾ
1.6.8. ਸਾਰੰਸ਼
1.6.9. ਪਾਠ ਵਿੱਚ ਵਰਤੇ ਗਏ ਕੁਝ ਮਹੱਤਵਪੂਰਨ ਸ਼ਬਦ
1.6.10. ਸੁਝਾਈਆਂ ਪੁਸਤਕਾਂ
1.6.11 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ

## 1.6.1. ਪਾਠ ਦਾ ਉਦੇਸ਼ (Objectives of the Lesson)

ਇਸ ਪਾਠ ਦਾ ਉਦੇਸ਼ ਰਾਜ ਦੀ ਉਤਪਤੀ ਨਾਲ ਸੰਬੰਧਿਤ ਇੱਕ ਕਾਲਪਨਿਕ ਸਿਧਾਂਤ ਭਾਵ ਸਮਝੌਤਾ ਸਿਧਾਂਤ ਦੀ ਤੇ ਸਮਝੌਤਾ ਸਿਧਾਂਤ ਦੇ ਮੁੱਖ ਸਮਰਥਕਾਂ ਹਾਬਸ, ਲਾਕ ਤੇ ਰੂਸੋ ਦੇ ਵਿਚਾਰਾਂ ਬਾਰੇ ਜਾਣਕਾਰੀ ਦੇਣਾ ਹੈ। ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਹਾਨੂੰ ਸਪਸ਼ਟ ਹੋ ਜਾਵੇਗਾ ਕਿ :-

* ਰਾਜ ਦੀ ਉਤਪੱਤੀ ਸੰਬੰਧੀ ਕਾਲਪਨਿਕ ਤੇ ਇਤਿਹਾਸਿਕ ਸਿਧਾਂਤਾਂ ਵਿੱਚ ਕੀ ਅੰਤਰ ਹੈ?
* ਰਾਜ ਦੀ ਉਤਪੱਤੀ ਬਾਰੇ ਸਮਾਜਿਕ ਸਮਝੌਤੇ ਸਿਧਾਂਤ ਕੀ ਹੈ?
* ਹਾਬਸ, ਲਾਕ ਤੇ ਰੂਸੇ ਦੇ ਸਮਾਜਿਕ ਸਮਝੌਤੇ ਦੁਆਰਾ ਰਾਜ ਦੀ ਉਤਪੱਤੀ ਬਾਰੇ ਕੀ ਵਿਚਾਰ ਹਨ?
* ਸਮਾਜਿਕ ਸਮਝੌਤੇ ਦੇ ਇਹਨਾਂ ਤਿੰਨਾਂ ਸਮਰਥਕਾਂ ਦੇ ਵਿਚਾਰਾਂ ਵਿੱਚ ਕੀ ਕੀ ਸਮਾਨਤਾਵਾਂ ਤੇ ਵਿਭਿੰਨਤਾਵਾਂ ਹਨ?
* ਰੂਸੋ ਦਾ ਸਰਬ ਵਿਆਪਕ ਇੱਛਾ ਦਾ ਸਿਧਾਂਤ ਕੀ ਹੈ? ਇਸ ਦੀ ਕਿਸ ਆਧਾਰ ਤੇ ਆਲੋਚਨਾ ਕੀਤੀ ਜਾਂਦੀ ਹੈ ਅਤੇ ਇਸਦਾ ਮਹੱਤਵ ਕੀ ਹੈ?
* ਸਮਾਜਿਕ ਸਮਝੌਤਾ ਸਿਧਾਂਤ ਦੀ ਕਿਨ੍ਹਾਂ ਅਧਾਰਾਂ ਤੇ ਆਲੋਚਨਾ ਕੀਤੀ ਜਾਂਦੀ ਹੈ ਤੇ ਇਸਦਾ ਮਹੱਤਵ ਕੀ ਹੈ?

## 1.6.2 ਭੂਮਿਕਾ (Introduction)

ਜਿਵੇਂ ਤੁਸੀਂ ਯੂਨਿਟ ਨੰਬਰ 1 ਵਿੱਚ ਪੜ੍ਹਿਆ ਹੈ ਕਿ ਰਾਜਨੀਤੀ ਵਿਗਿਆਨ ਸਰਕਾਰ, ਰਾਜ ਨਾਲ ਸੰਬੰਧਿਤ ਹੋਰ ਸੰਸਥਾਵਾਂ ਅਤੇ ਸਾਰੀਆਂ ਰਾਜਨੀਤਿਕ ਪ੍ਰਕ੍ਰਿਆਵਾਂ ਦਾ ਅਧਿਐਨ ਹੈ। ਰਾਜ ਦੇ ਸਰੂਪ ਤੇ ਇਸ ਦੇ ਕਾਰਜਾਂ ਨੂੰ ਭਲੀ-ਭਾਂਤ ਸਮਝਣ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਰਾਜ ਦੀ ਉਤਪੱਤੀ ਕਦੋਂ ਹੋਈ?

ਰਾਜ ਦੀ ਉਤਪੱਤੀ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਸੱਚਮੁੱਚ ਹੀ ਇੱਕ ਮੁਸ਼ਕਿਲ ਕੰਮ ਹੈ। ਪਰ ਸਦੀਆਂ ਤੋਂ ਰਾਜਨੀਤਿਕ ਵਿਚਾਰਕ ਇਸ ਗੁੱਥੀ ਨੂੰ ਸੁਲਝਾਉਣ ਦੇ ਯਤਨ ਵਿੱਚ ਲੱਗੇ ਰਹੇ ਹਨ। ਉਹਨਾਂ ਦੀ ਇਸ ਮਿਹਨਤ ਦੇ ਨਤੀਜੇ ਵਜੋਂ ਅਨੇਕਾਂ ਵਿਚਾਰ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਅਸੀ ਸਿਧਾਂਤ ਕਹਿੰਦੇ ਹਾਂ। ਇਹਨਾਂ ਵਿਚੋਂ ਕੋਈ ਵੀ ਮੁਕੰਮਲ ਅੰਤਿਮ ਹੋਣ ਦਾ ਦਾਅਵਾ ਨਹੀਂ ਕਰ ਸਕਦਾ, ਅਜਿਹਾ ਦਾਅਵਾ ਸੰਭਵ ਵੀ ਨਹੀਂ ਕਿਉਂਕਿ ਰਾਜ ਦੀ ਉਤਪੱਤੀ ਇਤਿਹਾਸਕ ਧੁੰਦ ਵਿੱਚ ਛੁਪੀ ਹੋਈ ਹੈ ਅਤੇ ਇੱਕ ਖਾਸ ਸਮੇਂ ਤੋਂ ਪਹਿਲਾਂ ਹੀ ਜਾਣਕਾਰੀ ਸਾਡੇ ਕੋਲ ਮੌਜੂਦ ਨਹੀਂ ਸ਼ਾਇਦ **ਮੈਕਾਇਵਰ (Maciver)** **ਨੇ ਠੀਕ ਹੀ ਕਿਹਾ ਹੈ ਕਿ ਜੇਕਰ ਅਸੀ ਰਾਜ ਤੇ ਪਰਿਵਾਰ ਵਰਗੀਆਂ ਸੰਸਥਾਵਾਂ ਦੀ ਉਤਪੱਤੀ ਬਾਰੇ ਵਾਦ-**

**ਵਿਵਾਦ ਵਿਚ ਨਾ ਹੀ ਪਈਏ ਤਾਂ ਚੰਗਾ ਰਹੇਗਾ, ਕਿਉਂਕਿ ਇਹ ਸੰਸਥਾਵਾਂ ਕਿਸੇ ਨਾ ਕਿਸੇ ਰੂਪ ਵਿਚ ਸਦਾ ਹੀ ਸਾਡੇ ਨਾਲ ਰਹੀਆਂ ਹਨ।**

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੈਕਾਈਵਰ ਦੀ ਇਹ ਸਲਾਹ ਸਿਆਣਪ ਭਰਪੂਰ ਹੈ, ਪਰ ਰਾਜ ਦੀ ਉਤਪੱਤੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਯਤਨ ਹੁੰਦੇ ਹੀ ਰਹੇ ਹਨ ਤੇ ਵੱਖ-ਵੱਖ ਵਿਚਾਰਕਾਂ ਨੇ ਇਸਦਾ ਉੱਤਰ ਆਪਣੇ ਦ੍ਰਿਸ਼ਟੀਕੋਣ ਤੋਂ ਦੇਣ ਦੀ ਕੋਸ਼ਿਸ਼ ਕੀਤੀ ਹੈ।

### 1.6.3 ਰਾਜ ਦੀ ਉਤਪਤੀ ਬਾਰੇ ਕਾਲਪਨਿਕ ਅਤੇ ਇਤਿਹਾਸਕ ਸਿਧਾਂਤ (Speculative and Historical about the origin of the State :-

ਰਾਜ ਦੀ ਉਤਪੱਤੀ ਸੰਬੰਧੀ ਸਿਧਾਂਤ ਨੂੰ ਅਸੀਂ ਸਹਿਜੇ ਹੀ ਦੋ ਵਰਗਾਂ ਵਿੱਚ ਰੱਖ ਸਕਦੇ ਹਾਂ ਭਾਵ (1) ਕਾਲਪਨਿਕ ਅਤੇ (2) ਇਤਿਹਾਸਿਕ ਸਿਧਾਂਤ।

ਕੋਈ ਇੱਕ ਖ਼ਾਸ ਰਾਜ ਕਿਵੇਂ ਤੇ ਕਦੋਂ ਹੋਂਦ ਵਿੱਚ ਆਇਆ ਹੈ। ਇਸ ਤੱਥ ਦਾ ਗਵਾਹ ਇਤਿਹਾਸ ਹੈ - ਉਦਾਹਰਣ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਪਾਕਿਸਤਾਨ 1947 ਵਿੱਚ ਹੋਂਦ ਵਿੱਚ ਆਇਆ, ਇਜ਼ਰਾਇਲ 1948 ਵਿੱਚ ਅਤੇ ਬੰਗਲਾ ਦੇਸ਼ 1971 ਵਿੱਚ ਪਰ ਇਤਿਹਾਸ ਸਾਨੂੰ ਇਹ ਕਿਤੇ ਵੀ ਸਪਸ਼ਟ ਨਹੀਂ ਕਰਦਾ ਕਿ ਮਨੁੱਖ ਨੇ ਸਭ ਤੋਂ ਪਹਿਲਾਂ ਕਦੋਂ, ਰਾਜ ਰੂਪੀ ਸੰਸਥਾ ਦੀ ਸਥਾਪਨਾ ਦਾ ਨਿਰਣਾ ਕੀਤਾ? ਜਾਂ ਦੂਜੇ ਸ਼ਬਦਾਂ ਵਿੱਚ ਰਾਜ ਰੂਪੀ ਸੰਸਥਾ ਸਭ ਤੋਂ ਪਹਿਲਾਂ ਕਿਵੇਂ ਤੇ ਕਦੋਂ ਹੋਂਦ ਵਿੱਚ ਆਈ? ਜਿਥੇ ਇਤਿਹਾਸ ਅਸਫਲ ਹੋ ਜਾਂਦਾ ਹੈ ਉੱਥੇ ਅਸੀਂ ਕਲਪਨਾ ਦਾ ਸਹਾਰਾ ਲੈ ਲੈਂਦੇ ਹਾਂ ਅਤੇ ਇਹ ਰਾਹ ਰਾਜਨੀਤੀ ਵਿਗਿਆਨ ਦੇ ਮੁੱਢਲੇ ਵਿਚਾਰਕਾਂ ਨੇ ਅਪਨਾਇਆ-ਉਹਨਾਂ ਅਨੇਕਾਂ ਕਾਲਪਨਿਕ ਸਿਧਾਂਤ ਪੇਸ਼ ਕੀਤੇ-**ਕਾਲਪਨਿਕ ਸਿਧਾਂਤਾਂ** ਦੇ ਵਰਗ ਵਿਚ **ਦੈਵੀ ਉਤਪੱਤੀ ਦਾ ਸਿਧਾਂਤ** ਜੋ ਮੁੱਖ ਰੂਪ ਵਿੱਚ ਵਿਸ਼ਵਾਸ (Faith) ਤੇ ਆਧਾਰਿਤ ਹੈ) ਅਤੇ **ਸਮਾਜਿਕ ਸਮਝੌਤੇ ਦਾ ਸਿਧਾਂਤ** (ਜਿਸ ਅਧੀਨ ਰਾਜ ਦੀ ਉਤਪੱਤੀ ਦਾ ਭੌਤਿਕ ਆਧਾਰ ਤੇ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ) ਸ਼ਾਮਿਲ ਹਨ। ਪਰੰਪਰਾਵਾਦੀ ਤਾਂ ਸ਼ਕਤੀ ਸਿਧਾਂਤ ਨੂੰ ਵੀ ਇਸੇ ਵਰਗ ਵਿੱਚ ਸ਼ਾਮਿਲ ਕਰਦੇ ਹਨ। ਇਤਿਹਾਸਿਕ ਸਿਧਾਂਤਾਂ ਦੀ ਸੂਚੀ ਵਿਚ ਸ਼ਾਮਿਲ ਹੋਰ ਸਿਧਾਂਤ ਨੂੰ **ਇਤਿਹਾਸਿਕ ਜਾਂ ਵਿਕਾਸਵਾਦੀ ਸਿਧਾਂਤ ਅਤੇ ਮਾਰਕਸਵਾਦੀ ਸਿਧਾਂਤ** ਨੂੰ ਇਤਿਹਾਸਿਕ ਸਿਧਾਂਤ ਅਤੇ ਸ਼ਕਤੀ ਸਿਧਾਂਤ ਦਾ ਮਿਸ਼ਰਣ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿੱਚ ਰਾਜ ਦੀ ਉਤਪੱਤੀ ਤੇ ਵਿਕਾਸ ਵਿੱਚ ਆਰਥਿਕ ਤੱਤ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਗਿਆ ਹੈ।

ਰਾਜ ਦੀ ਉਤਪੱਤੀ ਸੰਬੰਧੀ ਕਾਲਪਨਿਕ ਤੇ ਇਤਿਹਾਸਿਕ ਸਿਧਾਂਤਾਂ ਬਾਰੇ ਇਕ ਹੋਰ ਧਿਆਨ ਵਿੱਚ ਰੱਖਣਯੋਗ ਤੱਤ ਇਹ ਹੈ ਕਿ ਇਹ ਦੋਵੇਂ ਵਰਗ ਵੱਖ-ਵੱਖ ਪ੍ਰਕਾਰ ਦੇ ਪ੍ਰਸ਼ਨਾਂ ਦਾ ਉੱਤਰ ਦੇਣ ਦਾ ਯਤਨ ਕਰਦੇ ਹਨ। ਕਾਲਪਨਿਕ ਸਿਧਾਂਤਾਂ ਦਾ ਮੰਤਵ ਇਹ ਸਪੱਸ਼ਟ ਕਰਨਾ ਹੈ ਕਿ ਰਾਜ ਦੀ ਹੋਂਦ ਦਾ ਮੰਤਵ ਕੀ ਹੈ ਜਾਂ ਰਾਜ ਦੀ ਲੋੜ ਕੀ ਹੈ? ਜਦਕਿ ਦੂਜੇ ਪ੍ਰਕਾਰ ਦੇ ਭਾਵ ਇਤਿਹਾਸਿਕ ਸਿਧਾਂਤਾਂ ਦਾ ਮੰਤਵ ਇਹ ਦੱਸਣਾ ਹੈ ਕਿ ਰਾਜ ਕਿਵੇਂ ਹੋਂਦ ਵਿੱਚ ਆਇਆ? ਇਸ ਤਰ੍ਹਾਂ ਕਾਲਪਨਿਕ ਸਿਧਾਂਤਾਂ ਦਾ ਸਬੰਧ ਰਾਜ ਦੇ ਹੋਂਦ ਵਿੱਚ ਆਉਣ ਦੀ ਇਤਿਹਾਸਿਕ ਪ੍ਰਕ੍ਰਿਆ ਬਿਆਨਣਾ ਨਹੀਂ ਸਗੋਂ ਦਲੀਲਾਂ ਤੇ ਕਲਪਨਾ ਦੇ ਸਹਾਰੇ ਵਿਚ ਸਪੱਸ਼ਟ ਕਰਨ ਦਾ ਯਤਨ ਕਰਨਾ ਹੈ ਕਿ ਰਾਜ ਕਿਵੇਂ ਹੋਂਦ ਵਿੱਚ ਆਇਆ ਹੋਵੇਗਾ? ਇਹਨਾਂ ਕਾਲਪਨਿਕ ਸਿਧਾਂਤ ਦਾ ਮੰਤਵ ਰਾਜ ਦੀ ਸੱਤਾ ਨੂੰ ਸਹੀ ਸਿੱਧ ਕਰਨਾ ਅਤੇ ਇਸ ਪ੍ਰਸ਼ਨ ਦਾ ਵਿਵੇਕ ਪੂਰਵ ਉੱਤਰ ਦੇਣਾ ਸੀ ਕਿ ਮਨੁੱਖ ਰਾਜਨੀਤਿਕ ਸੰਗਠਨ ਦੇ ਅਧੀਨ ਕਿਉਂ ਰਹਿੰਦਾ ਹੈ? ਜਾਂ ਰਾਜਨੀਤਿਕ ਸੱਤਾ ਦੀ ਅਧੀਨਤਾ ਮਨੁੱਖ ਕਿਉਂ ਸਵੀਕਾਰ ਕਰੇ ਤੇ ਇਸ ਸੱਤਾ ਤੇ ਕਿਹੜੇ-ਕਿਹੜੇ ਬੰਧਨ ਲਗਾਏ ਜਾਣੇ ਯੋਗ ਹਨ? ਇਸ ਲਈ ਭਾਵੇਂ ਕੋਈ ਵੀ ਕਾਲਪਨਿਕ ਸਿਧਾਂਤ ਰਾਜ ਦੀ ਉਤਪੱਤੀ ਦਾ ਸਹੀ ਉੱਤਰ ਨਹੀਂ ਦਿੰਦਾ ਫਿਰ ਵੀ ਇਹਨਾਂ ਦਾ ਅਧਿਐਨ ਇਹ ਜਾਣਕਾਰੀ ਪ੍ਰਾਪਤ ਕਰਨ ਲਈ ਲਾਜ਼ਮੀ ਹੈ ਕਿ ਵੱਖ ਵੱਖ ਸਮਿਆਂ ਦੇ ਰਾਜਨੀਤਿਕ ਸੱਤਾ ਦੀ ਹੋਂਦ ਲਈ ਅਤੇ ਜਨਤਾ ਦੁਆਰਾ ਇਸ ਦੀ ਆਗਿਆ ਪਾਲਣ ਕਰਨ ਦੇ ਕਿਹੜੇ ਦਾਰਸ਼ਨਿਕ ਆਧਾਰ ਦੱਸੇ ਗਏ ਹਨ?

### ਸਵੈ-ਅਭਿਆਸ ਲਈ ਪ੍ਰਸ਼ਨ - 1

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਰਾਜ ਦੀ ਉਤਪੱਤੀ ਸੰਬੰਧੀ ਸਿਧਾਂਤਾਂ ਨੂੰ ਕਿਹੜੇ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ?

(1) .......................................(2)...............................

(ਅ) ਕਾਲਪਨਿਕ ਸਿਧਾਂਤ ਇਸ ਪ੍ਰਸ਼ਨ ਦਾ ਉੱਤਰ ਦੇਣ ਦਾ ਯਤਨ ਕਰਦੇ ਹਨ ਕਿ ਰਾਜ..............

(ੲ) ਇਤਿਹਾਸਿਕ ਸਿਧਾਂਤ ਦਾ ਮੰਤਵ ਇਹ ਦੱਸਣਾ ਹੈ ਕਿ ਰਾਜ....................

ਤੁਹਾਡੇ ਸਿਲੇਬਸ ਅਨੁਸਾਰ ਤੁਸੀਂ ਰਾਜ ਦੀ ਉਤਪਤੀ ਸੰਬੰਧੀ ਦੋ ਸਿਧਾਂਤ ਭਾਵ ਸਮਾਜਿਕ ਸਮਝੌਤੇ ਦਾ ਸਿਧਾਂਤ ਤੇ ਇਤਿਹਾਸਕ ਜਾਂ ਵਿਕਾਸਵਾਦੀ ਸਿਧਾਂਤ ਪੜ੍ਹਨਾ ਹੈ। ਇਸ ਪਾਠ ਵਿਚ ਅਸੀਂ ਸਮਾਜਿਕ ਸਮਝੌਤਾ ਸਿਧਾਂਤ ਦੀ ਚਰਚਾ ਕਰਾਂਗੇ।

### 1.6.4 ਸਮਾਜਿਕ ਸਮਝੌਤੇ ਦਾ ਸਿਧਾਂਤ : ਹਾਬਸ, ਲਾਕ ਤੇ ਰੂਸੋ ਦੇ ਵਿਚਾਰ (Social Contract Theory : Views of Hobbes, Locke and Rousseau) :-

ਇਸ ਸਿਧਾਂਤ ਦੇ ਸਮਰਥਕਾਂ ਦਾ ਕਥਨ ਹੈ ਕਿ ਰਾਜ ਦੀ ਉਤਪੱਤੀ ਸੁਭਾਵਿਕ ਨਹੀਂ ਹੋਈ ਸਗੋਂ ਪ੍ਰਾਕ੍ਰਿਤਕ ਅਵਸਥਾ ਵਿਚ ਰਹਿਣ ਨਾਲ ਆਦਮ ਮਨੁੱਖਾਂ ਨੇ ਸਮਝੌਤੇ ਰਾਹੀਂ ਇਸ ਦੀ ਸਥਾਪਨਾ ਕੀਤੀ। ਇਸ ਸਿਧਾਂਤ ਦੇ ਸਮਰਥਕਾਂ ਦਾ ਵਿਚਾਰ ਹੈ ਕਿ ਮਨੁੱਖੀ ਇਤਿਹਾਸ ਵਿਚ ਇਕ ਉਹ ਪ੍ਰਾਕ੍ਰਿਤਕ ਸਮਾਂ ਵੀ ਸੀ ਜਦੋਂ ਨਾ ਕੋਈ ਰਾਜ ਨਾ ਦੀ ਸੰਸਥਾ ਸੀ ਤੇ ਨਾ ਹੀ ਰਾਜਨੀਤਿਕ ਕਾਨੂੰਨ । ਇਸ ਸਮੇਂ ਨੂੰ ਉਹ ਪ੍ਰਾਕ੍ਰਿਤਕ ਅਵਸਥਾ (State of Nature) ਦਾ ਨਾਂ ਦਿੰਦੇ ਹਨ। ਰਾਜ ਤੇ ਸਮਾਜ ਦੀ ਹੋਂਦ ਤੋਂ ਪਹਿਲਾਂ ਇਸ ਦੀ ਪ੍ਰਾਕ੍ਰਿਤਕ ਅਵਸਥਾ ਦਾ ਅੰਤ ਉਦੋਂ ਹੋਇਆ ਜਦੋਂ ਮਨੁੱਖਾਂ ਨੇ ਇਕ ਸਮਝੌਤੇ ਦੁਆਰਾ ਰਾਜ ਨਾਂ ਦੀ ਰਾਜਨੀਤਿਕ ਸੰਸਥਾ ਦੀ ਸਥਾਪਨਾ ਕਰ ਲਈ। ਇਸ ਸਮਝੌਤੇ ਰਾਹੀਂ ਹੀ ਰਾਜ ਦੀ ਸਥਾਪਨਾ, ਸਰਕਾਰ ਦੇ ਰੂਪ ਅਤੇ ਸ਼ਾਸਕ ਅਤੇ ਪਰਜਾ ਵਿਚਲੇ ਸੰਬੰਧਾਂ ਨੂੰ ਨਿਸ਼ਚਿਤ ਕੀਤਾ ਗਿਆ।

ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਸਿਧਾਂਤ ਬਹੁਤ ਪੁਰਾਣਾ ਹੈ। ਪ੍ਰਾਚੀਨ ਯੂਨਾਨ ਦੇ *ਸੋਫੀ ਦਾਰਸ਼ਨਿਕ* (Sophists) ਇਸ ਸਿਧਾਂਤ ਦੀ ਪ੍ਰੋੜਤਾ ਕਰਨ ਵਾਲੇ ਸਨ। ਉਨਾਂ ਦਾ ਵਿਚਾਰ ਸੀ ਕਿ ਰਾਜ ਇਕ ਪ੍ਰਾਕ੍ਰਿਤਕ ਸੰਸਥਾ ਨਹੀਂ ਸਗੋਂ ਮਨੁੱਖ ਨੇ ਆਪਣੇ ਸੁਆਰਥੀ ਹਿੱਤਾਂ ਦੀ ਰੱਖਿਆਂ ਲਈ ਇਸਨੂੰ ਬਣਾਇਆ ਸੀ। *ਪ੍ਰਾਚੀਨ ਭਾਰਤੀ ਵਿਚਾਰਧਾਰਾ* ਵਿਚ ਵੀ ਸਾਨੂੰ ਇਸ ਸਿਧਾਂਤ ਦਾ ਸੰਕਲਪ ਮਿਲਦਾ ਹੈ। ਮਹਾਂਭਾਰਤ ਵਿਚ ਆਉਂਦਾ ਹੈ ਕਿ ਜਦੋਂ ਲੋਕਾਂ ਨੇ ਆਪਣੀ ਰੱਖਿਆ ਲਈ ਬ੍ਰਹਮਾ ਅੱਗੇ ਰਾਜੇ ਦੀ ਮੰਗ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਰਾਜੇ ਨੂੰ ਆਪਣੀ ਸੁਰੱਖਿਆ ਦੇ ਬਦਲੇ ਵਿਚ ਆਪਣੀ ਉਪਜ ਦਾ 1/6 ਹਿੱਸਾ ਦੇਣ ਦੀ ਪੇਸ਼ਕਸ਼ ਕੀਤੀ। ਇਹ ਇਕ ਪ੍ਰਕਾਰ ਦਾ ਸਮਝੌਤਾ ਹੀ ਤਾਂ ਸੀ।

*ਮੇਨਗੋਲਡ* (Manegold), *ਹੂਕਰ* (Hooker) ਅਤੇ *ਗਰੋਸ਼ੀਅਸ਼* (Grotius) ਨੇ ਵੀ ਇਸ ਸਿਧਾਂਤ ਦਾ ਸਮਰਥਨ ਕੀਤਾ ਹੈ ਪਰ ਇਸ ਦੇ ਮੁੱਖ ਸਮਰਥਕ ਹਾਬਸ, ਲਾਕ ਅਤੇ ਰੂਸੋ ਹਨ।

ਸਮਾਜਿਕ ਸਮਝੌਤਾ ਸਿਧਾਂਤ ਦੇ ਇਹ ਤਿੰਨੇ ਸਮਰਥਕ ਦੋ ਗੱਲਾਂ ਬਾਰੇ ਇੱਕ ਦੂਜੇ ਨਾਲ ਸਹਿਮਤ ਹਨ : ਪਹਿਲੀ ਤਾਂ ਇਹ ਹੈ ਕਿ ਰਾਜ ਬਣਨ ਤੋਂ ਪਹਿਲਾਂ ਮਨੁੱਖ ਪ੍ਰਾਕ੍ਰਿਤਕ ਅਵਸਥਾ ਵਿਚ ਰਹਿੰਦਾ ਸੀ ਤੇ ਦੂਜੀ ਕਿ ਰਾਜ ਦੀ ਉਤਪੱਤੀ ਆਦਮ ਮਨੁੱਖਾਂ ਦੇ ਆਪਸ ਵਿੱਚ ਕੀਤੇ ਸਮਝੌਦੇ ਦੁਆਰਾ ਹੋਈ। ਪਰ ਪ੍ਰਾਕ੍ਰਿਤਕ ਅਵਸਥਾ ਕਿਹੋ ਜਿਹੀ ਸੀ? ਸਮਝੌਤੇ ਦੀਆਂ ਕੀ ਸ਼ਰਤਾ ਹਨ? ਤੇ ਇਸ ਦੁਆਰਾ ਸ਼ਾਸਕਾਂ ਤੇ ਸ਼ਾਸਿਤਾਂ ਵਿਚ ਕਿਹੋ ਜਿਹੇ ਸਬੰਧ ਸਥਾਪਿਤ ਹੋਏ? ਇਨ੍ਹਾਂ ਸਭ ਪ੍ਰਸ਼ਨਾਂ ਬਾਰੇ ਇਨ੍ਹਾਂ ਤਿੰਨਾਂ ਵਿਚਾਰਕਾਂ ਦੇ ਵਿਚਾਰ ਭਿੰਨ-ਭਿੰਨ ਹਨ। ਹੁਣ ਅਸੀਂ ਇਨ੍ਹਾਂ ਦੇ ਵਿਚਾਰਾਂ ਦਾ ਵਿਸਥਾਰ ਪੂਰਵਕ ਅਧਿਐਨ ਕਰਾਂਗੇ।

### 1.6.4.1 ਹਾਬਸ ਦਾ ਸਮਾਜਿਕ ਸਮਝੌਤੇ ਦਾ ਸਿਧਾਂਤ (Hobbes's Theory of Social Contract) :

ਹਾਬਸ ਇਕ ਪ੍ਰਸਿੱਧ ਅੰਗ੍ਰੇਜ਼ ਫਿਲਾਸਫਰ ਹੋਇਆ ਹੈ। ਉਸ ਨੇ ਆਪਣੇ ਵਿਚਾਰ ਆਪਣੀ ਪੁਸਤਕ **"ਲੈਵੀਆਥਨ" (Leviathan)** ਵਿਚ ਪ੍ਰਗਟ ਕੀਤੇ ਹਨ ਜੋ ਸੰਨ **1651** ਈ: ਵਿੱਚ ਪ੍ਰਕਾਸ਼ਿਤ ਹੋਈ ਸੀ। ਉਸ ਨੇ ਇੰਗਲੈਂਡ ਦੇ ਘਰੇਲੂ ਯੁੱਧ ਅਤੇ ਚਾਰਲਸ ਪਹਿਲੇ ਦੀ ਮੌਤ ਦੀ ਸਜ਼ਾ ਦਾ ਸਾਰਾ ਨਜ਼ਾਰਾ ਦੇਖਿਆ ਸੀ। ਇਨ੍ਹਾਂ ਘਟਨਾਵਾਂ ਦਾ ਹਾਬਸ ਉੱਤੇ ਪ੍ਰਭਾਵ ਪਿਆ ਅਤੇ ਉਸ ਨੂੰ ਯਕੀਨ ਹੋ ਗਿਆ ਕਿ ਜਦੋਂ ਤਕ ਇੰਗਲੈਂਡ ਵਿਚ ਇਕ ਮਜ਼ਬੂਤ ਅਤੇ ਨਿਰੰਕੁਸ਼ ਸ਼ਾਸਕ ਸਥਾਪਿਤ ਨਹੀਂ ਹੋ ਜਾਂਦਾ ਉਦੋਂ ਤੱਕ ਉਥੇ ਸ਼ਾਂਤੀ ਸਥਾਪਿਤ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਹਾਬਸ ਦੇ ਹਿਤ ਸਟੂਅਰਟ ਰਾਜਿਆਂ ਨਾਲ ਸੰਬੰਧਿਤ ਸਨ ਅਤੇ ਉਹ ਉਹਨਾਂ ਦਾ ਸਮਰਥਕ ਸੀ। ਇਸ ਲਈ ਉਹ ਉਨ੍ਹਾਂ ਦੀ ਨਿਰੰਕੁਸ਼ਤਾ ਨੂੰ ਦਲੀਲਾਂ ਦੁਆਰਾ ਸਿੱਧ ਕਰਨਾ ਚਾਹੁੰਦਾ ਸੀ।

ਹਾਬਸ ਦੇ ਅਨੁਸਾਰ, ਮਨੁੱਖ ਸੁਭਾਉ ਤੋਂ ਜੰਗਲੀ, ਝਗੜਾਲੂ ਅਤੇ ਸਵਾਰਥੀ ਹੈ। ਇਸ ਲਈ **ਪ੍ਰਾਕ੍ਰਿਤਕ ਅਵਸਥਾ** ਵਿਚ ਲੋਕਾਂ ਵਿਚ ਹਮੇਸ਼ਾਂ ਝਗੜੇ ਚਲਦੇ ਰਹਿੰਦੇ ਹਨ। ਕਿਸੇ ਤਰ੍ਹਾਂ ਦੀ ਕੋਈ ਸਮਾਜਿਕ ਵਿਵਸਥਾ ਨਹੀਂ ਹੈ। ਮਨੁੱਖੀ ਜੀਵਨ ਦੀ ਰੱਖਿਆ ਦਾ ਕੋਈ ਸਾਧਨ ਨਹੀਂ ਹੈ। ਕੋਈ ਨਿਆਂ ਨਹੀਂ ਸੀ ਬਲਕਿ ਜਿਸਦੀ ਲਾਠੀ ਉਸਦੀ ਭੈਂਸ ਵਾਲਾ ਪ੍ਰਸਿੱਧ ਨਿਯਮ ਪ੍ਰਚਲਿਤ ਸੀ। ਐਸੀ ਦਸ਼ਾ ਵਿੱਚ ਹਮੇਸ਼ਾਂ ਭੈ, ਹਿੰਸਾ ਅਤੇ ਮੌਤ ਦਾ ਖਤਰਾ ਰਹਿੰਦਾ ਸੀ ਅਤੇ ਮਨੁੱਖੀ ਜੀਵਨ ਇਕਾਂਤ, ਨਿਰਧਨ, ਵਹਿਸ਼ੀ ਅਤੇ ਥੋੜਚਿਰਾ ਸੀ। ਅਜਿਹੀ ਦਸ਼ਾ ਵਿੱਚ ਖੇਤੀ, ਉਦਯੋਗ ਧੰਦੇ, ਸ਼ਿਲਪ ਕਲਾ ਆਦਿ ਕੁਝ ਵੀ ਸੰਭਵ ਨਹੀਂ ਸੀ। ਇਨ੍ਹਾਂ ਸਾਰੀਆਂ

ਮੁਸੀਬਤਾਂ ਤੋਂ ਤੰਗ ਆ ਕੇ ਅਤੇ ਜੀਵਨ ਰੱਖਿਆ ਦੇ ਹਿੱਤ ਲਈ ਸਾਰੇ ਮਨੁੱਖਾਂ ਨੇ ਇੱਕ ਸਮਝੌਤਾ ਕੀਤਾ ਜਿਸ ਅਨੁਸਾਰ ਹਰਇੱਕ ਵਿਅਕਤੀ ਨੇ ਆਪਣੇ ਅਧਿਕਾਰ ਇਕ ਵਿਸ਼ੇਸ਼ ਵਿਅਕਤੀ ਜਾਂ ਵਿਸ਼ੇਸ਼ ਸਭਾ ਨੂੰ ਦੇ ਦਿੱਤੇ। ਹਾਬਸ ਦੇ ਅਨੁਸਾਰ ਹਰ ਇਕ ਵਿਅਕਤੀ ਹਰ ਦੂਸਰੇ ਨੂੰ ਇਸ ਤਰ੍ਹਾਂ ਕਹਿੰਦਾ ਹੈ, ਮੈਂ ਆਪਣਾ ਸਵੈ-ਸ਼ਾਸਨ ਦਾ ਅਧਿਕਾਰ ਤਿਆਗਦਾ ਹਾਂ ਅਤੇ ਇਕ ਵਿਅਕਤੀ ਜਾਂ ਪਰਿਸ਼ਦ ਨੂੰ ਉਸ ਨੂੰ ਪ੍ਰਯੋਗ ਕਰਨ ਦਾ ਅਧਿਕਾਰ ਦੇਂਦਾ ਹਾਂ, ਬਸ਼ਰਤੇ ਕਿ ਤੁਸੀਂ ਵੀ ਇਸੇ ਤਰ੍ਹਾਂ ਆਪਣੇ ਪਰਿਵਾਰ ਨੂੰ ਉਸ ਵਿਅਕਤੀ ਜਾਂ ਪਰਿਸ਼ਦ ਨੂੰ ਸੌਂਪ ਦੇਵੋ। ਇਸ ਤਰ੍ਹਾਂ ਦੇ ਸਮਾਜਿਕ ਸਮਝੌਤੇ ਨਾਲ ਇਕ ਰਾਜ ਦਾ ਜਨਮ ਹੁੰਦਾ ਹੈ। ਤਬਾਹੀ ਤੋਂ ਬਚਣ ਖਾਤਰ ਲੋਕ ਆਪਣੇ ਸਾਰੇ ਅਧਿਕਾਰ ਇਕ ਵਿਸ਼ੇਸ਼ ਵਿਅਕਤੀ ਜਾਂ ਸਭਾ ਨੂੰ ਅਰਪਣ ਕਰ ਦੇਂਦੇ ਹਨ ਜੋ ਪ੍ਰਭੂਸੱਤਾਧਾਰੀ ਬਣ ਜਾਂਦਾ ਹੈ। ਹਾਬਸ ਦੇ ਅਨੁਸਾਰ, ਸ਼ਾਸਕ (Ruler) ਇਸ ਸਮਝੌਤੇ ਵਿੱਚ ਸ਼ਾਮਿਲ ਨਹੀਂ, ਸਗੋਂ ਉਸ ਦੀ ਉਤਪੱਤੀ ਸਮਝੌਤੇ ਰਾਹੀਂ ਹੋਈ ਹੈ। ਲੋਕਾਂ ਨੇ ਆਪਣੇ ਸਾਰੇ ਅਧਿਕਾਰ ਤਿਆਗ ਦਿੱਤੇ ਹਨ ਸੋ ਪਰਜਾ ਨੂੰ ਸ਼ਾਸਕ ਦੇ ਵਿਰੁੱਧ ਕਰਨ ਦਾ ਕੋਈ ਅਧਿਕਾਰ ਨਹੀਂ। ਇਸ ਪ੍ਰਕਾਰ ਉਹ ਸ਼ਾਸਕ ਨੂੰ ਨਿਰੰਕੁਸ਼ ਅਤੇ ਅਸੀਮ ਸ਼ਕਤੀ ਵਾਲਾ ਬਣਾ ਦੇਂਦਾ ਹੈ ਜੋ ਲੋਕਾਂ ਅੱਗੇ ਜੁਆਬਦੇਹ ਨਹੀਂ। ਹਾਬਸ ਦੇ ਸਿਧਾਂਤ ਵਿਚ ਨਿਮਨਲਿਖਤ ਵਿਸ਼ੇਸ਼ਤਾਵਾਂ ਹਨ :-

1. ਪ੍ਰਭੂਸੱਤਾਧਾਰੀ ਜਿਹੜਾ ਕਿ ਮਨੁੱਖਾਂ ਦੁਆਰਾ ਬਣਾਇਆ ਗਿਆ ਇਨ੍ਹਾਂ ਮਨੱਖਾਂ ਤੋਂ ਵਧੇਰੇ ਸ਼ਕਤੀਸ਼ਾਲੀ ਹੈ।
2. ਹਾਬਸ ਅਨੁਸਾਰ ਇਹ ਸਮਝੌਤਾ ਇਕੋ ਹੀ ਹੈ ਜਿਹੜਾ ਕਿ ਮਨੁੱਖਾਂ ਨੇ ਆਪਸ ਵਿਚ ਕੀਤਾ ਹੈ। ਮਨੁੱਖਾਂ ਅਤੇ ਪ੍ਰਭੂਸੱਤਾਧਾਰੀ ਦੇ ਵਿਚਕਾਰ ਨਹੀਂ। ਇਸ ਤਰ੍ਹਾਂ ਸ਼ਾਸਕ ਸਮਝੌਤੇ ਦੀ ਉਪਜ ਹੈ ਪਰ ਸਮਝੌਤੇ ਦੀ ਇਕ ਧਿਰ ਨਹੀਂ।,
3. ਇਹ ਸਮਝੌਤਾ ਅਸੀਮ ਸ਼ਕਤੀਵਾਲਾ ਹੈ ਅਤੇ ਇਸ ਨੂੰ ਤੋੜਿਆ ਨਹੀਂ ਜਾ ਸਕਦਾ। ਇਸ ਦੀਆਂ ਸ਼ਰਤਾ ਨੂੰ ਤੋੜਨਾ ਰਾਜ ਵਿੱਚ ਅਰਾਜਕਤਾ ਫੈਲਾ ਦੇਵੇਗਾ।
4. ਕਾਨੂੰਨ ਪ੍ਰਭੂਸੱਤਾਧਾਰੀ ਦਾ ਆਦੇਸ਼ ਹੈ।
5. ਪ੍ਰਭੂਸੱਤਾਧਾਰੀ ਦੀ ਸ਼ਕਤੀ ਅਸੀਮਿਤ ਅਤੇ ਨਿਰੰਕੁਸ਼ ਹੈ।
6. ਸਰਕਾਰ ਦਾ ਟੁੱਟਣਾ ਰਾਜ ਦਾ ਟੁੱਟਣਾ ਹੈ ਕਿਉਂਕਿ ਹਾਬਸ ਅਨੁਸਾਰ ਸਰਕਾਰ ਅਤੇ ਰਾਜ ਵਿਚ ਕੋਈ ਫ਼ਰਕ ਨਹੀਂ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਹਾਬਸ ਨੇ ਅਜਿਹਾ ਸਿਧਾਂਤ ਦੇ ਕੇ ਨਿਰੰਕੁਸ਼ ਰਾਜਤੰਤਰ ਦੀ ਪ੍ਰੋੜਤਾ ਕੀਤੀ ਹੈ।

### ਸਵੈ-ਅਭਿਆਸ ਲਈ ਪ੍ਰਸ਼ਨ : 2

ਨੋਟ : 1. ਹੇਠਾਂ ਦਿੱਤੀ ਥਾਂ ਤੇ ਆਪਣੇ ਉੱਤਰ ਲਿਖੋ। 2. ਆਪਣੇ ਉੱਤਰ ਪਾਠ ਦੇ ਅੰਤ ਵਿੱਚ ਦਿੱਤੇ ਉੱਤਰਾਂ ਨਾਲ ਮਿਲਾਓ:

ੳ) ਸਮਝੌਤਾ ਸਿਧਾਂਤ ਦੇ ਸਮਰਥਕਾਂ ਅਨੁਸਾਰ ਪ੍ਰਾਕ੍ਰਿਤਕ ਅਵਸਥਾ ਉਹ ਅਵਸਥਾ ਸੀ ਜਦੋਂ................

ਅ) ਇਸ ਸਿਧਾਂਤ ਦੇ ਦੋ ਮੁੱਖ ਸਮਰਥਕ ਹਨ...............ਅਤੇ..............

ੲ) ਹਾਬਸ ਨੇ ਆਪਣੇ ਸਮਝੌਤਾ ਸਿਧਾਂਤ ਦੁਆਰਾ.................ਰਾਜਤੰਤਰ ਦਾ ਸਮਰਥਨ ਕੀਤਾ ਹੈ।

### 1.6.4.2 ਜਾਹਨ ਲਾਕ ਦਾ ਸਮਾਜਿਕ ਸਮਝੌਤਾ ਸਿਧਾਂਤ (John Locke's Social Contract Theory) :

ਜਾਹਨ ਲਾਕ ਨੇ ਆਪਣੇ ਵਿਚਾਰ ਆਪਣੀ ਪੁਸਤਕ '**ਸ਼ਾਸਨ ਦੇ ਦੋ ਲੇਖ**' **(Two Treatises on Government)** ਵਿਚ ਪ੍ਰਗਟ ਕੀਤੇ ਜੋ ਸੰਨ 1688 ਵਿਚ ਮਹਾਨ ਕ੍ਰਾਂਤੀ (Glorious Revolution) ਤੋਂ ਦੋ ਸਾਲ ਬਾਅਦ ਪ੍ਰਕਾਸ਼ਿਤ ਹੋਈ। ਇਸ ਦਾ ਉਦੇਸ਼ ਮਹਾਨ ਕ੍ਰਾਂਤੀ ਨੂੰ ਜਾਇਜ਼ ਸਿੱਧ ਕਰਨਾ ਸੀ। ਲਾਕ ਦੇ ਅਨੁਸਾਰ, ਜੇਮਜ਼ (James) ਦਾ ਗੱਦੀ ਤੋਂ ਉਤਾਰਿਆ ਜਾਣਾ ਅਤੇ ਉਸ ਦੀ ਥਾਂ ਵਿਲੀਅਮ ਤੇ ਮੇਰੀ ਦਾ ਗੱਦੀ ਤੇ ਬੈਠਣਾ ਉਚਿਤ ਸੀ। ਉਸ ਦੇ ਵਿਚਾਰ ਅਨੁਸਾਰ ਜਨਤਾ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਇਕ ਅਤਿਆਚਾਰੀ ਰਾਜੇ ਨੂੰ ਗੱਦੀ ਤੋਂ ਉਤਾਰ ਸਕੇ। ਸੋ ਲਾਕ **ਵਿਧਾਨਿਕ ਰਾਜਤੰਤਰ (Constitutional Monarchy)** ਦਾ ਸਮਰਥਕ ਸੀ ਤੇ ਸਮਾਜਿਕ ਸਮਝੌਤੇ ਦੇ ਸਿਧਾਂਤ ਦੁਆਰਾ ਵੀ ਉਸ ਨੇ ਇਸੇ ਪ੍ਰਣਾਲੀ ਦੀ ਪ੍ਰੋੜਤਾ ਕੀਤੀ ਹੈ। ਸਮਝੌਤੇ ਦੇ ਬਾਕੀ ਸਮਰਥਕਾਂ ਦੀ ਤਰ੍ਹਾਂ ਲਾਕ ਵੀ ਪ੍ਰਾਕ੍ਰਿਤਕ ਅਵਸਥਾ ਤੋਂ ਆਪਣਾ ਨਿਬੰਧ ਆਰੰਭ ਕਰਦਾ ਹੈ ਪਰ ਲਾਕ ਦੀ ਪ੍ਰਾਤਿਕਤਕ ਅਵਸਥਾ ਦਾ ਚਿਤਰਣ ਹਾਬਸ ਤੋਂ ਬਿਲਕੁਲ ਭਿੰਨ ਹੈ। ਲਾਕ ਦੇ ਅਨੁਸਾਰ ਪ੍ਰਾਕ੍ਰਿਤਕ ਅਵਸਥਾ ਵਿਚ ਸੁੱਖ ਤੇ ਸ਼ਾਂਤੀ ਦਾ ਵਾਤਾਵਰਣ ਸੀ। ਮਨੁੱਖ ਆਪਣੇ ਕੰਮ ਬੁੱਧੀ ਅਨੁਸਾਰ ਕਰਦੇ ਸਨ। ਹਰੇਕ ਮਨੁੱਖ ਸੁਤੰਤਰ ਸੀ। ਮਨੁੱਖ ਇੱਕ ਦੂਜੇ ਦੀ ਮਦਦ ਕਰਦੇ ਸਨ ਅਤੇ ਇੱਕ ਦੂਜੇ ਨਾਲ ਹਮਦਰਦੀ ਕਰਦੇ ਸਨ। ਸੋ ਲਾਕ ਅਨੁਸਾਰ ਪ੍ਰਾਕ੍ਰਿਤਕ ਅਵਸਥਾ ਰਾਜਨੀਤਿਕ ਨਾ ਹੋਕੇ ਕੁਝ ਹੱਦ ਤੱਕ ਸਮਾਜਿਕ ਜਿਹੀ ਵਿਵਸਥਾ ਸੀ। ਇਹ ਕੋਈ ਐਸੀ ਅਵਸਥਾ ਨਹੀਂ ਸੀ ਜਿਸ ਵਿਚ ਹਮੇਸ਼ਾਂ ਯੁੱਧ ਹੁੰਦਾ ਰਹਿੰਦਾ ਸੀ। ਲਾਕ ਦੇ ਅਨੁਸਾਰ ਪ੍ਰਾਕ੍ਰਿਤਕ ਅਵਸਥਾ ਵਿੱਚ ਮਨੁੱਖ ਨੂੰ ਜੀਵਨ, ਸੁਤੰਤਰਤਾ

ਤੇ ਪੂੰਜੀ ਸੰਬੰਧੀ ਅਧਿਕਾਰ ਪ੍ਰਾਪਤ ਸਨ ਜਿਨ੍ਹਾਂ ਦੀ ਵਰਤੋਂ ਮਨੁੱਖ ਪ੍ਰਾਕ੍ਰਿਤਕ ਕਾਨੂੰਨ ਦੇ ਅਨੁਸਾਰ ਕਰਦਾ ਸੀ। ਪਰ ਇਹ ਸਥਿਤੀ ਬਹੁਤ ਸਮੇਂ ਤੱਕ ਕਾਇਮ ਨਾ ਰਹਿ ਸਕੀ। ਇਸ ਦੇ ਦੋ ਕਾਰਨ ਸਨ : ਪਹਿਲਾ ਇਹ ਕਿ ਕੋਈ ਸਰਵ ਪ੍ਰਵਾਨਿਤ ਕਾਨੂੰਨ ਨਹੀਂ ਸੀ। ਪ੍ਰਾਕ੍ਰਿਤਕ ਕਾਨੂੰਨ ਦੀ ਵਿਆਖਿਆ ਹਰੇਕ ਮਨੁੱਖ ਆਪਣੇ ਪੱਖ ਵਿਚ ਕਰਦਾ ਸੀ। ਸੋ ਜਦੋਂ ਦੋ ਵਿਅਕਤੀਆਂ ਦਾ ਆਪਸ ਵਿਚ ਲੜਾਈ ਝਗੜਾ ਹੋ ਜਾਂਦਾ ਤਾਂ ਇਹ ਨਿਰਣਾ ਕਰਨ ਵਾਲਾ ਕੋਈ ਨਹੀਂ ਸੀ ਕਿ ਕੌਣ ਅਪਰਾਧੀ ਹੈ। ਦੂਸਰਾ ਕੋਈ ਨਿਰਪੱਖ ਅਦਾਲਤਾਂ ਨਹੀਂ ਸਨ ਜਿਸ ਵਿਚ ਅਪਰਾਧੀ ਨੂੰ ਸਜ਼ਾ ਦਿੱਤੀ ਜਾ ਸਕਦੀ ਅਤੇ ਨਾ ਹੀ ਕੋਈ ਸਰਕਾਰ ਸੀ ਜੋ ਅਦਾਲਤ ਰਾਹੀਂ ਦਿੱਤੇ ਗਏ ਫੈਸਲੇ ਨੂੰ ਲਾਗੂ ਕਰ ਸਕਦੀ। ਸੋ ਲੋਕਾਂ ਨੇ ਮਹਿਸੂਸ ਕੀਤਾ ਕਿ ਅਜਿਹਾ ਸਪੱਸ਼ਟ ਤੇ ਨਿਸ਼ਚਿਤ ਕਾਨੂੰਨ ਹੋਣਾ ਚਾਹੀਦਾ ਹੈ ਜੋ ਹਰ ਵਿਅਕਤੀ ਦੇ ਕੁਦਰਤੀ ਹੱਕਾਂ ਦੀ ਰਾਖੀ ਕਰ ਸਕੇ। ਇਸ ਲਈ ਮਨੁੱਖਾਂ ਨੇ ਮਿਲਕੇ ਸਮਝੌਤਾ ਕੀਤਾ ਜਿਸ ਨਾਲ ਉਨ੍ਹਾਂ ਨੇ ਪ੍ਰਾਕ੍ਰਿਤਕ ਅਵਸਥਾ ਦਾ ਅੰਤ ਕਰਕੇ ਸਮਾਜ ਦੀ ਸਥਾਪਨਾ ਕੀਤੀ। ਲਾਕ ਅਨੁਸਾਰ ਦੋ ਸਮਝੌਤੇ ਹੋਏ : ਪਹਿਲਾ ਸਮਝੌਤਾ ਕੁਦਰਤੀ ਅਵਸਥਾ ਦਾ ਅੰਤ ਕਰਦਾ ਹੈ। ਇਸ ਵਿਚ ਹਰੇਕ ਮਨੁੱਖ ਦੂਸਰੇ ਨਾਲ ਇਹ ਸਮਝੌਤਾ ਕਰਦਾ ਹੈ, ਉਹ ਜੀਵਨ, ਪੂੰਜੀ ਅਤੇ ਸੁਤੰਤਰਤਾ ਦੀ ਰੱਖਿਆ ਲਈ ਸਮਾਜ ਦੀ ਸਥਾਪਨਾ ਕਰੇ। ਵਿਅਕਤੀ ਸਮਾਜ ਨੂੰ ਸਾਰੇ ਅਧਿਕਾਰ ਨਹੀਂ ਦਿੰਦਾ ਸਗੋਂ ਪ੍ਰਾਕ੍ਰਿਤਕ ਕਾਨੂੰਨ ਦੀ ਵਿਆਖਿਆ ਕਰਨ ਅਤੇ ਉਸ ਦੇ ਅਨੁਸਾਰ ਮਨੁੱਖਾਂ ਦੇ ਜੀਵਨ, ਪੂੰਜੀ ਅਤੇ ਸੁਤੰਤਰਤਾ ਦੀ ਰੱਖਿਆ ਕਰਨ ਅਤੇ ਅਪਰਾਧੀਆਂ ਨੂੰ ਦੰਡ ਦੇਣ ਲਈ ਕੁਝ ਅਧਿਕਾਰ ਦੇਂਦਾ ਹੈ। ਇਹ gfj bk ; wMk ; h fi ; Bkb f;tb ;'kJNh i K **ਸਭਿਆ ਸਮਾਜ (Civil Society)** ਦੀ ਸਥਾਪਨਾ ਹੋ ਗਈ। ਲਾਕ ਅਨੁਸਾਰ ਦੂਸਰਾ ਸਮਝੌਤਾ ਉਹ ਸੀ ਜਿਸ ਰਾਹੀਂ ਸਰਕਾਰ ਦੀ ਸਥਾਪਨਾ ਹੋਈ। ਸਮਾਜ ਆਪਣੀ ਸ਼ਕਤੀ ਕੁਝ ਵਿਅਕਤੀਆਂ ਨੂੰ ਪ੍ਰਦਾਨ ਕਰਦਾ ਹੈ, ਇਹਨਾਂ ਦਾ ਫਰਜ਼ ਸਮਾਜਿਕ ਸਮਝੌਤੇ ਦੀਆਂ ਸ਼ਰਤਾਂ ਤੇ ਅਮਲ ਕਰਨਾ ਤੇ ਕਰਵਾਉਣਾ ਹੈ। ਸੋ ਸ਼ਾਸਕ ਵੀ ਇਸ ਸਮਝੌਤੇ ਵਿਚ ਸ਼ਾਮਿਲ ਹੈ। ਉਹ ਪ੍ਰਭੂ ਨਹੀਂ ਬਲਕਿ ਸਮਾਜ ਦਾ ਏਜੰਟ ਹੈ। ਇਸ ਲਈ ਉਹ ਸਰਕਾਰ ਜੋ ਸਮਾਜਿਕ ਹਿੱਤਾਂ ਲਈ ਕੰਮ ਨਹੀਂ ਕਰਦੀ, ਲੋਕਾਂ ਰਾਹੀਂ ਬਦਲੀ ਜਾ ਸਕਦੀ ਹੈ। ਇਸ ਪ੍ਰਕਾਰ ਲਾਕ ਵਿਧਾਨਿਕ ਰਾਜਤੰਤਰ ਦੇ ਹੱਕ ਵਿਚ ਸੀ। ਉਹ ਜਨਤਾ ਦੀ ਇੱਛਾ ਨੂੰ ਸਰਕਾਰ ਦੇ ਅਧਿਕਾਰਾਂ ਦਾ ਸੋਮਾ ਬਣਾਉਂਦਾ ਹੈ ਅਤੇ ਲੋਕਾਂ ਨੂੰ ਇਨਕਲਾਬ ਦਾ ਹੱਕ ਦੇਂਦਾ ਹੈ। ਲਾਕ ਅਨੁਸਾਰ ਦਿੱਤੇ ਗਏ ਸਿਧਾਂਤ ਦੀਆਂ ਵਿਸ਼ੇਸ਼ਤਾਵਾਂ ਨਿਮਨਲਿਖਤ ਹਨ :-

1. ਲਾਕ ਅਨੁਸਾਰ ਦੋ ਸਮਝੌਤੇ ਹੋਏ ਸਨ। ਪਹਿਲਾ, ਕੁਦਰਤੀ ਅਵਸਥਾ ਦਾ ਖਾਤਮਾ ਕਰਕੇ ਸਭਯ ਸਮਾਜ ਦੀ ਸਥਾਪਨਾ ਕਰਦਾ ਹੈ ਅਤੇ ਦੂਜਾ ਸਰਕਾਰ ਦੀ ਸਥਾਪਨਾ ਕਰਦਾ ਹੈ। ਪਹਿਲਾ ਸਮਝੌਤਾ ਲੋਕਾਂ ਦਾ ਆਪਸ ਵਿਚ ਹੈ ਜਦਕਿ ਦੂਜੇ ਜਨਤਾ ਅਤੇ ਸ਼ਾਸਕਾਂ ਵਿਚ।
2. ਲਾਕ ਅਨੁਸਾਰ ਇਹ ਸਮਝੌਤਾ ਨਿਰੰਕੁਸ਼ ਨਹੀਂ ਹੈ ਬਲਕਿ ਇਸ ਨੂੰ ਜਨਤਾ ਮਰਜ਼ੀ ਅਨੁਸਾਰ ਬਦਲ ਸਕਦੀ ਹੈ।
3. ਹਾਕਮ ਪੂਰਨ ਪ੍ਰਭੂਸੱਤਾਧਾਰੀ ਨਹੀਂ ਬਲਕਿ ਉਹ ਜਨਤਾ ਦੇ ਏਜੰਟ ਦੇ ਰੂਪ ਵਿਚ ਕੰਮ ਕਰਦਾ ਹੈ।
4. ਜਨਤਾ ਦੀ ਮਰਜ਼ੀ ਹੀ ਸਰਕਾਰ ਦੇ ਅਧਿਕਾਰਾਂ ਦਾ ਸੋਮਾ ਹੈ।
5. ਜਨਤਾ ਨੂੰ ਇਨਕਲਾਬ ਦਾ ਹੱਕ ਹੈ।

ਸੰਖੇਪ ਵਿਚ ਲਾਕ ਵਿਧਾਨਿਕ ਜਾਂ ਸੀਮਿਤ ਰਾਜਤੰਤਰ (Limited Monarchy) ਦੇ ਹੱਕ ਵਿੱਚ ਸੀ।

### ਸਵੈ-ਅਭਿਆਸ ਲਈ ਪ੍ਰਸ਼ਨ - 3

ਨੋਟ : 1) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਖ਼ਾਲੀ ਥਾਂ ਵਿੱਚ ਲਿਖੋ :-

2) ਆਪਣੇ ਉੱਤਰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਓ।

ੳ) ਜਾਹਨ ਲਾਕ ਨੇ ਸਮਾਜਿਕ ਸਮਝੌਤੇ ਦੇ ਸਿਧਾਂਤ ਦੀ ਵਰਤੋਂ........ਰਾਜਤੰਤਰ ਦੀ ਪ੍ਰੋੜਤਾ ਕਰਨ ਲਈ ਕੀਤੀ।

ਅ) ਲਾਕ ਅਨੁਸਾਰ ਦੋ ਸਮਝੌਤੇ ਹੋਏ ਪਹਿਲੇ ਰਾਹੀ............ਦੀ ਅਤੇ ਦੂਜੇ ਰਾਹੀਂ..........ਦੀ।

ੲ) ਲਾਕ ਅਨੁਸਾਰ ਹਾਕਮ............ਦੇ ਏਜੰਟ ਵਜੋਂ ਕਾਰਜ ਕਰਦਾ ਹੈ, ਉਹ ਪੂਰਨ ਪ੍ਰਭੂਸੱਤਾਧਾਰੀ ਨਹੀਂ।

### 1.**6.4.3** ਰੂਸੋ ਦਾ ਸਮਾਜਿਕ ਸਮਝੌਤਾ ਸਿਧਾਂਤ (Rousseau's Social Contract Theory) :

ਰੂਸੋ ਨੇ ਆਪਣੇ ਵਿਚਾਰ ਆਪਣੀ ਪੁਸਤਕ ''ਸਮਾਜਿਕ ਸਮਝੌਤਾ'' (Social Contract) 1762 ਵਿਚ ਪ੍ਰਗਟ ਕੀਤੇ ਹਨ। ਰੂਸੋ ਵੀ ਪ੍ਰਾਕ੍ਰਿਤਕ ਅਵਸਥਾ ਤੋਂ ਆਪਣੀ ਕਥਾ ਆਰੰਭ ਕਰਦਾ ਹੈ। ਉਸਦਾ ਵਿਚਾਰ ਸੀ ਕਿ ਪ੍ਰਾਕ੍ਰਿਤਕ ਅਵਸਥਾ ਵਿਚ ਮਨੁੱਖ ਪੂਰਨ ਤੌਰ ਤੇ ਸੁਤੰਤਰ ਸੀ ਅਤੇ ਸਵਰਗੀ ਆਨੰਦ ਮਾਣਦਾ ਸੀ ਪਰ ਇਹ ਪਰਿਸਥਿਤੀ ਬਹੁਤ ਦੇਰ ਤੱਕ ਨਾ ਰਹਿ ਸਕੀ।

ਜਨਸੰਖਿਆ ਦੇ ਵੱਧਣ ਤੇ ਖੇਤੀ ਬਾੜੀ ਆਰੰਭ ਹੋਣ ਨਾਲ ਲੜਾਈ ਝਗੜੇ ਸ਼ੁਰੂ ਹੋ ਗਏ। ਇਸ ਲਈ ਮਨੁੱਖਾਂ ਨੇ ਮਿਲ ਕੇ ਇਕ ਸਮਝੌਤਾ ਕੀਤਾ। ਇਸ ਸਮਝੌਤੇ ਦੁਆਰਾ ਹਰ ਵਿਅਕਤੀ ਨੇ ਆਪਣੇ ਵਿਅਕਤੀਗਤ ਅਧਿਕਾਰ ਸਮਾਜ ਨੂੰ ਦੇ ਦਿੱਤੇ ਅਰਥਾਤ ਹਰ ਇਕ ਮਨੁੱਖ ਨਾਲ ਸਮਝੌਤਾ ਕਰਕੇ ਆਪਣੇ ਅਧਿਕਾਰ ਜਨਤਾ ਦੀ ਸਮੂਹਿਕ ਸ਼ਕਤੀ ਨੂੰ ਦੇ ਦਿੰਦਾ ਹੈ ਅਤੇ ਸਮਾਜ ਦਾ ਅੰਗ ਹੋਣ ਦੇ ਨਾਤੇ ਉਨ੍ਹਾਂ ਨੂੰ ਫਿਰ ਪ੍ਰਾਪਤ ਕਰ ਲੈਂਦਾ ਹੈ।

ਇਸ ਸਿਧਾਂਤ ਅਨੁਸਾਰ ਕੋਈ ਵਿਅਕਤੀ ਕੁਝ ਗੁਆਉਂਦਾ ਨਹੀਂ ਸਗੋਂ ਉਹ ਆਪਣੇ ਸਾਰੇ ਅਧਿਕਾਰ ਸਮਾਜ ਨੂੰ ਦੇਂਦਾ ਹੈ ਜਿਸ ਦਾ ਉਹ ਆਪ ਵੀ ਮੈਂਬਰ ਹੈ। ਸਮਾਜ ਦਾ ਮੈਂਬਰ ਹੋਣ ਦੇ ਨਾਤੇ, ਉਸ ਨੂੰ ਉਹ ਸਾਰੇ ਅਧਿਕਾਰ ਫਿਰ ਵਾਪਸ ਮਿਲ ਜਾਂਦੇ ਹਨ ਅਤੇ ਇਸ ਦੇ ਨਾਲ ਹੀ ਉਸਨੂੰ ਇਹ ਗਰੰਟੀ ਵੀ ਮਿਲ ਜਾਂਦੀ ਹੈ ਕਿ ਸੰਕਟ ਸਮੇਂ ਸਾਰਾ ਸਮਾਜ ਉਸ ਦੇ ਅਧਿਕਾਰਾਂ ਦੀ ਰੱਖਿਆ ਕਰੇਗਾ। ਹਰ ਵਿਅਕਤੀ ਦੀ ਹੈਸੀਅਤ ਦੋ ਤਰ੍ਹਾਂ ਦੀ ਹੁੰਦੀ ਹੈ ਭਾਵ ਸੱਤਾਧਾਰੀ ਰਾਜ ਦਾ ਮੈਂਬਰ ਹੋਣ ਦੇ ਨਾਤੇ ਉਸਨੂੰ ਪ੍ਰਭੂਸੱਤਾ ਵਿੱਚ ਬਰਾਬਰ ਦਾ ਹੱਥ ਪ੍ਰਾਪਤ ਹੈ। ਜਿਸ ਲਈ ਉਹ ਪ੍ਰਭੂ (Sovereign) ਹੈ ਅਤੇ ਸਰਬ-ਵਿਆਪਕ ਇੱਛਾ (General will) ਦਾ ਪਾਲਣ ਕਰਨ ਕਰਕੇ ਉਹ ਪਰਜਾ ਵੀ ਹੈ।

**ਰੂਸੋ ਦਾ ਸਰਬ-ਵਿਆਪਕ ਇੱਛਾ ਦਾ ਸਿਧਾਂਤ : (Rousseau's Theory of General Will) :**

ਰੂਸੋ ਦੇ ਵਿਚਾਰ ਅਨੁਸਾਰ, ਆਦਿ ਮਨੁੱਖ ਕੁਦਰਤੀ ਅਵਸਥਾ ਵਿਚ ਰਹਿੰਦਾ ਸੀ ਅਤੇ ਕੁਦਰਤ ਦੇ ਨਿਯਮਾਂ ਅਨੁਸਾਰ ਸੁਖੀ ਜੀਵਨ ਬਤੀਤ ਕਰਦਾ ਸੀ। ਆਬਾਦੀ ਦੇ ਵੱਧਣ ਅਤੇ ਨਿੱਜੀ ਜਾਇਦਾਦ ਰੂਪੀ ਸੰਸਥਾ ਦੇ ਹੋਂਦ ਵਿੱਚ ਆਉਣ ਨਾਲ ਲੋਕਾਂ ਵਿਚ ਝਗੜੇ ਸ਼ੁਰੂ ਹੋ ਗਏ ਅਤੇ ਸ਼ਾਂਤੀ ਲਈ ਕੁਦਰਤੀ ਅਵਸਥਾ ਖਤਮ ਹੋ ਗਈ। ਇਨ੍ਹਾਂ ਪਰਸਥਿਤੀਆਂ ਨੇ ਮਨੁੱਖਾਂ ਨੂੰ ਮਜ਼ਬੂਤ ਕਰ ਦਿੱਤਾ ਕਿ ਉਹ ਅਜਿਹਾ ਸਮਾਜ ਬਣਾਵੇ ਜੋ ਉਸ ਦੇ ਜੀਵਨ ਅਤੇ ਅਧਿਕਾਰਾਂ ਦੀ ਰੱਖਿਆ ਕਰ ਸਕੇ। ਇਸ ਤਰ੍ਹਾਂ ਸਮਝੌਤੇ ਦੁਆਰਾ ਸਾਰਿਆਂ ਦੀ ਸਾਂਝੀ ਇੱਛਾ ਨਾਲ ਨਾਗਰਿਕ ਸਮਾਜ ਦੀ ਸਥਾਪਨਾ ਕੀਤੀ ਗਈ। ਹਰ ਵਿਅਕਤੀ ਨੇ ਆਪਣੇ ਆਪ ਨੂੰ ਬਿਨਾਂ ਕਿਸੇ ਸ਼ਰਤ ਸਮਾਜ ਦੀ ਇੱਛਾ ਦੇ ਹਵਾਲੇ ਕਰ ਦਿੱਤਾ। ਰੂਸੋ ਇਸ ਨੂੰ ਸਰਬ-ਵਿਆਪਕ ਇੱਛਾ (General Will) ਕਹਿੰਦਾ ਹੈ ਕਿਉਂ ਜੋ ਹਰ ਵਿਅਕਤੀ ਸਮਾਜ ਦਾ ਮੈਂਬਰ ਹੁੰਦਾ ਹੈ ਇਸ ਲਈ ਸਰਬ-ਵਿਆਪਕ ਇੱਛਾ ਵਿਚ ਹਰ ਵਿਅਕਤੀ ਦੀ ਇੱਛਾ ਸਮਾਈ ਹੋਈ ਹੈ। ਦੂਜੇ ਸ਼ਬਦਾਂ ਵਿੱਚ ਸਰਬ-ਵਿਆਪਕ ਇੱਛਾ ਰਾਜ ਦੇ ਸਾਰੇ ਮੈਂਬਰਾਂ ਦੀ ਇੱਛਾ ਦੀ ਪ੍ਰਤੀਧਿਨਤਾ ਕਰਦੀ ਹੈ। ਇਸ ਇੱਛਾ ਨੂੰ ਸਾਰੇ ਲੋਕਾਂ ਨੇ ਸੁਤੰਤਰ ਰੂਪ ਵਿਚ ਬਣਾਇਆ ਹੈ ਅਤੇ ਇਹ ਸਭ ਦੇ ਹਿੱਤਾਂ ਦੀ ਰਾਖੀ ਕਰਦੀ ਹੈ, ਇਸ ਲਈ ਰਾਜ ਦੀ ਪ੍ਰਭੂਤਾ ਇਸੇ ਵਿਚ ਨਿਹਿਤ ਹੈ।

ਰੂਸੋ ਅਨੁਸਾਰ, ਹਰ ਬੰਦੇ ਦੀਆਂ ਇੱਛਾਵਾਂ ਹੁੰਦੀਆਂ ਹਨ, ਇਕ **ਅਸਲੀ ਇੱਛਾ (Actual Will)** ਅਤੇ ਦੂਜੀ **ਆਦਰਸ਼ਕ ਇੱਛਾ (Real Will)** ਅਸਲੀ ਇੱਛਾ ਇੱਕ ਮਨੁੱਖ ਦੀ ਸੁਆਰਥੀ ਇੱਛਾ ਨੂੰ ਕਿਹਾ ਜਾਂਦਾ ਹੈ ਅਤੇ ਆਰਦਸ਼ਕ ਇੱਛਾ ਉਹ ਹੈ ਜੋ ਇਕ ਵਿਅਕਤੀ ਸਮਾਜ ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਕਰਦਾ ਹੈ। ਇਹ ਖੁਦਗਰਜ਼ੀ ਤੋਂ ਮਨੁੱਖ ਨੂੰ ਛੁਟਕਾਰਾ ਦਿਵਾਉਂਦੀ ਹੈ। ਇਹੀ ਉਹ ਇੱਛਾ ਹੈ ਜੋ ਕਿ ਵਿਅਕਤੀ ਦੀ ਅਸਲੀ ਸੁਤੰਤਰਤਾ ਦੀ ਸੂਚਕ ਹੈ। ਇਹ ਉਸ ਦੀ ਪਵਿੱਤਰ, ਸੱਚੀ ਅਤੇ ਵਿਵੇਕਪੂਰਨ ਇੱਛਾ ਹੁੰਦੀ ਹੈ। ਸਰਬ ਵਿਆਪਕ ਇੱਛਾ (General Will) ਵਿਅਕਤੀਆਂ ਦੀ ਆਦਰਸ਼ਕ ਇੱਛਾ ਦਾ ਹੀ ਫਲ ਹੈ। ਇਹ ਸਾਝੇ ਹਿੱਤਾਂ ਦੀ ਸਮੂਹਿਕ ਚੇਤਨਾ ਹੈ। ਰੂਸੋ ਨੇ ਕਿਹਾ ਕਿ ਕਿਸੇ ਇੱਛਾ ਨੂੰ ਸਰਬ-ਵਿਆਪਕ ਬਣਾਉਣ ਲਈ ਵੋਟਰਾਂ ਦੀ ਓਨੀ ਮਹਾਨਤਾ ਨਹੀਂ ਹੈ ਜਿੰਨੀ ਕਿ ਉਨ੍ਹਾਂ ਨੂੰ ਸੰਗਠਿਤ ਕਰਨ ਵਾਲੀ ਸਾਂਝੇ ਹਿੱਤਾਂ ਦੀ ਭਾਵਨਾ ਦੀ।

ਇਸੇ ਤਰ੍ਹਾ ਰੂਸੋ ਦੇ ਵਿਚਾਰ ਅਨੁਸਾਰ ਸਰਬ-ਵਿਆਪਕ ਇੱਛਾ ਅਖੰਡ ਜਾਂ ਇੱਕ ਹੁੰਦੀ ਹੈ। ਇਹ ਇੱਛਾ ਵਿਵੇਕਪੂਰਣ ਤੇ ਬੁੱਧੀਪੂਰਣ ਹੁੰਦੀ ਹੈ ਅਤੇ ਇਹ ਕਦੀ ਅਸ਼ੁਭ ਨਹੀਂ ਹੁੰਦੀ। ਇਹ ਸਮਾਜ ਵਿਚ ਸਥਾਈ ਤੌਰ ਤੇ ਰਹਿੰਦੀ ਹੈ ਅਤੇ ਸਦਾਚਾਰਕ ਇੱਛਾ ਹੈ। ਇਸ ਦਾ ਹਮੇਸ਼ਾਂ ਹੀ ਬਹੁਮੱਤ ਦੀ ਇੱਛਾ ਹੋਣਾ ਜ਼ਰੂਰੀ ਨਹੀਂ ਕਿਉਂਕਿ ਹੋ ਸਕਦਾ ਹੈ ਕਿ ਕਦੇ ਬਹੁਮੱਤ ਵਿਚ ਇਹ ਸਭ ਗੁਣ ਨਾ ਹੋਣ।

**ਰੂਸੋ ਦੇ ਸਰਬ-ਵਿਆਪਕ ਇੱਛਾ ਦੇ ਸਿਧਾਂਤ ਦੀ ਆਲੋਚਨਾ (Criticism of Rousseau's Theory of General Will) :-**

**1. ਇਹ ਸਿਧਾਂਤ ਬਹੁਤ ਅਸਪੱਸ਼ਟ ਹੈ (It is Vague) :** ਸਰਬ-ਵਿਆਪਕ ਇੱਛਾ ਦਾ ਸਿਧਾਂਤ ਅਸਪੱਸ਼ਟ ਤੇ ਅਵਿਹਾਰਕ ਹੈ। ਰੂਸੋ ਦੇ ਅਨੁਸਾਰ ਇਹ ਨਾ ਤਾਂ ਸਭ ਦੀ ਇੱਛਾ (Will of all) ਹੈ ਅਤੇ ਨਾ ਹੀ ਬਹੁਮੱਤ ਦੀ ਇੱਛਾ ਹੈ। ਅਸਲ ਵਿਚ ਇਸ ਇੱਛਾ ਨੂੰ ਕਿਸ ਤਰ੍ਹਾਂ ਜਾਣਿਆ ਜਾਵੇਗਾ ਇਸ ਬਾਰੇ ਰੂਸੋ ਨੇ ਕੋਈ ਸਪਸ਼ਟ ਵਿਚਾਰ ਨਹੀਂ ਦਿੱਤੇ। ਰੂਸੋ ਦੀ ਸਰਬ-

ਵਿਆਪਕ ਇੱਛਾ ਨਾ ਤਾਂ ਸਰਬ-ਵਿਆਪਕ ਹੈ ਅਤੇ ਨਾ ਹੀ ਇੱਛਾ ਹੈ। ਉਹ ਇਹ ਨਹੀਂ ਮੰਨਦਾ ਕਿ ਨਿੱਜੀ ਹਿੱਤ ਦੇ ਜੋੜ ਨਾਲ ਸਮਾਜ ਦਾ ਹਿੱਤ ਬਣਦਾ ਹੈ ਅਤੇ ਇਸ ਇੱਛਾ ਨੂੰ ਕਿਵੇਂ ਨਿਰਧਾਰਤ ਕੀਤਾ ਜਾ ਸਕਦਾ ਹੈ। ਇਸ ਦਾ ਕੋਈ ਸਪੱਸ਼ਟ ਉੱਤਰ ਰੂਸੋ ਕੋਲ ਨਹੀਂ ਹੈ।

**2. ਇਹ ਨਿਰੰਕੁਸ਼ਤਾ ਨੂੰ ਉਤਸ਼ਾਹ ਦਿੰਦਾ ਹੈ (It encourages absolutism) :** ਰੂਸੋ ਦਾ ਕਥਨ ਹੈ ਕਿ ਸਰਬ-ਵਿਆਪਕ ਇੱਛਾ ਵਿਚ ਸਭ ਦੀ ਇੱਛਾ ਸ਼ਾਮਿਲ ਹੁੰਦੀ ਹੈ। ਇਸ ਲਈ ਹਰੇਕ ਵਿਅਕਤੀ ਰਾਜ ਦੇ ਹੁਕਮਾਂ ਤੇ ਆਗਿਆ ਦੀ ਪਾਲਣਾ ਰਾਹੀਂ ਅਸਲ ਵਿਚ ਆਪਣੀਆਂ ਹੀ ਇੱਛਾਵਾਂ ਦੀ ਪਾਲਣਾ ਕਰਦਾ ਹੈ। ਸਰਵ ਵਿਆਪਕ ਇੱਛਾ ਨੂੰ ਮੰਨਣ ਵਾਲੇ ਨੂੰ ਉਸਦੇ ਮੰਨਣ ਲਈ ਕਾਨੂੰਨੀ ਤੌਰ ਤੇ ਮਜਬੂਰ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਤੇ ਉਹ ਉਸ ਕੰਮ ਨੂੰ ਹੀ ਕਰੇ ਗਾ ਜਿਹੜਾ ਉਸ ਦੀ ਇੱਛਾ ਅਨੁਸਾਰ ਹੈ। ਇਸ ਤਰ੍ਹਾਂ ਉਹ ਸੁਤੰਤਰ ਹੋਣ ਲਈ ਮਜ਼ਬੂਰ ਕੀਤਾ ਜਾਵੇਗਾ (He will be forced to be free) ਇਸ ਤਰ੍ਹਾਂ ਇਹ ਸਿਧਾਂਤ ਨਿਰੰਕੁਸ਼ਵਾਦ ਨੂੰ ਉਤਸ਼ਾਹ ਦਿੰਦਾ ਹੈ। ਸਰਬ-ਵਿਆਪਕ ਇੱਛਾ ਦੇ ਨਾਂ ਉੱਤੇ ਮਨ-ਮਾਨੇ ਅਤਿਆਚਾਰ ਕੀਤੇ ਜਾ ਸਕਦੇ ਹਨ ਅਤੇ ਇਸ ਤਰ੍ਹਾਂ ਵਿਅਕਤੀਗਤ ਸੁਤੰਤਰਤਾ ਸਮਾਪਤ ਹੋ ਜਾਵੇਗੀ।

**3. ਸਾਂਝੀ ਭਲਾਈ ਦੀ ਪਰਿਭਾਸ਼ਾ ਕਰਨਾ ਬਹੁਤ ਮੁਸ਼ਕਲ ਹੈ** (It is difficult to define common good) **:** ਸਰਬ-ਵਿਆਪਕ ਇੱਛਾ ਦਾ ਉਦੇਸ਼ ਸਾਂਝੀ ਭਲਾਈ ਦੀ ਪ੍ਰਾਪਤੀ ਹੈ। ਹਰ ਸਾਂਝੀ ਭਲਾਈ ਕਿਸ ਗੱਲ ਵਿਚ ਹੈ, ਇਹ ਨਿਸ਼ਚਿਤ ਕਰਨਾ ਕਠਿਨ ਹੈ। ਇਕ ਅਤਿਆਚਾਰੀ ਸ਼ਾਸਕ ਸਾਂਝੀ ਭਲਾਈ ਦੀ ਦੁਹਾਈ ਪਾ ਕੇ ਆਪਣੇ ਸਾਰੇ ਕੰਮ ਨੂੰ ਉਚਿਤ ਠਹਿਰਾ ਸਕਦਾ ਹੈ।

**4. ਵਿਅਕਤੀ ਦੀ ਇੱਛਾ ਅਖੰਡ ਹੈ** (Human will is indivisible) **:** ਰੂਸੋ ਮਨੁੱਖ ਦੀ ਇੱਛਾ ਨੂੰ ਅਸਲੀ ਜਾਂ ਯਥਾਰਥਕ ਤੇ ਆਰਦਸ਼ਕ ਇੱਛਾਵਾਂ ਵਿੱਚ ਵੰਡਦਾ ਹੈ, ਪਰ ਇਹ ਠੀਕ ਨਹੀਂ। ਇੱਛਾ ਅਖੰਡ ਹੁੰਦੀ ਹੈ ਇਸ ਲਈ ਇਸ ਤਰਕ ਅਨੁਸਾਰ ਸਰਬ-ਵਿਆਪਕ ਇੱਛਾ ਨਿਸ਼ਚਿਤ ਕਰਨੀ ਠੀਕ ਨਹੀ।

**ਰੂਸੋ ਦੇ ਸਿਧਾਂਤ ਦਾ ਮਹੱਤਵ :** (Importance of Rousseau's Theory)

ਰੂਸੇ ਦੇ ਇਸ ਸਿਧਾਂਤ ਦੀ ਵਾਸਤਵਿਕ ਮਹਾਨਤਾ ਕਾਫੀ ਹੈ। ਸਰਬ-ਵਿਆਪਕ ਇੱਛਾ ਦੇ ਆਧਾਰ ਤੇ ਹੀ ਰੂਸੋ ਨੇ ਲੋਕ ਪ੍ਰਭੁਸੱਤਾ (Popular Sovereignty) ਦੇ ਸਿਧਾਂਤ ਨੂੰ ਸਥਾਪਿਤ ਕੀਤਾ। ਉਸ ਨੇ ਦੱਸਿਆ ਕਿ ਪ੍ਰਭੁਸੱਤਾ ਅਸਲ ਵਿਚ ਲੋਕਾਂ ਕੋਲ ਅਤੇ ਰਾਜ ਦਾ ਆਧਾਰ ਲੋਕ ਇੱਛਾ ਹੈ ਨਾ ਕਿ ਸ਼ਕਤੀ। ਇਸ ਤਰ੍ਹਾਂ ਰੂਸੋ ਦਾ ਸਿਧਾਂਤ ਲੋਕਤੰਤਰ ਦਾ ਸਮਰਥਕ ਹੈ।

### ਸਵੈ-ਅਭਿਆਸ ਲਈ - 4

1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ; 2. ਆਪਣੇ ਉੱਤਰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਓ :
   - ੳ) ਰੂਸੋ ਨੇ ਆਪਣੇ ਸਮਝੌਤਾ ਸਿਧਾਂਤ ਦੀ ਵਰਤੋਂ ............ ਸ਼ਾਸਨ ਪ੍ਰਣਾਲੀ ਦਾ ਸਮਰਥਨ ਕਰਨ ਲਈ ਕੀਤੀ।
   - ਅ) ਰੂਸੋ ਅਨੁਸਾਰ ਸਰਬ-ਵਿਆਪਕ ਇੱਛਾ ਰਾਜ ਵਿਚਲੇ ਲੋਕਾਂ ਦੀ............ਇੱਛਾ ਦਾ ਫਲ ਹੈ।
   - ੲ) ਰੂਸੋ ਅਨੁਸਾਰ ਮਨੁੱਖ ਦੀਆਂ ਦੋ ਇੱਛਾਵਾਂ ਹੁੰਦੀਆਂ ਹਨ..........ਅਤੇ............

### 1.**6.5 ਹਾਬਸ, ਲਾਕ ਅਤੇ ਰੂਸੋ ਦੇ ਵਿਚਾਰਾਂ ਦੀ ਨਾਲ ਤੁਲਨਾ (Comparison of View of Hobbes, Locke and Rousseau)**

ਅਸੀਂ ਹਾਬਸ, ਲਾਕ ਅਤੇ ਰੂਸੋ ਦੇ ਸਮਾਜਿਕ ਸਮਝੌਤੇ ਦੇ ਸਿਧਾਂਤਾਂ ਦੀ ਵਿਆਖਿਆ ਉੱਪਰ ਕਰ ਆਏ ਹਾਂ। ਰੂਸੋ ਦੇ ਸਿਧਾਂਤ ਦੇ ਕੁਝ ਅੰਸ਼ ਲਾਕ ਨਾਲ ਅਤੇ ਕੁਝ ਹਾਬਸ ਨਾਲ ਮਿਲਦੇ ਹਨ। ਅਸਲ ਵਿਚ ਰੂਸੋ ਨੇ ਆਪਣੇ ਸਿਧਾਂਤ ਦਾ ਆਰੰਭ ਤਾਂ ਲਾਕ ਵਾਂਗ ਹੀ ਕੀਤਾ ਹੈ ਪਰ ਇਸ ਦਾ ਅੰਤ ਹਾਬਸ ਦੇ ਸਿਧਾਂਤ ਨਾਲ ਮਿਲਦਾ ਹੈ। ਕੁਦਰਤੀ ਅਵਸਥਾ ਬਾਰੇ ਰੂਸੋ ਅਤੇ ਲਾਕ ਦੇ ਵਿਚਾਰ ਤਕਰੀਬਨ ਇਕੋ ਜਿਹੇ ਹਨ। ਦੋਵੇਂ ਮੰਨਦੇ ਹਨ ਕਿ ਕੁਦਰਤੀ ਅਵਸਥਾ ਵਿੱਚ ਮਨੁੱਖ ਕੁਦਰਤੀ ਨੇਮਾਂ ਅਨੁਸਾਰ ਸੁੱਖ ਅਤੇ ਸ਼ਾਂਤੀ ਵਿਚ ਆਪਣਾ ਜੀਵਨ ਬਤੀਤ ਕਰਦਾ ਸੀ ਪਰ ਕੁਝ ਕਾਰਨਾਂ ਕਰਕੇ ਇਹ ਅਵਸਥਾ ਸਦਾ ਲਈ ਕਾਇਮ ਨਾ ਰਹਿ ਸਕੀ ਅਤੇ ਮਨੁੱਖ ਨੂੰ ਮਜਬੂਰ ਹੋ ਕੇ ਅਜਿਹੇ ਸਮਾਜ ਦੀ ਰਚਨਾ ਕਰਨੀ ਪਈ ਜਿਸ ਦੁਆਰਾ ਉਨ੍ਹਾਂ ਦੇ ਜੀਵਨ, ਸੁਤੰਤਰਤਾ ਅਤੇ ਅਧਿਕਾਰਾਂ ਦੀ ਰੱਖਿਆ ਹੋ ਸਕੇ। ਇਹ ਸਮਾਜ ਉਨ੍ਹਾ ਦੇ ਆਪਸ ਵਿੱਚ ਪਰਸਪਰ ਸਮਝੌਤੇ ਦੁਆਰਾ ਰਚਿਆ ਪਰ ਸਮਝੌਤੇ ਦੇ ਰੂਪ ਸੰਬੰਧੀ ਲਾਕ ਅਤੇ ਰੂਸੋ ਵਿਚ ਮਤਭੇਦ ਹਨ। ਲਾਕ ਦੇ ਮੱਤ ਅਨੁਸਾਰ ਲੋਕਾਂ ਨੇ ਦੋ ਸਮਝੌਤੇ ਕੀਤੇ

: ਪਹਿਲੇ ਸਮਝੌਤੇ ਦੁਆਰਾ ਉਨ੍ਹਾਂ ਦੇ ਜੀਵਨ, ਸੁਤੰਤਰਤਾ ਅਤੇ ਅਧਿਕਾਰਾਂ ਦੀ ਰੱਖਿਆ ਹੋ ਸਕੇ ਇਹ ਸਮਾਜ ਉਨ੍ਹਾਂ ਨੇ ਕੁਦਰਤੀ ਅਵਸਥਾ ਦੀ ਥਾਂ ਸਿਵਲ ਸੋਸਾਇਟੀ ਦੀ ਸਥਾਪਨਾ ਕੀਤੀ ਅਰਥਾਤ ਇਹ ਕਿਹਾ ਕਿ ਹੁਣ ਤੋਂ ਉਹ ਕੁਦਰਤੀ ਨਿਯਮਾਂ ਦੀ ਬਜਾਏ ਸਮਾਜ ਦੇ ਕਾਨੂੰਨ ਨੂੰ ਮੰਨਣਗੇ ਪਰ ਇਸ ਸਮਝੌਤੇ ਦੁਆਰਾ ਵਿਅਕਤੀ ਸਮਾਜ ਨੂੰ ਆਪਣੇ ਸਾਰੇ ਅਧਿਕਾਰ ਨਹੀਂ ਦਿੰਦਾ, ਕੇਵਲ ਕੁਦਰਤੀ ਕਾਨੂੰਨ ਦੀ ਵਿਆਖਿਆ ਕਰਨ, ਮਨੁੱਖ ਦੇ ਜੀਵਨ, ਸੁਤੰਤਰਤਾ ਅਤੇ ਸੰਪਤੀ ਦੀ ਰੱਖਿਆ ਕਰਨ ਅਤੇ ਦੋਸ਼ੀਆਂ ਨੂੰ ਦੰਡ ਦੇਣ ਦੇ ਕੁਝ ਅਧਿਕਾਰ ਦੇਂਦਾ ਹੈ। ਦੂਜਾ ਸਮਝੌਤਾ ਰਾਜਨੀਤਿਕ ਸੀ ਜਿਸ ਦੁਆਰਾ ਅਜਿਹੀ ਸਰਕਾਰ ਦੀ ਸਥਾਪਨਾ ਕੀਤੀ ਗਈ ਜਿਸ ਨੂੰ ਰਾਜ ਦਾ ਸ਼ਾਸਨ ਚਲਾਉਣ ਦਾ ਕੰਮ ਸੌਂਪਿਆ ਗਿਆ ਪਰ ਸ਼ਾਸਕ ਨੂੰ ਥੋੜ੍ਹੇ ਜਿਹੇ ਅਧਿਕਾਰ ਹੀ ਸੌਂਪੇ ਗਏ ਅਰਥਾਤ ਜੀਵਨ, ਸੁਤੰਤਰਤਾ ਅਤੇ ਜਾਇਦਾਦ ਦੀ ਰੱਖਿਆ ਦਾ ਅਧਿਕਾਰ ਆਦਿ ਨਾਲ ਇਹ ਸ਼ਰਤ ਵੀ ਰੱਖੀ ਗਈ ਕਿ ਜੇ ਸ਼ਾਸਕ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਨਹੀਂ ਕਰੇਗਾ ਤਾਂ ਲੋਕਾਂ ਨੂੰ ਅਧਿਕਾਰ ਹੋਵੇਗਾ ਕਿ ਉਹ ਉਸ ਨੂੰ ਹਟਾ ਕੇ ਹੋਰ ਵਿਅਕਤੀ ਨੂੰ ਸ਼ਾਸਕ ਦੇ ਅਧਿਕਾਰ ਸੌਂਪ ਦੇਣਗੇ। ਇਸ ਤਰ੍ਹਾਂ ਲਾਕ ਸੀਮਿਤ ਰਾਜਤੰਤਰ ਦਾ ਸਮਰਥਨ ਕਰਦਾ ਹੈ ਜਿਸ ਵਿਚ ਰਾਜ ਨੂੰ ਸੀਮਤ ਅਧਿਕਾਰ ਪ੍ਰਾਪਤ ਹਨ ਅਤੇ ਅੰਤਿਮ ਪ੍ਰਭੁਸੱਤਾ ਲੋਕਾਂ ਦੇ ਹੱਥਾਂ ਵਿਚ ਹੁੰਦੀ ਹੈ। ਲਾਕ ਵਿਅਕਤੀ ਦੀ ਸੁਤੰਤਰਤਾ ਨੂੰ ਮਹਾਨਤਾ ਦੇਂਦਾ ਹੈ ਅਤੇ ਉਸਦੇ ਵਿਚਾਰ ਆਧੁਨਿਕ ਪ੍ਰਤੀਨਿਧੀ ਲੋਕਤੰਤਰ ਦੇ ਬਹੁਤੇ ਨੇੜੇ ਹਨ।

ਲਾਕ ਤੋਂ ਉਲਟ ਰੂਸੋ ਕਹਿੰਦਾ ਹੈ ਕਿ ਦੋ ਸਮਝੌਤੇ ਦੋ ਨਹੀਂ ਸਗੋਂ ਇਕ ਹੋਇਆ ਹੈ ਜੋ ਸਮਾਜਿਕ ਵੀ ਹੈ ਅਤੇ ਰਾਜਨੀਤਿਕ ਵੀ। ਇਸ ਪੱਖ ਤੋਂ ਰੂਸੋ ਅਤੇ ਹਾਬਸ ਦੇ ਵਿਚਾਰ ਮਿਲਦੇ ਹਨ ਕਿਉਂਕਿ ਹਾਬਸ ਵੀ ਇਕੋ ਸਮਝੌਤੇ ਨੂੰ ਮੰਨਦਾ ਹੈ। ਰੂਸੋ ਲਾਕ ਨਾਲੋਂ ਵਧੇਰੇ ਪ੍ਰਜਾਤੰਤਰੀ ਹੈ। ਰੂਸੋ ਅਨੁਸਾਰ ਲੋਕ ਆਪੇ ਹੀ ਪਰਜਾ ਹਨ ਅਤੇ ਆਪ ਹੀ ਹਾਕਮ ਵੀ। ਉਹ ਆਪਣੇ ਵਿਚਾਰ ਕਿਸੇ ਹੋਰ ਰਾਜਨੀਤਿਕ ਸੰਸਥਾ ਨੂੰ ਨਹੀਂ ਦਿੰਦੇ। ਸਰਕਾਰ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ। ਕਾਨੂੰਨ ਲੋਕ ਖੁਦ ਬਣਾਉਂਦੇ ਹਨ, ਸਰਕਾਰ ਕੇਵਲ ਉਹਨਾਂ ਦੀ ਪਾਲਣਾ ਕਰਦੀ ਹੈ। ਇਸ ਤਰ੍ਹਾਂ ਰੂਸੋ ਪ੍ਰਤੱਖ ਲੋਕੰਤਤਰ ਦਾ ਸਮਰਥਕ ਸੀ।

ਪਰ ਜਿਵੇਂ ਅਸੀਂ ਉੱਪਰ ਦੱਸਿਆ ਹੈ ਰੂਸੋ ਆਪਣੇ ਸਿਧਾਂਤ ਦਾ ਆਰੰਭ ਵੀ ਲਾਕ ਵਾਂਗ ਕਰਦਾ ਹੈ ਪਰ ਇਸ ਦਾ ਅੰਤ ਹਾਬਸ ਵਾਂਗ ਹੈ। ਆਓ ! ਦੇਖੀਏ, ਉਹ ਕਿਵੇਂ। ਹਾਬਸ ਅਤੇ ਰੂਸੋ ਦੋਵੇਂ ਸਹੀ ਮੰਨਦੇ ਹਨ ਕਿ ਇਸ ਸਮਝੌਤੇ ਅਨੁਸਾਰ ਵਿਅਕਤੀ ਆਪਣੇ ਸਾਰੇ ਅਧਿਕਾਰ ਬਿਨਾਂ ਕਿਸੇ ਸ਼ਰਤ ਦੇ ਕਿਸੇ ਹੋਰ ਨੂੰ ਦੇਂਦਾ ਹੈ ਅਤੇ ਜਿਸ ਨੂੰ ਇਹ ਅਧਿਕਾਰ ਦਿੱਤੇ ਜਾਂਦੇ ਹਨ, ਉਹ ਪ੍ਰਭੂਤਾਸ਼ਾਲੀ ਹੈ ਫਰਕ ਕੇਵਲ ਇਹ ਹੈ ਕਿ ਹਾਬਸ ਦੇ ਅਨੁਸਾਰ ਇਹ ਅਧਿਕਾਰ ਇਕ ਵਿਅਕਤੀ ਅਥਵਾ ਰਾਜੇ ਨੂੰ ਦਿੱਤੇ ਜਾਂਦੇ ਹਨ, ਜਦਕਿ ਰੂਸੋ ਅਨੁਸਾਰ ਸਾਰੇ ਅਧਿਕਾਰ ਸਮਾਜ ਨੂੰ ਸੌਂਪੇ ਜਾਂਦੇ ਹਨ। ਇਸ ਤਰ੍ਹਾਂ ਦੋਵੇਂ ਪ੍ਰਭੂਸਤਾ ਨੂੰ ਨਿਰੰਕੁਸ਼, ਅਸੀਮ, ਪੂਰਨ ਅਤੇ ਅਖੰਡ ਮੰਨਦੇ ਹਨ। ਜਿਥੇ ਹਾਬਸ ਵਿਅਕਤੀ ਨੂੰ ਇਕ ਰਾਜੇ ਦਾ ਗੁਲਾਮ ਬਣਾ ਦੇਂਦਾ ਹੈ ਉਥੇ ਰੂਸੋ ਉਸ ਨੂੰ ਸਰਬ-ਵਿਆਪਕ ਇੱਛਾ ਅਧੀਨ ਕਰ ਦੇਂਦਾ ਹੈ। ਇਸ ਲਈ ਤਾਂ ਕਿਹਾ ਜਾਂਦਾ ਹੈ ਕਿ ਜੇ ਹਾਬਸ ਦੇ ਲੇਵਿਆਥਨ (Leviathan) ਦਾ ਸਿਰ ਧੜ ਤੋਂ ਵੱਖ ਕਰ ਦਿੱਤਾ ਜਾਵੇ ਤਾਂ ਰੂਸੋ ਦੀ 'ਸਰਬ-ਵਿਆਪਕ ਇੱਛਾ' (General Will) ਹੋਵੇਗੀ।

ਹਾਬਸ ਦਾ ਲਵੀਆਥਨ ਇਕ ਨਿਰੰਕੁਸ਼ ਵਿਅਕਤੀ ਹੈ ਜੋ ਅਸੀਮ ਸ਼ਕਤੀ ਦਾ ਮਾਲਕ ਹੈ। ਇਸੇ ਤਰ੍ਹਾਂ ਰੂਸੋ ਦੀ ਸਰਬ-ਵਿਆਪਕ ਇੱਛਾ ਵਿਚ ਪ੍ਰਭੂਸਤਾ ਨਿਹਿਤ ਹੈ ਜਿਸ ਦੀ ਅਵੱਗਿਆ ਕੋਈ ਵਿਅਕਤੀ ਨਹੀਂ ਕਰ ਸਕਦਾ। ਫਰਕ ਕੇਵਲ ਇਤਨਾ ਹੈ ਕਿ ਹਾਬਸ ਦਾ ਸੱਤਾਧਾਰੀ ਪ੍ਰਭੂ ਇਕ ਵਿਅਕਤੀ ਹੈ ਅਤੇ ਰੂਸੋ ਦਾ ਸਰਬ-ਵਿਆਪਕ ਇੱਛਾ। ਦੋਹਾਂ ਵਿੱਚ ਸਰੂਪ ਜਾਂ ਸ਼ਕਲ ਦਾ ਫਰਕ ਹੈ, ਲੱਛਣ ਦੋਹਾਂ ਦੇ ਇਕੋ ਜਿਹੇ ਹਨ।

ਦੇਖਿਆ ਜਾਵੇ ਤਾਂ ਰੂਸੋ ਦੀ ਸਰਬ-ਵਿਆਪਕ ਇੱਛਾ ਹਾਬਸ ਦੇ ਲੇਵਿਆਥਨ ਨਾਲੋਂ ਵਧੇਰੇ ਨਿਰੰਕੁਸ਼ ਜਾਪਦੀ ਹੈ। ਇਹ ਠੀਕ ਹੈ ਕਿ ਹਾਬਸ ਲੋਕਾਂ ਨੂੰ ਹਾਕਮ ਵਿਰੁੱਧ ਬਗਾਵਤ ਕਰਨ ਦਾ ਹੁਕਮ ਨਹੀਂ ਦੇਂਦਾ ਪਰ ਫੇਰ ਵੀ ਇਹ ਕਹਿੰਦਾ ਹੈ ਕਿ ਜੇ ਹਾਕਮ ਲੋਕਾਂ ਨੂੰ ਜਾਨ ਤੋਂ ਮਾਰਦਾ ਹੈ ਤਾਂ ਉਨ੍ਹਾਂ ਨੂੰ ਹਾਕਮ ਵਿਰੁੱਧ ਵਿਦਰੋਹ ਕਰਨ ਦਾ ਅਧਿਕਾਰ ਹੈ। ਪਰ ਰੂਸੋ ਸਰਬ-ਵਿਆਪਕ ਇੱਛਾ ਵਿਰੁੱਧ ਲੋਕਾਂ ਨੂੰ ਕਿਸੇ ਵੀ ਹਾਲਤ ਵਿਚ ਵਿਦਰੋਹ ਕਰਨ ਦਾ ਅਧਿਕਾਰ ਨਹੀਂ ਦੇਂਦਾ ਕਿਉਂਕਿ ਉਸ ਅਨੁਸਾਰ ਇਹ ਇੱਛਾ ਸਹੀ, ਸੱਚੀ ਤੇ ਕਲਿਆਣਕਾਰੀ ਹੈ।

### 1.6.6 ਸਮਾਜਿਕ ਸਮਝੌਤੇ ਦੇ ਸਿਧਾਂਤ ਦੀ ਆਲੋਚਨਾ (Criticism of the Social Contract Theory)

**1.6.6.1. ਇਹ ਸਿਧਾਂਤ ਭੁਲੇਖੇ ਵਾਲਾ ਹੈ (This Theory is Misleading)** : ਮਨੁੱਖ ਸਦਾ ਤੋਂ ਸਮਾਜ ਵਿਚ ਰਹਿੰਦਾ ਆਇਆ ਹੈ, ਸੋ ਪ੍ਰਾਕ੍ਰਿਤਕ ਅਵਸਥਾ ਦਾ ਚਿਤਰਣ ਭੁਲੇਖੇ ਵਾਲਾ ਹੈ। ਮਨੁੱਖ ਦੇ ਅਧਿਕਾਰ ਜਨਮ ਤੋਂ ਨਿਸ਼ਚਿਤ ਸਨ

ਨਾ ਕਿ ਸਮਝੌਤੇ ਦੁਆਰਾ ਨਿਸ਼ਚਿਤ ਕੀਤੇ ਗਏ ਹਨ। ਰਾਜ ਦੀ ਉਤਪੱਤੀ ਤੋਂ ਪਹਿਲਾਂ ਜਿਹੜੀ ਪ੍ਰਾਕ੍ਰਿਤਕ ਅਵਸਥਾ ਦਾ ਚਿਤਰਣ ਹਾਬਸ, ਲਾਕ ਅਤੇ ਰੂਸੋ ਆਦਿ ਨੇ ਕੀਤਾ ਹੈ ਗਲਤ ਹੈ ਕਿਉਂਕਿ ਮਾਨਵ ਇਤਿਹਾਸ ਵਿਚ ਕੋਈ ਵੀ ਅਜਿਹਾ ਸਮਾਂ ਨਹੀਂ ਆਇਆ ਜਦੋਂ ਸਮਾਜ ਨਾ ਹੋਵੇ ਕਿਉਂਕਿ ਮਨੁੱਖ ਹਮੇਸ਼ਾਂ ਤੋਂ ਸਮਾਜ ਵਿਚ ਰਹਿੰਦਾ ਆਇਆ ਹੈ। ਸਰ ਹੈਨਰੀਮੇਨ ਨੇ ਆਦਿ ਮਨੁੱਖਾਂ ਦੇ ਰੀਤੀ ਰਿਵਾਜਾਂ ਦੀ ਖੋਜ ਕਰਕੇ ਇਹ ਨਿਸ਼ਚਿਤ ਕੀਤਾ ਹੈ ਕਿ ਉਹ ਆਰੰਭ ਕਾਲ ਤੋਂ ਹੀ ਪਰਿਵਾਰਾਂ ਵਿਚ ਰਹਿੰਦੇ ਆਏ ਹਨ। ਉਨ੍ਹਾਂ ਵਿਚ ਸਮਝੌਤੇ ਦਾ ਸਿਧਾਂਤ ਪ੍ਰਚਲਿਤ ਨਹੀਂ ਸੀ। ਉਨ੍ਹਾਂ ਵਿੱਚ ਮਨੁੱਖਾਂ ਦੇ ਅਧਿਕਾਰ ਜਨਮ ਤੋਂ ਹੀ ਨਿਸ਼ਚਿਤ ਹੋਇਆ ਕਰਦੇ ਸਨ ਉਹ ਵੀ ਸਾਰੇ ਪਰਿਵਾਰਾਂ ਵਿਚ ਰਹਿੰਦੇ ਸਨ ਤੇ ਰੀਤੀ ਰਿਵਾਜ਼ਾਂ ਦਾ ਪਾਲਣ ਕਰਦੇ ਸਨ।

1.**6.6.2. ਇਸ ਸਿਧਾਂਤ ਦਾ ਆਧਾਰ ਇਤਿਹਾਸਕ ਨਹੀ (It is unhistorical) :** ਇਤਿਹਾਸ ਵਿਚ ਕੋਈ ਅਜਿਹੀ ਉਦਾਹਰਣ ਨਹੀਂ ਲੱਭਦੀ ਜਦੋਂ ਰਾਜ ਦੀ ਸਥਾਪਨਾ ਰਾਹੀਂ ਕੀਤੀ ਗਈ ਹੋਵੇ। ਬਹੁਤ ਸਾਰੇ ਵਿਚਾਰਕ ਅਮਰੀਕਾ ਵਿੱਚ ਵੱਸਣ ਵਾਲੇ ਅੰਗ੍ਰੇਜ਼ਾਂ ਅਤੇ ਹੋਰ ਯਾਤਰੀਆਂ ਦੀ ਉਦਾਹਰਣ ਦੇਂਦੇ ਹਨ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਰਾਜ ਦਾ ਕਾਫ਼ੀ ਅਨੁਭਵ ਸੀ। ਉਹਨਾਂ ਨੇ ਨਵੇਂ ਦੀ ਸਥਾਪਨਾ ਜ਼ਰੂਰ ਕੀਤੀ ਪਰ ਰਾਜ ਨਾਂ ਦੀ ਸੰਸਥਾ ਤਾਂ ਪਹਿਲਾਂ ਤੋਂ ਹੀ ਮੌਜੂਦ ਸੀ।

1.**6.6.3. ਇਹ ਸਿਧਾਂਤ ਤਰਕਹੀਣ ਹੈ (It is Illogical) :** ਇਹ ਸਿਧਾਂਤ ਦੱਸਦਾ ਹੈ ਕਿ ਪ੍ਰਾਕ੍ਰਿਤਕ ਅਵਸਥਾ ਵਿਚ ਰਹਿਣ ਵਾਲੇ ਮਨੁੱਖਾਂ ਦੇ ਮਨ ਵਿਚ ਅਚਾਨਕ ਵਿਚਾਰ ਉਠਿਆ ਅਤੇ ਉਨ੍ਹਾਂ ਨੇ ਸਮਾਜ ਅਤੇ ਰਾਜ ਦੀ ਰਚਨਾ ਕੀਤੀ। ਇਹ ਵਿਚਾਰ ਦਲੀਲ ਦੇ ਵਿਰੁੱਧ ਹੈ ਕਿਉਂਕਿ ਪ੍ਰਾਕ੍ਰਿਤਕ ਅਵਸਥਾ ਵਿਚ ਰਹਿਣ ਵਾਲੇ ਮਨੁੱਖ ਅਨਪੜ੍ਹ ਹੋਣ ਕਰਕੇ ਸਮਝੌਤੇ ਦੀਆਂ ਬਾਰੀਕੀਆਂ ਨੂੰ ਸਮਝਣ ਵਿਚ ਅਸਮਰਥ ਸਨ। ਸਮਝੌਤਾ ਕੀ ਹੁੰਦਾ ਹੈ, ਇਸ ਬਾਰੇ ਗਿਆਨ ਲੋਕਾਂ ਨੂੰ ਉਦੋਂ ਹੋਇਆ ਜਦੋਂ ਸਭਿਅਤਾ ਕਾਫ਼ੀ ਉਨੱਤੀ ਕਰ ਚੁੱਕੀ ਸੀ।

1.**6.6.4. ਇਹ ਸਿਧਾਂਤ ਬਿਨਾਂ ਸਮਾਜ ਦੇ ਅਧਿਕਾਰਾਂ ਦੀ ਹੋਂਦ ਨੂੰ ਮੰਨਦਾ ਹੈ (It believes that rights are prior to society) :** ਅੰਗ੍ਰੇਜ਼ ਦਾਰਸ਼ਨਿਕ ਗ੍ਰੀਨ ਲਿਖਦਾ ਹੈ ਕਿ ਇਸ ਸਿਧਾਂਤ ਦੀ ਸਭ ਤੋਂ ਵੱਡੀ ਤਰੁੱਟੀ ਇਹ ਨਹੀਂ ਕਿ ਇਹ ਇਤਿਹਾਸਕ ਨਹੀਂ ਸਗੋਂ ਇਹ ਹੈ ਕਿ ਇਸ ਅਧੀਨ ਬਿਨਾਂ ਸਮਾਜ ਦੇ ਅਧਿਕਾਰਾਂ ਦੀ ਹੋਂਦ ਨੂੰ ਮੰਨਿਆ ਗਿਆ ਹੈ। ਇਸ ਲਈ ਗ੍ਰੀਨ ਦੇ ਅਨੁਸਾਰ ਇਹ ਸਿਧਾਂਤ ਝੂਠਾ ਹੈ। ਇਹ ਇਕ ਕੁਦਰਤੀ ਸੱਚਾਈ ਹੈ ਕਿ ਮਨੁੱਖ ਸੁਭਾਅ ਤੋਂ ਹੀ ਸਮਾਜਿਕ ਪ੍ਰਾਣੀ ਹੈ ਅਤੇ ਸਮਾਜ ਦੇ ਮੈਂਬਰ ਹੋਣ ਦੇ ਨਾਤੇ ਉਹ ਆਪਣੇ ਅਧਿਕਾਰ ਸਮਾਜ ਤੋਂ ਹੀ ਲੈਂਦਾ ਹੈ ਅਤੇ ਸਮਾਜ ਹੀ ਉਸਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ।

1.**6.6.5. ਇਹ ਕਾਨੂੰਨ ਦੇ ਵਿਰੁੱਧ ਹੈ (It is against Law) :** ਅਜਿਹੇ ਸਮੇਂ ਵਿੱਚ ਜਦੋਂ ਕਈ ਰਾਜਨੀਤਿਕ ਵਿਵਸਥਾ ਨਹੀਂ ਸੀ, ਕੋਈ ਅਦਾਲਤ ਨਹੀਂ ਸੀ, ਸਮਝੌਤਾ ਸੰਭਵ ਨਹੀਂ ਹੋ ਸਕਦਾ ਸੀ। ਕਿਸੇ ਸਮਝੌਤੇ ਨੂੰ ਲਾਗੂ ਕਰਨ ਲਈ ਕਿਸੇ ਹੋਰ ਸੱਤਾ ਦਾ ਹੋਣਾ ਲਾਜ਼ਮੀ ਹੈ। ਜੇ ਸਮਝੌਤੇ ਤੋਂ ਪਹਿਲਾਂ ਕੋਈ ਸਮਾਜ ਹੀ ਨਹੀਂ ਹੋ ਸਕਦਾ ਸੀ ਤਾਂ ਇਹ ਸਮਝੌਤਾ ਕਿਵੇਂ ਲਾਗੂ ਹੋਵੇਗਾ? ਇਸ ਲਈ ਇਹ ਸਮਝੌਤਾ ਕਾਨੂੰਨੀ ਦ੍ਰਿਸ਼ਟੀ ਤੋਂ ਗਲਤ ਹੈ।

1.**6.6.6. ਹਰ ਸਮਝੌਤਾ ਭਾਈਵਾਲਾਂ ਦੀ ਮੌਤ ਨਾਲ ਖ਼ਤਮ ਹੋ ਜਾਂਦਾ ਹੈ (Each contract ends with the death of original signatories) :** ਜੇ ਅਸੀਂ ਮੰਨ ਲਈਏ ਕਿ ਸਾਡੇ ਵੱਡੇ ਵਡੇਰਿਆਂ ਨੇ ਆਪਸ ਵਿਚ ਸਮਝੌਤਾ ਕਰਕੇ ਰਾਜ ਦੀ ਸਥਾਪਨਾ ਕੀਤੀ ਸੀ ਤਾਂ ਉਨ੍ਹਾਂ ਦੀ ਮੌਤ ਪਿਛੋਂ ਇਹ ਸਮਝੌਤਾ ਖਤਮ ਹੋ ਜਾਣਾ ਚਾਹੀਦਾ ਹੈ। ਜੇ ਕਿਸੇ ਮਨੁੱਖ ਨੇ ਕਿਸੇ ਹੋਰ ਨਾਲ ਕੋਈ ਸਮਝੌਤਾ ਕੀਤਾ ਹੋਵੇ ਤਾਂ ਇਹ ਸਮਝੌਤਾ ਆਪਣੇ ਆਪ ਉਸ ਦੇ ਬੱਚਿਆਂ ਉੱਤੇ ਲਾਗੂ ਨਹੀਂ ਹੋ ਜਾਂਦਾ, ਜਿੰਨੀ ਤੇਕ ਤੱਕ ਉਹ ਖੁਦ ਇਸ ਨੂੰ ਮੰਨਣ ਲਈ ਤਿਆਰ ਨਾ ਹੋਣ। ਇਸ ਤੋਂ ਛੁੱਟ ਹਾਲਾਤ ਦੇ ਬਦਲਣ ਨਾਲ ਸਮਝੌਤੇ ਦੇ ਸਿਧਾਂਤ ਨੂੰ ਵੀ ਮੰਨ ਲਈਏ ਤਾਂ ਅਸੀਂ ਕਿਸੇ ਵੇਲੇ ਵੀ ਸਮਝੌਤੇ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰਕੇ ਰਾਜ ਦੀ ਹੋਂਦ ਖਤਮ ਕਰ ਸਕਦੇ ਹਾਂ।

1.**6.6.7. ਇਹ ਸਿਧਾਂਤ ਦੋਸ਼ਪੂਰਨ ਦਰਸ਼ਨ ਹੈ (It is a bad philosophy) :** ਇਸ ਵਿਚ ਸ਼ੱਕ ਨਹੀਂ ਹੈ ਕਿ ਰਾਜ ਦਾ ਆਧਾਰ ਸ਼ਕਤੀ ਨਹੀਂ, ਮਨੁੱਖ ਦੀ ਇੱਛਾ ਹੈ ਪਰ ਇਸ ਦਾ ਭਾਵ ਇਹ ਨਹੀਂ ਹੈ ਕਿ ਇਹ ਮਨੁੱਖ ਦਾ ਬਣਾਇਆ ਹੋਇਆ ਹੈ। ਜਿਸ ਤਰ੍ਹਾਂ ਕੋਈ ਵਿਅਕਤੀ ਟੱਬਰ ਵਿਚ ਪੈਦਾ ਹੋ ਕੇ ਆਪਣੇ ਆਪ ਉਸ ਦਾ ਮੈਂਬਰ ਬਣ ਜਾਂਦਾ ਹੈ ਇਸੇ ਤਰ੍ਹਾਂ ਮਨੁੱਖ ਆਪਣੇ ਆਪ ਹੀ ਕਿਸੇ ਨਾਲ ਕਿਸੇ ਰਾਜ ਦਾ ਮੈਂਬਰ ਬਣ ਜਾਂਦਾ ਹੈ ਰਾਜ ਦਾ ਮੈਂਬਰ ਹੋਣਾ ਕਿਸੇ ਵਿਅਕਤੀ ਦੀ ਮਰਜ਼ੀ ਉੱਤੇ ਨਿਰਭਰ ਨਹੀਂ, ਨਾ ਹੀ ਮਨੁੱਖ ਅਤੇ ਰਾਜ ਦਾ ਸੰਬੰਧ ਕਿਸੇ ਸਮਝੌਤੇ ਉੱਤੇ ਆਧਾਰਿਤ ਹੈ। ਸਮਝੌਤਾ ਕਿਸੇ ਵੇਲੇ ਵੀ ਟੁੱਟ ਸਕਦਾ ਹੈ ਅਤੇ ਰਾਜ ਦਾ ਅੰਤ ਹੋ ਸਕਦਾ ਹੈ। ਪਰ ਜਿਵੇਂ ਅਸੀਂ ਪੜ੍ਹ ਚੁੱਕੇ ਹਾਂ, ਰਾਜ ਇਕ ਸਦੀਵੀ ਅਤੇ ਕੁਦਰਤੀ ਸੰਸਥਾ ਹੈ। ਇਹ ਕੋਈ ਮੈਂਬਰਸ਼ਿਪ (Membership) ਅਸਥਾਈ ਫਾਇਦੇ ਵਾਲੀ ਨਹੀਂ ਹੈ, ਸਗੋਂ ਇਹ ਤਾਂ ਸਭ ਤੋਂ ਉੱਚੀ ਅਤੇ ਸ੍ਰੇਸ਼ਟ ਹੈ ਜਿਸ ਨਾਲ ਮਨੁੱਖ ਪੂਰਨਤਾ ਪ੍ਰਾਪਤ ਕਰਦਾ ਹੈ।

ਇਹ ਸਿਧਾਂਤ ਵਿਅਕਤੀ ਨੂੰ ਰਾਜ ਵਿਰੁੱਧ ਵਿਦਰੋਹ ਕਰਨ ਦਾ ਅਧਿਕਾਰ ਦੇਂਦਾ ਹੈ। ਪਰ ਸਮਾਜਿਕ ਉਨੱਤੀ ਅਤੇ ਖੁਸ਼ਹਾਲੀ ਲਈ ਜ਼ਰੂਰੀ ਹੈ ਕਿ ਨਾਗਰਿਕਾਂ ਵਿੱਚ ਰਾਜ ਪ੍ਰਤੀ ਆਦਰ ਅਤੇ ਭਗਤੀ ਦੀ ਭਾਵਨਾ ਹੋਵੇ।

1.**6.7 ਸਮਾਜਿਕ ਸਮਝੌਤਾ ਸਿਧਾਂਤ ਦੀ ਮਹੱਤਤਾ (Significance of the social contract theory of the origin of State) :** ਰਾਜ ਦੀ ਉਤਪੱਤੀ ਦੀ ਵਿਆਖਿਆ ਵਜੋਂ ਤਾਂ ਭਾਵੇਂ ਇਸ ਸਿਧਾਂਤ ਦੀ ਅੱਜ ਕੋਈ ਮਾਨਤਾ ਨਹੀਂ ਹੈ ਫਿਰ ਵੀ ਇਸ ਸਿਧਾਂਤ ਨੇ ਸੱਚਾਈ ਦੇ ਕੁੱਝ ਮਹੱਤਵਪੂਰਨ ਅੰਸ਼ ਸਾਹਮਣੇ ਲਿਆਂਦੇ ਹਨ, ਇਸ ਸਿਧਾਂਤ ਨੇ ਇਹ ਮੁੱਢਲੀ ਰਾਜਨੀਤਿਕ ਸੱਚਾਈ ਨਿਰਧਾਰਿਤ ਕੀਤੀ ਕਿ ਕਾਨੂੰਨ ਲੋਕਾਂ ਦੀ ਇੱਛਾ ਅਨੁਸਾਰ ਹੋਣਾ ਚਾਹੀਦਾ ਹੈ ਅਤੇ ਇਹ ਵੀ ਕਿ ਸ਼ਾਸਕ ਨਿਰੰਕੁਸ਼ਤਾ ਦਾ ਕੋਈ ਅਧਿਕਾਰ ਨਹੀਂ ਰੱਖਦਾ। ਰਾਜ ਸਮਝੌਤੇ ਰਾਹੀਂ ਹੋਂਦ ਵਿੱਚ ਆਇਆ ਹੈ ਜਾਂ ਨਹੀਂ, ਇਸ ਤੱਥ ਬਾਰੇ ਤਾਂ ਲੋਕਾਂ ਨੇ ਬਹੁਤੀ ਪਰਵਾਹ ਨਹੀਂ ਕੀਤੀ ਪਰ ਇਸ ਵਿਚਾਰ ਨੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਕਿ ਸ਼ਕਤੀ ਦਾ ਅੰਤਿਮ ਸਰੋਤ ਲੋਕ ਹਨ ਅਤੇ ਰਾਜ ਜਨਤਕ ਇੱਛਾ ਪ੍ਰਗਟਾਵਾ ਹੈ। ਰੂਸੋ ਨੇ ਦੱਸਿਆ ਕਿ ਲੋਕ ਹੀ ਪ੍ਰਭੂਸੱਤਾਧਾਰੀ ਹਨ ਅਤੇ ਉਹ ਹੀ ਸ਼ਾਸਕਾਂ ਨੂੰ ਬਣਾਉਂਦੇ ਹਨ। ਰੂਸੋ ਦੇ ਇਸ ਸਿਧਾਂਤ ਨੇ ਮਾਨਸਿਕ ਇਨਕਲਾਬ ਲੈ ਆਂਦਾ ਜੋ ਫਰਾਂਸ ਦੀ ਕ੍ਰਾਂਤੀ ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਜਿਸ ਨੇ ਫਰਾਂਸ ਵਿਚ ਜਾਲਮ ਰਾਜਤੰਤਰ ਦਾ ਖਾਤਮਾ ਕਰ ਦਿੱਤਾ।

ਲੋਕਾਂ ਦੀ ਸਹਿਮਤੀ ਹੀ ਰਾਜਨੀਤਿਕ ਸੱਤਾ ਦੀ ਸਰੋਤ ਹੁੰਦੀ ਹੈ, ਦੇ ਵਿਚਾਰ ਨੇ ਅਮਰੀਕਨਾਂ ਦੇ ਮਨ ਨੂੰ ਬੜਾ ਪ੍ਰਭਾਵਿਤ ਕੀਤਾ। ਇਸ ਵਿਚਾਰ ਨੇ ਅਮਰੀਕਾ ਦੀ ਆਜ਼ਾਦੀ ਦੇ ਘੋਲ ਨੂੰ ਵੀ ਉਤਸ਼ਾਹਿਤ ਕੀਤਾ। ਅਮਰੀਕਾ ਦੀ ਆਜ਼ਾਦੀ ਦੇ ਘੋਸ਼ਣਾ ਪੱਤਰ ਦੀ ਪ੍ਰਸਤਾਵਨਾ ਸਮਝੌਤਾ ਅਤੇ ਜਨਤਕ ਇੱਛਾ ਦੇ ਸਿਧਾਂਤਾਂ ਦੀ ਪ੍ਰੋੜਤਾ ਕਰਦੀ ਹੈ।

## ਸਵੈ-ਅਭਿਆਸ ਲਈ ਪ੍ਰਸ਼ਨ – 5

ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਰੂਸੋ ਤੇ ਲਾਕ ਅਤੇ ਹਾਬਸ ਤੇ ਰੂਸੋ ਵਿੱਚ ਸਮਾਨਤਾਵਾਂ ਅਤੇ ਅਸਮਾਨਤਾਵਾਂ ਦਾ ਵਰਨਣ ਕਰੋ।
2. ਰੂਸੋ ਆਪਣੇ ਸਿਧਾਤ ਦਾ ਆਰੰਭ ਲਾਕ ਵਾਂਗ ਕਰਦਾ ਹੈ ਅਤੇ ਅੰਤ ਹਾਬਸ ਵਾਂਗ – ਇਸ ਕਥਨ ਦੀ ਤਿੰਨ ਚਾਰ ਲਾਈਨਾਂ ਵਿੱਚ ਵਿਆਖਿਆ ਕਰੋ।
3. ਸਮਝੌਤਾ ਸਿਧਾਂਤ ਦੀ ਆਲੋਚਨਾ ਦੇ ਚਾਰ ਨੁਕਤੇ ਲਿਖੋ।
4. ਸਿਧਾਂਤ ਦੀ ਮਹੱਤਤਾ ਦੱਸੋ।

1.**6.8 ਸਾਰੰਸ਼ (Conclusion) :** ਇਸ ਪਾਠ ਵਿਚ ਅਸੀਂ ਰਾਜ ਦੀ ਉਤਪੱਤੀ ਸਬੰਧੀ ਸਮਾਜਿਕ ਸਮਝੋਤੇ ਦੇ ਸਿਧਾਂਤ ਦੀ ਜਾਣਕਾਰੀ ਪ੍ਰਾਪਤ ਕੀਤੀ ਹੈ। ਸਮਝੌਤਾ ਸਿਧਾਂਤ ਦੇ ਸਮਰਥਕਾਂ ਦਾ ਵਿਚਾਰ ਹੈ ਕਿ ਰਾਜ ਦੀ ਉਤਪੱਤੀ ਸੁਭਾਵਿਕ ਤੌਰ ਤੇ ਨਹੀਂ ਹੋਈ, ਸਗੋਂ ਪ੍ਰਾਕ੍ਰਿਤਕ ਅਵਸਥਾ ਵਿਚ ਰਹਿਣ ਵਾਲੇ ਮਨੁੱਖਾਂ ਨੇ ਸਮਝੌਤੇ ਰਾਹੀਂ ਹੀ ਇਸ ਦੀ ਸਥਾਪਨਾ ਕੀਤੀ। ਇਸ ਸਮਝੋਤੇ ਦੁਆਰਾ ਹੀ ਪ੍ਰਾਕ੍ਰਿਤਕ ਅਵਸਥਾ ਦਾ ਅੰਤ ਹੋਇਆ ਅਤੇ ਇਸ ਦੁਆਰਾ ਹੀ ਰਾਜ ਦੀ ਸਥਾਪਨਾ, ਸਰਕਾਰ ਦੇ ਰੂਪ ਅਤੇ ਸ਼ਾਸਕ ਦੇ ਰੂਪ ਤੇ ਪ੍ਰਜਾ ਵਿਚਲੇ ਸੰਬੰਧਾਂ ਨੂੰ ਨਿਸ਼ਚਿਤ ਕੀਤਾ ਗਿਆ। ਇਸ ਸਿਧਾਂਤ ਦੇ ਮੁੱਖ ਸਮਰਥਕ ਹਾਬਸ, ਲਾਕ ਅਤੇ ਰੂਸੋ ਹਨ। ਇਹ ਤਿੰਨੇ ਇਸ ਗੱਲ ਨਾਲ ਸਹਿਮਤ ਹਨ ਕਿ ਆਦਿ ਯੁੱਗ ਵਿੱਚ ਮਨੁੱਖ ਪ੍ਰਾਕ੍ਰਿਤਕ ਅਵਸਥਾ ਵਿਚ ਰਹਿੰਦੇ ਸਨ ਅਤੇ ਬਾਅਦ ਵਿਚ ਉਹਨਾਂ ਨੂੰ ਕਿਸੇ ਨਾ ਕਿਸੇ ਕਾਰਨ ਪ੍ਰਾਕ੍ਰਿਤਕ ਅਵਸਥਾ ਤਿਆਗ ਕੇ ਸਮਝੋਤੇ ਦੁਆਰਾ ਰਾਜ ਦੀ ਸਥਾਪਨਾ ਕਰਨੀ ਪਈ। ਪ੍ਰਾਕ੍ਰਿਤਕ ਅਵਸਥਾ ਕਿਹੋ ਜਿਹੀ ਸੀ? ਅਤੇ ਸਮਝੌਤੇ ਦੁਆਰਾ ਕਿਹੋ ਜਿਹੇ ਰਾਜ ਤੇ ਸਰਕਾਰ ਦੀ ਸਥਾਪਨਾ ਕੀਤੀ ਗਈ?

ਇਸ ਬਾਰੇ ਇਨ੍ਹਾਂ ਤਿੰਨਾਂ ਵਿੱਚ ਮਤਭੇਦ ਹੈ। ਅਸਲ ਵਿਚ ਇਹ ਤਿੰਨੇ ਹੀ ਵੱਖ-ਵੱਖ ਪ੍ਰਕਾਰ ਦੀਆਂ ਸ਼ਾਸਨ ਪ੍ਰਣਾਲੀਆਂ ਦੇ ਸਮਰਥਕ ਸਨ ਅਤੇ ਆਪਣੇ ਵਿਚਾਰਾਂ ਨੂੰ ਉਹਨਾਂ ਨੇ ਦਲੀਲਾਂ ਦੀ ਸਹਾਇਤਾ ਨਾਲ ਠੀਕ ਸਿੱਧ ਕਰਨ ਦਾ ਯਤਨ ਕੀਤਾ। ਸਮਝੌਤੇ ਦੁਆਰਾ ਹਾਬਸ ਨੇ ਨਿਰੰਕੁਸ਼ ਰਾਜਤੰਤਰ, ਲਾਕ ਨੇ ਸੀਮਿਤ ਰਾਜਤੰਤਰ ਅਤੇ ਰੂਸੋ ਨੇ ਜਨਤਾ ਦੀ ਪ੍ਰਭੂਸੱਤਾ ਅਤੇ ਲੋਕਤੰਤਰ ਦੀ ਪ੍ਰੋੜ੍ਹਤਾ ਕੀਤੀ ਹੈ। ਤਰਕਹੀਣ ਅਤੇ ਇਤਿਹਾਸਿਕ ਸੱਚਾਈ ਨਾ ਹੋਣ ਕਰਕੇ ਭਾਵੇਂ ਹੁਣ ਇਸ ਸਿਧਾਂਤ ਨੂੰ ਮਾਨਤਾ ਨਹੀਂ ਦਿੱਤੀ ਗਈ, ਪਰ ਫਿਰ ਵੀ ਇਸ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸੇ ਸਿਧਾਂਤ ਨੇ ਸਭ ਤੋਂ ਪਹਿਲਾਂ ਇਹ ਦੱਸਿਆ ਹੈ ਕਿ ਕਾਨੂੰਨ ਲੋਕਾਂ ਦੀ ਇੱਛਾ ਅਨੁਸਾਰ ਹੋਣਾ ਚਾਹੀਦਾ ਹੈ ਅਤੇ ਇਸ ਕਰਕੇ ਹੀ ਇਸ ਸਿਧਾਂਤ ਦੀ ਮਹੱਤਤਾ ਹੈ।

## 1.6.9 ਪਾਠ ਵਿਚ ਵਰਤੇ ਗਏ ਕੁਝ ਮੁੱਖ ਸ਼ਬਦ

**ਕਾਲਪਨਿਕ ਸਿਧਾਂਤ** : ਉਹ ਸਿਧਾਂਤ ਜਿਹੜੇ ਕਲਪਨਾ ਦਾ ਸਹਾਰਾ ਲੈ ਕੇ ਇਹ ਦੱਸਣ ਦਾ ਯਤਨ ਕਰਦੇ ਹਨ ਕਿ ਰਾਜ ਕਿਵੇਂ ਹੋਂਦ ਵਿਚ ਆਇਆ।

**ਇਤਿਹਾਸਿਕ ਸਿਧਾਂਤ** : ਉਹ ਸਿਧਾਂਤ ਜੋ ਇਤਿਹਾਸ ਨੂੰ ਆਧਾਰ ਬਣਾ ਕੇ ਰਾਜ ਦੀ ਉਤਪੱਤੀ ਬਾਰੇ ਦੱਸਣ ਦਾ ਯਤਨ ਕਰਦੇ ਹਨ।

**ਸਮਝੌਤਾ ਸਿਧਾਤ** : ਸਮਝੌਤਾ ਵਾਦੀਆਂ ਅਨੁਸਾਰ ਇਕ ਅਜਿਹਾ ਸਮਾਂ ਵੀ ਸੀ ਜਦੋਂ ਰਾਜ ਨਾਂ ਦੀ ਸੰਸਥਾ ਨਹੀਂ ਇਸ ਅਵਸਥਾ ਨੂੰ ਪ੍ਰਾਕ੍ਰਿਤਕ ਅਵਸਥਾ ਕਹਿੰਦੇ ਹਨ। ਕੁਦਰਤੀ ਅਵਸਥਾ ਦੇ ਲੋਕਾਂ ਨੇ ਆਪਸ ਵਿਚ ਇਕ ਸਮਝੌਤਾ ਕੀਤਾ ਜੋ ਬਾਅਦ ਵਿਚ ਸਮਝੌਤਾ ਸਿਧਾਤ ਕਹਿਲਾਇਆ।

**ਲੇਵੀਆਥਨ** : ਹਾਬਸ ਦੀ ਪੁਸਤਕ ਦਾ ਨਾਂ ਹੈ - ਇਸ ਸ਼ਬਦ ਦਾ ਅਰਥ ਹੈ ਇਕ ਬਹੁਤ ਵੱਡਾ ਮਾਨਵ।

**ਨਿਰੰਕੁਸ਼** : ਜਿਸ ਦੀ ਸ਼ਕਤੀ ਉੱਤੇ ਕੋਈ ਅੰਕੁਸ਼ ਜਾਂ ਕੰਟਰੋਲ ਨਾ ਹੋਵੇ।

**ਅਸੀਮ** : ਜਿਸ ਦੀ ਸ਼ਕਤੀ ਉੱਤੇ ਕੋਈ ਸੀਮਾ ਨਿਰਧਾਰਿਤ ਕੀਤੀ ਜਾਵੇ।

**ਵਿਧਾਨਿਕ ਰਾਜਤੰਤਰ** : ਅਜਿਹਾ ਰਾਜਤੰਤਰ ਜਿਸ ਵਿਚ ਰਾਜੇ ਦੀਆਂ ਸ਼ਕਤੀਆਂ ਅਸੀਮ ਤੇ ਨਿਰੰਕੁਸ਼ ਨਾ ਹੋਣ।

**ਸਭਯ ਸਮਾਜ** : ਲਾਕ ਦੇ ਅਨੁਸਾਰ ਪਹਿਲੇ ਸਮਝੌਤੇ ਦੁਆਰਾ ਹੋਂਦ ਵਿਚ ਆਇਆ ਸਮਾਜ ਜਿਸ ਵਿੱਚ ਕੁਦਰਤੀ ਅਵਸਥਾ ਦਾ ਅੰਤ ਕਰਕੇ ਲੋਕਾਂ ਨੇ ਸਮਾਜ ਦੇ ਨਿਯਮਾਂ ਅਧੀਨ ਰਹਿਣ ਦਾ ਫੈਸਲਾ ਕੀਤਾ।

**ਅਸਲੀ ਇੱਛਾ** : ਸੁਆਰਥੀ ਇੱਛਾ।

**ਆਦਰਸ਼ਕ ਇੱਛਾ** : ਉਹ ਇੱਛਾ ਜੋ ਵਿਅਕਤੀ ਸਮਾਜ ਦੇ ਹਿੱਤ ਨੂੰ ਸਾਹਮਣੇ ਰੱਖਕੇ ਕਰਦਾ ਹ।

## 1.6.10 ਕੁੱਝ ਸੁਝਾਈਆਂ ਪੁਸਤਕਾਂ (Suggested Readings)


* A.C. Kapoor - Principles of Political Science
* ਐਸ. ਐਸ. ਨੰਦਾ Political Theory (ਪੰਜਾਬੀ ਮੀਡੀਅਮ) 2003
* J.S. Badyal - Political Theory (Punjabi Medium)
* N.D. Arora- State
* www.wikipedia.org
* http:jccc-ugcinfonet.in


## 1.6.11 ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ :

ਸਵੈ-ਅਭਿਆਸ - 1

ੳ) 1. ਕਾਲਪਨਿਕ 2. ਇਤਿਹਾਸਿਕ

ਅ) ਰਾਜ ਦੀ ਹੋਂਦ ਦਾ ਮੰਤਵ ਕੀ ਹੈ?

ੲ) ਰਾਜ ਕਿਵੇਂ ਹੋਂਦ ਵਿੱਚ ਆਇਆ ਹੈ?

**ਸਵੈ-ਅਭਿਆਸ-2**

ੳ) ਪ੍ਰਾਕ੍ਰਿਤਕ ਅਵਸਥਾ ਉਹ ਅਵਸਥਾ ਸੀ ਜਦੋਂ ਰਾਜ ਤੇ ਰਾਜਨੀਤਿਕ ਕਾਨੂੰਨ ਹੋਂਦ ਵਿੱਚ ਨਹੀਂ ਸੀ।

ਅ) ਹਾਬਸ, ਲਾਕ ਅਤੇ ਰੂਸੋ।

ੲ) ਹਾਬਸ ਨੇ ਆਪਣੇ ਸਿਧਾਂਤ ਦੁਆਰਾ ਨਿਰੰਕੁਸ਼ ਰਾਜਤੰਤਰ ਦਾ ਸਮਰਥਨ ਕੀਤਾ ਹੈ।

**ਸਵੈ-ਅਭਿਆਸ-3**

ੳ) ਜਾਹਨ ਲਾਕ ਨੇ ਸਮਝੌਤਾ ਸਿਧਾਂਤਾਂ ਦੀ ਵਰਤੋਂ ਸੀਮਿਤ ਰਾਜਤੰਤਰ ਦੀ ਪ੍ਰੋੜ੍ਹਤਾ ਕਰਨ ਲਈ ਕੀਤੀ।

ਅ) ਪਹਿਲੇ ਸਮਝੌਤੇ ਦੁਆਰਾ ਸਭਯ ਸਮਾਜ ਤੇ ਦੂਜੇ ਦੁਆਰਾ ਰਾਜ ਦੀ ਸਥਾਪਨਾ ਹੋਈ।

ੲ) ਲਾਕ ਅਨੁਸਾਰ ਹਾਕਮ ਜਨਤਾ ਦੇ ਏਜੰਟ ਵਜੋਂ ਕਾਰਜ ਕਰਦਾ ਹੈ।

**ਸਵੈ-ਅਭਿਆਸ-4**

ੳ) ਰੂਸੋ ਨੇ ਆਪਣੇ ਸਮਝੌਤਾ ਸਿਧਾਂਤ ਦੀ ਵਰਤੋਂ ਲੋਕਤੰਤਰੀ ਸ਼ਾਸਨ ਪ੍ਰਣਾਲੀ ਦਾ ਸਮਰਥਨ ਕਰਨ ਲਈ ਕੀਤੀ।

ਅ) ਸਰਬ-ਵਿਆਪਕ ਇੱਛਾ ਦੀਆਂ ਆਦਰਸ਼ਕ ਇੱਛਾਵਾਂ ਦਾ ਸਮੂਹ।

ੲ) ਰੂਸੋ ਅਨੁਸਾਰ ਮਨੁੱਖ ਦੀਆਂ ਦੋ ਇੱਛਾਵਾਂ ਹੁੰਦੀਆਂ ਹਨ ਭਾਵ ਅਸਲੀ ਇੱਛਾ ਤੇ ਆਦਰਸ਼ਕ ਇੱਛਾ।

**ਸਵੈ-ਅਭਿਆਸ -5**

(ੳ) ਰੂਸੋ ਤੇ ਲਾਕ ਦੇ ਪ੍ਰਾਕ੍ਰਿਤਕ ਅਵਸਥਾ ਬਾਰੇ ਵਿਚਾਰ ਮਿਲਦੇ ਜੁਲਦੇ ਹਨ : ਦੋਵੇਂ ਮੰਨਦੇ ਹਨ ਕਿ ਕੁਦਰਤੀ ਅਵਸਥਾ ਵਿਚ ਮਨੁੱਖੀ ਕੁਦਰਤੀ ਨਿਯਮਾਂ ਅਨੁਸਾਰ ਸੁੱਖ ਸ਼ਾਂਤੀ ਦਾ ਜੀਵਨ ਬਿਤਾ ਰਿਹਾ ਸੀ, ਪਰ ਕੁਝ ਕਾਰਨਾਂ ਕਰਕੇ ਇਹ ਅਵਸਥਾ ਸਦਾ ਨਾ ਰਹਿ ਸਕੀ ਤੇ ਮਨੁੱਖ ਨੂੰ ਸਮਝੌਤੇ ਦੁਆਰਾ ਰਾਜ ਦੀ ਸਥਾਪਨਾ ਕਰਨੀ ਪਈ ਪਰ ਲਾਕ ਅਨੁਸਾਰ ਦੋ ਸਮਝੌਤੇ ਹੋਏ ਪਹਿਲੇ ਦੁਆਰਾ ਅਤੇ ਦੂਜੇ ਦੁਆਰਾ ਰਾਜ ਦੀ ਸਮਾਜ ਦੀ ਸਥਾਪਨਾ ਹੋਈ ਜਦ ਕਿ ਰੂਸੋ ਅਨੁਸਾਰ ਇਕ ਸਮਝੌਤਾ ਹੋਇਆ ਜੋ ਰਾਜਨੀਤਿਕ ਵੀ ਸੀ ਤੇ ਸਮਾਜਿਕ ਵੀ ਲਾਕ ਦੇ ਸੀਮਿਤ ਰਾਜਤੰਤਰ ਦਾ ਸਮਰਥਨ ਕੀਤਾ ਹੈ ਤੇ ਰੂਸੋ ਨੇ ਲੋਕਤੰਤਰ ਦਾ।

ਰੂਸੋ ਤੇ ਹਾਬਸ ਦੇ ਪ੍ਰਾਕ੍ਰਿਤਕ ਅਵਸਥਾ ਬਾਰੇ ਵਿਚਾਰ ਭਿੰਨ ਭਿੰਨ ਹਨ – ਰੂਸੋ ਅਨੁਸਾਰ ਇਹ ਸੁਖਸ਼ਾਂਤੀ ਦੀ ਐਸੀ ਅਵਸਥਾ ਸੀ ਜੋ ਕੁਝ ਕਾਰਨਾਂ ਕਰਕੇ ਸਦਾ ਨਾ ਰਹਿ ਸਕੀ ਜਦ ਕਿ ਹਾਬਸ ਅਨੁਸਾਰ ਪ੍ਰਾਕ੍ਰਿਤਕ ਅਵਸਥਾ ਇਕ ਐਸੀ ਦਸ਼ਾ ਸੀ ਜਿਸ ਵਿਚ ਹਮੇਸ਼ਾਂ ਭੈ ਹਿੰਸਾ ਤੇ ਮੌਤ ਦਾ ਖਤਰਾ ਸੀ ਅਤੇ ਮਨੁੱਖੀ ਜੀਵਨ ਇਕਾਂਤ, ਨਿਰਧਨ, ਵਹਿਸ਼ੀ ਤੇ ਥੋੜ ਚਿਰਾ ਸੀ ਪਰ ਇਹਨਾਂ ਦੋਹਾਂ ਦੁਆਰਾ ਜਿਸ ਸ਼ਾਸਨ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ ਹੈ ਉਹ ਭਿੰਨ-ਭਿੰਨ ਹੁੰਦੇ ਹੋਏ ਵੀ ਕੁਝ ਪੱਖਾਂ ਤੋਂ ਸਮਾਨ ਸੀ। ਹਾਬਸ ਸਮਝੌਤੇ ਦੇ ਫਲਸਰੂਪ ਸਾਰੇ ਅਧਿਕਾਰ ਇਕ ਅਜਿਹੇ ਰਾਜ ਨੂੰ ਬਿਨਾਂ ਕਿਸੇ ਸ਼ਰਤ ਦੇ ਸੌਂਪਦਾ ਹੈ ਜੋ ਨਿਰੰਕੁਸ਼ ਤੇ ਅਸੀਮ ਸ਼ਕਤੀਆਂ ਦਾ ਮਾਲਕ ਤੇ ਪ੍ਰਭੂਤਾਸ਼ਾਲੀ ਹੈ ਜਦ ਕਿ ਰੂਸੋ ਵੀ ਬਿਨਾਂ ਸ਼ਰਤ ਦੇ ਹੀ ਸਾਰੇ ਅਧਿਕਾਰ ਅਜਿਹੇ ਸਮਾਜ ਨੂੰ ਸੌਂਪਦਾ ਹੈ ਜੋ ਪ੍ਰਭੂਸਤਾ ਨੂੰ ਅਸੀਮ, ਪੂਰਨ ਤੇ ਅਖੰਡ ਮੰਨਦੇ ਹਨ ਫ਼ਰਕ ਸਿਰਫ ਏਨਾ ਹੈ ਕਿ ਜਿਥੇ ਹਾਬਸ ਵਿਅਕਤੀ ਨੂੰ ਰਾਜੇ ਦਾ ਗੁਲਾਮ ਬਣਾ ਦਿੰਦਾ ਹੈ ਉਥੇ ਰੂਸੋ ਉਸ ਨੂੰ ਸਰਬ-ਵਿਆਪਕ ਇੱਛਾ ਦੇ ਅਧੀਨ ਕਰ ਦਿੰਦਾ ਹੈ।

(ਅ) ਰੂਸੋ ਜਿਵੇਂ ਅਸੀਂ ਉਪਰ ਵੀ ਦੱਸਿਆ ਹੈ ਰੂਸੋ ਤੇ ਲਾਕ ਨੇ ਪ੍ਰਾਕ੍ਰਿਤਕ ਅਵਸਥਾ ਦਾ ਚਿਤਰਣ ਲਗਭਗ ਸਮਾਨ ਢੰਗ ਨਾਲ ਕੀਤਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਰੂਸੋ ਆਪਣੇ ਸਿਧਾਤ ਦਾ ਆਰੰਭ ਲਾਕ ਵਾਂਗ ਕਰਦਾ ਹੈ ਪਰ ਕਿਉਂਕਿ ਹਾਬਸ ਵਾਂਗ ਉਹ ਪ੍ਰਭੁੱਸਤਾ ਨੂੰ ਅਸੀਮ, ਪੂਰਨ ਅਤੇ ਅਖੰਡ ਮੰਨਦਾ ਹੈ ਤੇ ਉਸ ਵਾਂਗ (ਹਾਬਸ) ਹੀ ਵਿਅਕਤੀ ਨੂੰ ਪ੍ਰਭੂਸੱਤਾ ਦੇ ਇਕਦਮ ਅਧੀਨ ਕਰ ਦਿੰਦਾ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਉਹ ਆਪਣੇ ਸਿਧਾਂਤ ਦਾ ਅੰਤ ਹਾਬਸ ਵਾਂਗ ਕਰਦਾ ਹੈ।

(ੲ) ਇਹ ਸਿਧਾਤ ਇਤਿਹਾਸਕ ਤੱਥਾਂ ਤੇ ਆਧਾਰਿਤ ਨਹੀਂ ਹੈ।

ਇਹ ਸਿਧਾਂਤ ਤਰਕਹੀਨ ਹੈ।

ਬਿਨਾਂ ਸਮਾਜ ਦੇ ਅਧਿਕਾਰਾਂ ਦੀ ਹੋਂਦ ਨੂੰ ਮੰਨਣ ਕਰਕੇ ਇਹ ਸਿਧਾਂਤ ਝੂਠਾ ਹੈ।

ਇਹ ਸਿਧਾਂਤ ਕਾਨੂੰਨ ਦੇ ਵਿਰੁੱਧ ਹੈ ਕਿਉਂਕਿ ਸਮਝੌਤਾ ਵਿਵਸਥਾ ਅਧੀਨ ਹੀ ਸੰਭਵ ਹੈ। (ਤੁਸੀਂ ਅਲੋਚਨਾ ਦੇ ਕੋਈ ਹੋਰ ਨੁਕਤੇ ਵੀ ਲਿਖ ਸਕਦੇ ਹੋ)

(ਸ) ਸਭ ਤੋਂ ਪਹਿਲਾਂ ਇਸ ਸਿਧਾਂਤ ਦੇ ਸਮਰਥਕਾਂ ਨੇ ਇਸ ਤੱਥ ਤੇ ਜ਼ੋਰ ਦਿੱਤਾ ਕਿ 'ਕਾਨੂੰਨ ਲੋਕਾਂ ਦੀ ਇੱਛਾ ਅਨੁਸਾਰ ਹੋਣਾ ਚਾਹੀਦਾ ਹੈ ਇਸੇ ਕਰਕੇ ਇਸ ਸਿਧਾਂਤ ਦੀ ਮਹੱਤਤਾ ਹੈ।

**ਪਾਠ ਨੰ. : 1.7** **ਡਾ.: ਰਵਿੰਦਰ ਕੌਰ**

# ਰਾਜ ਦੀ ਉਤਪੱਤੀ ਦਾ ਵਿਕਾਸਵਾਦੀ ਸਿਧਾਂਤ
# (Evolutionary Theory of the Origin of the State)

## ਪਾਠ ਦੀ ਰੂਪ-ਰੇਖਾ

1.7.1. ਪਾਠ ਦਾ ਉਦੇਸ਼

1.7.2. ਭੂਮਿਕਾ

1.7.3. ਵਿਕਾਸਵਾਦੀ ਸਿਧਾਤ ਅਨੁਸਾਰ ਰਾਜ ਦੀ ਉਤਪਤੀ ਦੇ ਕਾਰਨ

1.7.4. ਸਾਰੰਸ਼

1.7.5. ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨ ਤੇ ਉਹਨਾਂ ਦੇ ਉੱਤਰ

1.7.6. ਸੁਝਾਈਆਂ ਪੁਸਤਕਾਂ

### 1.7.1 ਪਾਠ ਦੇ ਉਦੇਸ਼ (Objectives of the Lesson) :

ਇਸ ਪਾਠ ਦਾ ਉਦੇਸ਼ ਰਾਜ ਦੀ ਉਤਪੱਤੀ ਨਾਲ ਸੰਬੰਧਿਤ ਦੋ ਇਤਿਹਾਸਿਕ ਸਿਧਾਂਤਾਂ ਭਾਵ ਇਤਿਹਾਸਿਕ ਜਾਂ ਵਿਕਾਸਵਾਦੀ ਸਿਧਾਂਤ ਬਾਰੇ ਚਰਚਾ ਕਰਨਾ ਹੈ। ਇਸ ਪਾਠ ਨੂੰ ਚੰਗੀ ਤਰ੍ਹਾਂ ਪੜ੍ਹਨ ਤੇ ਸਵੈ-ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਨੂੰ ਹੱਲ ਕਰਨ ਤੋਂ ਬਾਅਦ ਤੁਹਾਨੂੰ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਇਤਿਹਾਸ ਜਾਂ ਵਿਕਾਸਵਾਦੀ ਸਿਧਾਂਤ ਤੋਂ ਕੀ ਭਾਵ ਹੈ ਤੇ ਇਹ ਕਾਲਪਨਿਕ ਸਿਧਾਂਤਾਂ ਤੋਂ ਕਿਵੇਂ ਤੇ ਕਿਉਂ ਵੱਖ ਹੈ?

ਇਸ ਸਿਧਾਂਤ ਅਨੁਸਾਰ ਰਾਜ ਦੀ ਉਤਪੱਤੀ ਤੇ ਵਿਕਾਸ ਵਿਚ ਕਿੰਨ੍ਹਾਂ-ਕਿੰਨ੍ਹਾਂ ਤੱਤਾਂ ਦਾ ਯੋਗਦਾਨ ਪਾਇਆ?

ਇਸਨੂੰ ਰਾਜ ਦੀ ਉਤਪਤੀ ਦਾ ਸੱਚਾ ਤੇ ਤੱਥਾਂ ਤੇ ਆਧਾਰਿਤ ਸਿਧਾਂਤ ਕਿਉਂ ਮੰਨਿਆ ਜਾਂਦਾ ਹੈ?

### 1.7.2 ਭੂਮਿਕਾ (Introduction)

17ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਤੱਕ ਉਦਾਰਵਾਦੀਆਂ ਨੇ ਰਾਜ ਦੀ ਉਤਪੱਤੀ ਦੇ ਸਮਾਜਿਕ ਸਮਝੌਤੇ ਦੇ ਸਿਧਾਂਤ ਦਾ ਸਮਰਥਨ ਕੀਤਾ ਪਰ 19ਵੀਂ ਸਦੀ ਵਿਚ ਜਦੋਂ ਮਾਰਕਸਵਾਦੀਆਂ ਨੇ ਜੋ ਕਿ ਰਾਜ ਦੀ ਉਤਪੱਤੀ ਤੇ ਵਿਕਾਸ ਦਾ ਇਤਿਹਾਸਕ ਢੰਗ ਨਾਲ ਅਧਿਐਨ ਕਰਨ ਦੇ ਸਮਰਥਕ ਸਨ, ਸਮਝੌਤਾ ਸਿਧਾਂਤ ਦਾ ਇਸ ਆਧਾਰ ਤੇ ਖੰਡਨ ਕੀਤਾ ਕਿ ਇਹ ਇਤਿਹਾਸਕ ਸੱਚਾਈ ਨਹੀਂ ਤਾਂ ਉਦਾਰਵਾਦੀ ਵੀ ਰਾਜ ਦੇ ਉਤਪੱਤੀ ਦੇ ਪ੍ਰਸ਼ਨ ਤੇ ਦੁਬਾਰਾ ਵਿਚਾਰ ਕਰਨ ਤੇ ਮਜ਼ਬੂਰ ਹੋ ਗਏ। ਬਹੁਤ ਸਾਰੇ ਉਦਾਰਵਾਦੀ ਵੀ ਸਮਝੌਤਾ ਸਿਧਾਂਤ ਨੂੰ ਰਾਜ ਦੀ ਉਤਪੱਤੀ ਦਾ ਸਹੀ ਉੱਤਰ ਨਹੀਂ ਸਨ ਮੰਨਦੇ। ਸੋ 20ਵੀਂ ਸਦੀ ਦੇ ਵਿਚ ਉਦਾਰਵਾਦ ਦੇ ਸਮਰਥਕਾਂ ਨੇ ਰਾਜ ਦੀ ਉਤਪੱਤੀ ਦਾ ਅਧਿਐਨ ਕਰਨ ਦਾ ਇਤਿਹਾਸਕ ਢੰਗ ਅਪਣਾਉਂਦੇ ਹੋਏ ਇਹ ਸਿੱਟਾਂ ਕੱਢਿਆ ਕਿ ਰਾਜ, ਵਿਕਾਸ ਦੁਆਰਾ ਹੋਂਦ ਵਿਚ ਆਈ ਹੋਈ ਸੰਸਥਾ ਹੈ। ਇਸ ਕਾਰਨ ਹੀ ਇਤਿਹਾਸਕ ਸਿਧਾਤ ਨੂੰ ਵਿਕਾਸਵਾਦੀ ਸਿਧਾਂਤ ਵੀ ਕਿਹਾ ਜਾਂਦਾ ਹੈ। ਅੱਜ ਵਿਕਾਸਵਾਦੀ ਸਿਧਾਤ ਰਾਜ ਦੀ ਉਤਪੱਤੀ ਸੰਬੰਧੀ ਇੱਕ ਸਰਵ ਪਰਵਾਣਿਤ ਸਿਧਾਤ ਹੈ ਅਤੇ ਇਸਨੂੰ ਹੀ ਸੱਚਾ ਮੰਨਿਆ ਜਾਂਦਾ ਹੈ। ਇਹ ਗੱਲ ਸਰਬ ਸਿੱਧ ਹੋ ਚੁੱਕੀ ਹੈ ਕਿ ਰਾਜ ਦਾ ਜਨਮ ਕਿਸੇ ਇਕ ਵੇਲੇ ਨਹੀਂ ਹੋਇਆ ਸਗੋਂ ਹੌਲੇ-ਹੌਲੇ ਇਸ ਦਾ ਵਿਕਾਸ ਹੋਇਆ ਹੈ ਅਤੇ ਇਸ ਦੇ ਵਿਕਾਸ ਵਿਚ ਕਈ ਤੱਤਾਂ ਨੇ ਹਿੱਸਾ ਪਾਇਆ ਹੈ। ਇਹ ਸਿਧਾਂਤ ਦੈਵੀ ਉਤਪੱਤੀ ਦੇ ਸਿਧਾਤ ਨੂੰ ਉਸੇ ਤਰ੍ਹਾਂ ਹੀ ਅਸਵੀਕਾਰ ਕਰਦਾ ਹੈ ਜਿਵੇਂ ਕਿ ਸ਼ਕਤੀ ਸਿਧਾਂਤ ਨੂੰ ਜੋ ਰਾਜ ਨੂੰ ਨਿਰੋਲ ਸ਼ਕਤੀ ਦੀ ਰਚਨਾ ਸਮਝਦਾ ਹੈ। ਇਹ ਹਾਬਸ, ਲਾਕ ਅਤੇ ਰੂਸੋ ਦੇ ਸਮਾਜਿਕ ਸਮਝੌਤੇ ਤੇ ਬਾਕੀ ਸਾਰੇ ਸਿਧਾਂਤਾਂ ਨੂੰ ਇਸ ਲਈ ਸਵੀਕਾਰ ਨਹੀਂ ਕਰਦਾ ਕਿਉਂਕਿ ਉਹ ਝੂਠੇ ਹਨ ਸਗੋਂ ਇਸ ਆਧਾਰ ਤੇ ਰੱਦ ਕਰਦਾ ਹੈ ਕਿ ਇਹ ਕੇਵਲ ਇਕ ਜਾਂ ਦੂਜੇ ਪੱਖ ਤੇ ਹੀ ਜ਼ੋਰ ਦੇਂਦੇ ਹਨ ਅਤੇ ਉਸੇ ਨੂੰ ਰਾਜ ਦੀ ਉਤਪੱਤੀ ਦਾ ਇਕੋ-ਇਕ ਤੇ ਸੱਚਾ ਕਾਰਨ ਮੰਨਦੇ ਹਨ। ਰਾਜ ਦਾ ਆਰੰਭ ਏਨਾ ਸਾਦਾ ਨਹੀਂ ਸੀ ਅਤੇ ਰਾਜ ਦੀ ਉਤਪੱਤੀ ਦੀ ਸਹੀ ਵਿਆਖਿਆ ਲਈ ਜ਼ਰੂਰੀ ਹੈ ਕਿ ਉਨ੍ਹਾਂ ਸਾਰੇ ਕਾਰਨਾਂ ਨੂੰ ਲਿਆ ਜਾਵੇ ਜਿਨ੍ਹਾਂ ਨੇ ਰਾਜ ਦੇ ਵਿਕਾਸ ਵਿਚ ਹਿੱਸਾ ਪਾਇਆ। ਮੁੱਢਲੇ ਸਮਾਜ ਸ਼ਾਸਤਰੀਆਂ ਜਿਵੇਂ ਕਿ ਸਪੈਂਸਰ ਦਾ ਦਾਅਵਾ ਹੈ ਕਿ ਸਮਾਜ ਦੀ ਤਰ੍ਹਾਂ ਰਾਜ ਵੀ ਆਪਣੇ ਸਾਦੇ ਰੂਪ ਤੋਂ ਵਿਕਾਸ ਕਰਦਾ ਹੋਇਆ ਆਧੁਨਿਕ ਰੂਪ ਵਿੱਚ ਪੁੱਜਾ ਹੈ। ਇਸੇ ਤਰ੍ਹਾਂ ਬੈਜਹਾਟ ਨੇ ਇਸ ਵਿਕਾਸ ਦੇ ਤਿੰਨ ਪੜ੍ਹਾਅ ਦੱਸੇ ਹਨ। ਪਹਿਲਾ ਪੜਾਅ ਜਿਹੜਾ ਕਿ ਰਾਜਨੀਤਿਕ ਸ਼ਕਤੀ ਦੀ ਅਣਹੋਂਦ ਨੂੰ ਦਰਸਾਂਦਾ ਹੈ। ਵਿਚਲੀ ਸਟੇਜ ਜਦੋਂ ਕਿ ਸਰਕਾਰ ਦੀ ਤਰ੍ਹਾਂ ਰਾਜ ਵੀ ਆਪਣੇ ਆਪ ਮੁੱਢਲੇ ਸਰੂਪ ਵਿਚਹੋਂਦ

ਵਿਚ ਦਾਅਵੇ ਨੂੰ ਨਹੀਂ ਮੰਨਦੇ ਜਦੋਂ ਉਹਨਾਂ ਅਨੁਸਾਰ ਸਮਾਜ ਕੋਲ ਹਮੇਸ਼ਾਂ ਹੀ ਕੋਈ ਅਜਿਹਾ ਜੰਤਰ ਜ਼ਰੂਰ ਰਿਹਾ ਹੈ ਜਿਹੜਾ ਮਨੁੱਖੀ ਸੰਬੰਧਾਂ ਅਤੇ ਗਰੁੱਪ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਰਿਹਾ ਹੈ। ਫਰਕ ਸਿਰਫ ਇਹ ਹੈ ਕਿ ਜੰਤਰ ਸ਼ੁਰੂ ਵਿਚ ਸਾਦਾ ਸੀ ਤੇ ਬਾਅਦ ਵਿੱਚ ਜਟਿਲ ਹੋ ਗਿਆ। ਸੋ ਹੌਲੇ-ਹੌਲੇ ਰਾਜ ਸਾਧਾਰਣ ਤੋਂ ਗੁੰਝਲਦਾਰ ਰੂਪ ਵਿਚ ਵਿਕਸਤ ਹੋਇਆ।

**ਪ੍ਰੋ. ਗਾਰਨਰ (Garner)** ਨੇ ਵੀ ਕਿਹਾ ਹੈ "ਰਾਜ ਨਾ ਤਾਂ ਈਸ਼ਵਰ ਦੀ ਰਚਨਾ ਹੈ ਨਾ ਕਿਸੇ ਉਚੇਰੀ ਸਰੀਰਕ ਸ਼ਕਤੀ ਦਾ ਸਿੱਟਾ, ਨਾ ਕਿਸੇ ਪ੍ਰਸਤਵ ਜਾਂ ਸਮਝੌਤੇ ਦੀ ਸਿਰਜਨਾ ਅਤੇ ਨਾਂ ਹੀ ਪਰਿਵਾਰ ਦਾ ਵਿਸ਼ਾਲ ਰੂਪ ਹੈ। ਰਾਜ ਤਾਂ ਇਤਿਹਾਸਕ ਵਿਕਾਸ ਦਾ ਸਿੱਟਾ ਹੈ ਜਿਸ ਵਿਚ ਕਈ ਤੱਤਾ ਅਤੇ ਸ਼ਕਤੀਆਂ ਨੇ ਇਕੱਲੇ-ਇਕੱਲੇ ਅਤੇ ਰਲ ਕੇ ਹਿੱਸਾ ਪਾਇਆ ਹੈ। ਕਿਸੇ ਵੇਲੇ ਇਕ ਸ਼ਕਤੀ ਦਾ ਪ੍ਰਭਾਵ ਜ਼ਿਆਦਾ ਰਿਹਾ ਹੈ ਤਾਂ ਕਿਸੇ ਵੇਲੇ ਦੂਸਰੇ ਤੱਤ ਦਾ।" **ਬਰਗੈਸ** ਦੇ ਵਿਚਾਰ ਅਨੁਸਾਰ 'ਰਾਜ ਅਪੂਰਣ ਅਤੇ ਅਵਿਵਸਥਿਤ ਰੂਪ ਵਿਚ ਸ਼ੁਰੂ ਹੋ ਕੇ ਹੌਲੇ-ਹੌਲੇ ਵਿਕਸਿਤ ਹੁੰਦਾ ਹੋਇਆ ਮਨੁੱਖ ਜਾਤੀ ਦੇ ਪੂਰਣ ਅਤੇ ਸਰਬ-ਵਿਆਪਕ ਸੰਗਠਨ ਵੱਲ ਲਗਾਤਾਰ ਵਿਕਾਸ ਕਰ ਰਿਹਾ ਹੈ।

### 1.7.3 ਵਿਕਾਸਵਾਦੀ ਸਿਧਾਂਤ ਅਨੁਸਾਰ ਰਾਜ ਦੀ ਉਤਪੱਤੀ ਦੇ ਕਾਰਨ (Factors responsible for the evolution of State)

ਕੋਈ ਨਹੀਂ ਕਹਿ ਸਕਦਾ ਕਿ ਰਾਜ ਦੀ ਉਤਪੱਤੀ ਕਦੋਂ ਅਤੇ ਕਿਵੇਂ ਹੋਈ। ਰਾਜ ਦਾ ਵਿਕਾਸ ਹਰ ਥਾਂ ਤੇ ਇਹੋ ਜਿਹਾ ਨਹੀਂ ਹੋਇਆ ਕਿਉਂਕਿ ਇਤਿਹਾਸ ਦੀ ਪ੍ਰਗਤੀ ਹਰ ਥਾਂ ਤੇ ਇਕ ਸਮਾਨ ਨਹੀਂ ਰਹੀ। ਇਸ ਦੀ ਉਤਪੱਤੀ ਅਤੇ ਵਿਕਾਸ ਵਿਚ ਕਈ ਤੱਤਾਂ ਅਤੇ ਸ਼ਕਤੀਆਂ ਨੇ ਕੰਮ ਕੀਤਾ ਹੈ। 1. ਮਨੁੱਖ ਦਾ ਸਮਾਜਿਕ ਸੁਭਾਅ 2. ਲਹੂ ਸੰਬੰਧ 3. ਧਰਮ 4. ਸ਼ਕਤੀ 5. ਆਰਥਿਕ ਹਿੱਤ 6. ਰਾਜਨੀਤਿਕ ਚੇਤਨਾ।

#### 1.7.3.1. ਮਨੁੱਖ ਦਾ ਸਮਾਜਿਕ ਸੁਭਾਅ (Social Nature of Man) :

ਅਰਸਤੂ ਅਨੁਸਾਰ ਮਨੁੱਖ ਇਕ ਸਮਾਜਿਕ ਜੀਵ ਹੈ। ਸੁਭਾਵਿਕ ਹੀ ਉਹ ਇਕੱਲਾ ਨਹੀਂ ਰਹਿ ਸਕਦਾ ਅਤੇ ਮਨੁੱਖ ਇਕੱਠਿਆਂ ਰਹਿਣ ਦੀ ਲੋੜ ਮਹਿਸੂਸ ਕਰਦਾ ਹੈ ਤਾਂ ਇਸ ਵਿਚ ਰਾਜ ਦੀ ਦੀ ਲੋੜ ਵੀ ਸ਼ਾਮਿਲ ਹੁੰਦੀ ਹੈ। ਰਾਜ ਦੀ ਉਤਪੱਤੀ ਮਨੁੱਖੀ ਜੀਵਨ ਦੇ ਸੁੱਖ ਲਈ ਹੋਈ ਜਿਵੇਂ ਅਰਸਤੂ ਨੇ ਕਿਹਾ ਹੈ ਕਿ ਰਾਜ ਦਾ ਆਰੰਭ ਕੇਵਲ ਜੀਵਨ ਦੇ ਸੁੱਖ ਲਈ ਹੀ ਹੋਇਆ ਪਰੰਤੂ ਇਹ ਚੰਗੇ ਜੀਵਨ ਲਈ ਜਾਰੀ ਰਿਹਾ। ਸੋ ਰਾਜ ਦੀ ਸੰਸਥਾ ਦੇ ਬੀਜ ਮਨੁੱਖ ਦੇ ਸੁਭਾਅ ਵਿਚ ਹਨ। ਜੇ ਮਨੁੱਖੀ ਸੁਭਾਅ ਸਮਾਜਿਕ ਨਾ ਹੁੰਦਾ ਤਾਂ ਨਾ ਮਨੁੱਖ ਇਕ ਦੂਜੇ ਦੇ ਨੇੜੇ ਆਉਂਦੇ ਤੇ ਨਾ ਹੀ ਰਾਜ ਦਾ ਆਰੰਭ ਹੋ ਸਕਦਾ।

#### 1.7.3.2. ਲਹੂ ਸੰਬੰਧ (Kinship)

ਹਰ ਕੋਈ ਜਾਣਦਾ ਹੈ ਕਿ ਮਨੁੱਖ ਜਾਤੀ ਵਿਚ ਏਕਤਾ ਤੇ ਸੰਗਠਨ ਪੈਦਾ ਕਰਨ ਵਾਲੀ ਸਭ ਤੋਂ ਮਹੱਤਵਪੂਰਨ ਅਤੇ ਬੁਨਿਆਦੀ ਸ਼ਕਤੀ ਲਹੂ ਸੰਬੰਧ ਹੈ। ਇਹ ਸਭ ਤੋਂ ਪੁਰਾਣਾ ਅਤੇ ਮਜ਼ਬੂਤ ਬੰਧਨ ਹੈ। ਲਹੂ ਸੰਬੰਧੀ ਆਪਣੇ ਆਪ ਵਿਚ ਰਾਜ ਦੀ ਉਤਪੱਤੀ ਦੀ ਵਿਆਖਿਆ ਨਹੀਂ ਕਰਦਾ। ਇਹ ਇਸ ਹਕੀਕਤ ਨੂੰ ਦ੍ਰਿੜ੍ਹ ਕਰਾਉਂਦਾ ਹੈ ਕਿ ਕਿਵੇਂ ਸਰੀਰਕ ਸੰਬੰਧ ਮਨੁੱਖਾਂ ਵਿਚ ਏ ਕਤਾ ਅਤੇ ਸਾਂਝ ਦੀ ਭਾਵਨਾ ਪੈਦਾ ਕਰਦੇ ਹਨ। ਲਹੂ ਸੰਬੰਧ ਨੇ ਹੀ ਮਨੁੱਖ ਵਿਚ ਸਾਂਝੀ ਚੇਤਨਾ ਅਤੇ ਹਿੱਤ ਪੈਦਾ ਕੀਤੇ ਹਨ। ਲਹੂ ਸੰਬੰਧ ਤੋਂ ਹੀ ਪਰਿਵਾਰ ਦਾ ਜਨਮ ਹੋਇਆ ਜਿਸ ਨੂੰ ਸਮਾਜਿਕ ਵਿਕਾਸ ਦਾ ਮੂਲ ਸੋਮਾ ਸਮਝਿਆ ਜਾਂਦਾ ਹੈ। ਪਰਿਵਾਰ ਸਮਾਜ ਨੂੰ ਜਨਮ ਦੇਂਦਾ ਹੈ ਅਤੇ ਸਮਾਜ ਰਾਜ ਨੂੰ ਪਰਿਵਾਰ ਵਿੱਚ ਹੀ ਆਦੇਸ਼ ਤੋਂ ਆਗਿਆ ਦਾ ਪਾਲਣ ਕਰਨ ਦੇ ਤੱਤ ਪਾਏ ਜਾਂਦੇ ਹਨ। ਪਰਿਵਾਰ ਦਾ ਮੁੱਖੀ ਪਿਤਾ ਜਾਂ ਕੋਈ ਹੋਰ ਵਡੇਰਾ ਮਨੁੱਖ ਹੁੰਦਾ ਹੈ। ਜਿਸ ਦੀ ਆਗਿਆ ਦਾ ਪਾਲਣ ਪਰਿਵਾਰ ਦੇ ਮੈਂਬਰ ਕਰਦੇ ਹਨ। ਜਦੋਂ ਇਹ ਪਰਿਵਾਰ ਕਬੀਲੇ ਅਤੇ ਫਿਰ ਰਾਜ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਆਗਿਆ ਪਾਲਣ ਦੀ ਭਾਵਨਾ ਰਾਜ ਦੀ ਆਗਿਆ ਦਾ ਪਾਲਣ ਰੂਪ ਧਾਰਨ ਕਰ ਲੈਂਦੀ ਹੈ। ਆਦੇਸ਼ਾਂ ਦੀ ਪਾਲਣਾ ਕਰਨਾ ਰਾਜਨੀਤਿਕ ਜੀਵਨ ਦਾ ਜ਼ਰੂਰੀ ਤੱਤ ਹੈ।

ਲਹੂ ਸੰਬੰਧ ਨੇ ਹੀ ਅੱਗੇ ਜਾ ਕੇ ਨਸਲੀ ਸਰੇਸ਼ਟਤਾ ਦੀ ਭਾਵਨਾ ਨੂੰ ਜਨਮ ਦਿੱਤਾ। ਹਿਟਲਰ ਨੇ ਲਹੂ ਸੰਬੰਧ ਤੇ ਹੀ ਜਰਮਨ ਕੌਮ ਨੂੰ ਇਕੱਠਿਆਂ ਕੀਤਾ ਸੀ। ਆਧੁਨਿਕ ਰਾਸ਼ਟਰਵਾਦ, ਰਾਸ਼ਟਰ ਵਿਚ ਏਕਤਾ ਪੈਦਾ ਕਰਨ ਲਈ, ਲਹੂ ਸੰਬੰਧ ਦੀ ਮਹੱਤਤਾ ਤੇ ਜ਼ੋਰ ਦਿੰਦਾ ਹੈ।

#### 1.7.3.3. ਧਰਮ (Religion)

ਪ੍ਰਾਚੀਨ ਸਮਾਜ ਵਿਚ ਧਰਮ ਇਕ ਪ੍ਰਬਲ ਸ਼ਕਤੀ ਸੀ। ਇਹ ਸੱਚ ਹੈ ਕਿ ਮਨੁੱਖੀ ਸਮਾਜ ਵਿਚ ਏਕਤਾ ਨੂੰ ਪੈਦਾ ਕਰਨ ਅਤੇ ਸੱਤਾ ਨੂੰ ਸੰਗਠਿਤ ਕਰਨ ਵਿਚ ਧਰਮ ਨੇ ਬੜਾ ਹਿੱਸਾ ਪਾਇਆ ਹੈ। ਸਾਂਝੇ ਧਰਮ ਅਤੇ ਪੂਜਾ ਨੇ ਲਹੂ-ਸੰਬੰਧ ਦੇ ਬੰਧਨਾਂ

ਨੂੰ ਹੋਰ ਮਜ਼ਬੂਤ ਕੀਤਾ। ਜਦੋਂ ਪਰਿਵਾਰ ਨੇ ਪਸਰ ਕੇ ਕਬੀਲੇ ਦਾ ਰੂਪ ਧਾਰਨ ਕਰ ਲਿਆ ਅਤੇ ਲਹੂ ਦਾ ਬੰਧਨ ਕਮਜ਼ੋਰ ਹੋਣ ਲੱਗਾ ਤਾਂ ਧਰਮ ਬਰਾਬਰੀ ਵਿਚ ਏਕਤਾ ਨੂੰ ਕਾਇਮ ਕਰਨ ਲਈ ਸਾਹਮਣੇ ਆਇਆ ਅਤੇ ਮਨੁੱਖ ਦੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਵਿਚ ਵੱਡੀ ਸ਼ਕਤੀ ਬਣ ਗਿਆ। ਸਮਾਜਿਕ ਜੀਵਨ ਦੇ ਨਿਯਮ ਵੀ ਧਰਮ ਨੇ ਹੀ ਦਿੱਤੇ ਅਤੇ ਧਰਮ ਨੇ ਲੋਕਾਂ ਨੂੰ ਆਗਿਆ ਦਾ ਪਾਲਣ ਕਰਨ ਅਤੇ ਅਨੁਸ਼ਾਸਨ ਵਿਚ ਰਹਿਣ ਦੀ ਸਿੱਖਿਆ ਵੀ ਦਿੱਤੀ ਜੋ ਕਿ ਰਾਜਨੀਤਿਕ ਜੀਵਨ ਦਾ ਮੂਲ ਤੱਤ ਹੈ। ਰਾਜ ਦੀ ਦੈਵੀ ਉਤਪੱਤੀ ਅਤੇ ਰਾਜਿਆਂ ਦਾ ਦੈਵੀ ਅਧਿਕਾਰ ਦੇ ਸਿਧਾਂਤ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਮਨੁੱਖੀ ਵਿਚਾਰਾਂ ਉੱਤੇ ਧਰਮ ਦਾ ਪ੍ਰਭਾਵ ਕਿੰਨਾ ਜ਼ਿਆਦਾ ਸੀ। ਭਾਰਤੀ ਸਭਿਅਤਾ ਦਾ ਮੂਲ ਆਧਾਰ ਵੀ ਧਰਮ ਹੀ ਰਿਹਾ ਹੈ। ਪਹਿਲਾਂ ਧਰਮ ਅਤੇ ਰਾਜਨੀਤੀ ਵਿੱਚ ਕੋਈ ਭੇਦ ਨਹੀਂ ਰੱਖਿਆ ਜਾਂਦਾ ਸੀ। ਧਾਰਮਿਕ ਪੁਰੋਹਿਤ ਅਤੇ ਰਾਜਨੀਤਿਕ ਸ਼ਾਸਕ ਇਕੋ ਵਿਅਕਤੀ ਹੁੰਦਾ ਸੀ। ਲੋਕਾਂ ਦੇ ਜੀਵਨ ਉੱਤੇ ਧਰਮ ਦਾ ਡੂੰਘਾ ਪ੍ਰਭਾਵ ਸੀ। ਸਾਰੇ ਕੰਮ ਧਰਮ ਅਨੁਸਾਰ ਹੁੰਦੇ ਸਨ। ਕਾਨੂੰਨ ਦਾ ਆਧਾਰ ਵੀ ਧਰਮ ਉੱਤੇ ਸੀ ਅਤੇ ਧਾਰਮਿਕ ਨਿਯਮਾਂ ਦੀ ਪਾਲਣਾ ਕਰਨਾ ਉਤਨਾ ਹੀ ਜ਼ਰੂਰੀ ਸੀ ਜਿਤਨਾ ਰਾਜਨੀਤਿਕ ਕਾਨੂੰਨ ਦੀ ਪਾਲਣਾ।

ਧਰਮ ਦਾ ਪ੍ਰਭਾਵ ਪਿਛਲੇ ਕੁਝ ਸਮੇਂ ਤੋਂ ਘਟਿਆ ਹੈ। ਵਿਗਿਆਨ ਦੀ ਉਨੱਤੀ ਨਾਲ ਲੋਕਾਂ ਦੇ ਵਿਚਾਰ ਬਦਲ ਗਏ। ਉਹਨਾਂ ਅੰਦਰੋਂ ਵਹਿਮ ਭਰਮ ਨਿਕਲ ਗਏ ਹਨ ਅਤੇ ਇਹਨਾਂ ਦੀ ਥਾਂ ਬੁੱਧੀ ਅਤੇ ਤਰਕ ਨੇ ਮੱਲ ਲਈ ਹੈ। ਪਰ ਅਜੇ ਵੀ ਅਫ਼ਰੀਕਾ ਅਤੇ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਧਰਮ ਅਤੇ ਲਹੂ-ਸੰਬੰਧ ਦਾ ਪ੍ਰਬਲ ਪ੍ਰਭਾਵ ਸਪੱਸ਼ਟ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਈਰਾਨ, ਇਰਾਕ, ਅਫਗਾਨੀਸਤਾਨ, ਪਾਕਿਸਤਾਨ ਅਤੇ ਹੋਰ ਅਨੇਕਾਂ ਦੇਸ਼ਾਂ ਵਿਚ ਧਰਮ ਦਾ ਹਾਲੇ ਵੀ ਬੜਾ ਪ੍ਰਭਾਵ ਹੈ।

### 1.7.3.4. ਸ਼ਕਤੀ (Force)

ਮਨੁੱਖੀ ਸਮਾਜ ਵਿਚ ਸੰਗਠਨ ਨੂੰ ਪੈਦਾ ਕਰਨ ਵਿੱਚ ਲਹੂ-ਸੰਬੰਧ ਅਤੇ ਧਰਮ ਦੇ ਨਾਲ-ਨਾਲ ਸ਼ਕਤੀ ਦਾ ਬਹੁਤ ਵੱਡਾ ਹਿੱਸਾ ਹੈ। ਕਬੀਲਿਆਂ ਦੀ ਰੱਖਿਆ ਅਤੇ ਬਚਾਉ ਲਈ ਸ਼ਕਤੀ ਦੀ ਅਵੱਸ਼ ਲੋੜ ਹੈ। ਜਦੋਂ ਇਕ ਤਕੜੀ ਕੌਮ ਜਾਂ ਤਕੜਾ ਕਬੀਲਾ ਕਿਸੇ ਕਮਜ਼ੋਰ ਕੌਮ ਜਾਂ ਕਬੀਲੇ ਨੂੰ ਫਤਿਹ ਕਰਦਾ ਸੀ ਤਾਂ ਸਾਰੇ ਲੋਕਾਂ ਨੂੰ ਅਧੀਨ ਕਰਨ ਲਈ ਸ਼ਕਤੀ ਦਾ ਪ੍ਰਯੋਗ ਲਾਜ਼ਮੀ ਸੀ। ਇਤਿਹਾਸ ਵਿਚ ਸਾਨੂੰ ਇਹੋ ਜਿਹੀਆਂ ਹਜ਼ਾਰਾਂ ਮਿਸਾਲਾਂ ਮਿਲਦੀਆਂ ਹਨ, ਅੱਜ ਵੀ ਰਾਜ ਦੇ ਸੰਗਠਨ ਵਿਚ ਸ਼ਕਤੀ ਦਾ ਇਕ ਮਹਾਨ ਹਿੱਸਾ ਹੈ। ਸ਼ਕਤੀ ਸਿਧਾਂਤ ਦੇ ਸਮਰਥਕਾਂ ਨਾਲ ਅਸੀਂ ਇਸ ਗੱਲ ਤੇ ਸਹਿਮਤ ਹਾਂ ਕਿ ਰਾਜ ਦੀ ਸਥਾਪਨਾ ਅਤੇ ਵਿਕਾਸ ਵਿਚ ਸ਼ਕਤੀ ਦਾ ਇਕ ਵੱਡਾ ਭਾਗ ਹੈ ਪਰ ਉਨ੍ਹਾਂ ਦੇ ਨਾਲ ਸਾਡਾ ਮਤਭੇਦ ਉਥੇ ਹੈ ਜਦੋਂ ਉਹ ਸ਼ਕਤੀ ਨੂੰ ਯੋਗ ਨਾਲੋਂ ਵੱਧ ਥਾਂ ਦੇਂਦੇ ਹਨ ਅਤੇ ਇਸੇ ਨੂੰ ਰਾਜ ਦੀ ਉਤਪੱਤੀ ਦੇ ਵਿਕਾਸ ਦਾ ਇਕੋ ਇਕ ਕਾਰਨ ਮੰਨਦੇ ਹਨ। ਵਰਤਮਾਨ ਰਾਜਾਂ ਵਿੱਚ ਸ਼ਕਤੀ ਦਾ ਵਿਵਹਾਰ ਅਜੇ ਵੀ ਹੁੰਦਾ ਹੈ। ਠੀਕ ਹੈ ਕਿ ਜਿੱਥੇ ਲੋਕਤੰਤਰੀ ਰਾਜਾਂ ਵਿਚ ਸ਼ਕਤੀ ਦਾ ਪ੍ਰਯੋਗ ਘੱਟ ਜਾਂਦਾ ਹੈ, ਉਥੇ ਤਾਨਾਸ਼ਾਹੀ ਰਾਜਾਂ (Dictatorial State) ਵਿਚ ਸ਼ਕਤੀ ਦੀ ਵਰਤੋਂ ਵੱਧ ਤੋਂ ਵੱਧ ਹੁੰਦੀ ਹੈ। ਅੱਜ ਵੀ ਅੰਤਰ-ਰਾਸ਼ਟਰੀ ਝਗੜਿਆਂ ਦੇ ਹੱਲ ਲਈ ਸ਼ਕਤੀ ਦਾ ਸਹਾਰਾ ਲਿਆ ਜਾਂਦਾ ਹੈ। ਇਰਾਕ ਤੇ ਅਮਰੀਕਾ ਦੀ ਅਗਵਾਈ ਹੇਠ ਬਹੁਰਾਸ਼ਟਰੀ ਫੌਜਾਂ (allied Forced) ਵਿਚਕਾਰ ਪਿਛਲੇ ਜਿਹੇ ਹੋਏ ਯੁੱਧ ਦੀ ਉਦਾਹਰਣ ਸਾਡੇ ਸਾਹਮਣੇ ਹੈ।

### 1.7.3.5. ਆਰਥਿਕ ਹਿੱਤ (Economic Interests)

ਸ਼ੁਰੂ ਤੋਂ ਹੀ ਮਨੁੱਖੀ ਸਮਾਜ ਵਿਚ ਏਕਤਾ ਪੈਦਾ ਕਰਨ ਲਈ ਸੰਪਤੀ ਨੇ ਇਹ ਭੂਮੀ ਦੀ ਹੋਵੇ ਜਾਂ ਪੂੰਜੀ ਦੀ, ਇਕ ਆਦਿੱਖ ਪਰ ਪ੍ਰਭਾਵਸ਼ਾਲੀ ਅਸਰ ਪਾਇਆ ਹੈ। ਇਤਿਹਾਸ ਵਿਚ ਜਿੰਨੀਆਂ ਵੀ ਲੜਾਈਆਂ ਲੜੀਆਂ ਗਈਆਂ ਹਨ ਉਨ੍ਹਾਂ ਦੇ ਮੂਲ ਕਾਰਣ ਆਰਥਿਕ ਹਿੱਤ ਹੀ ਹੁੰਦੇ ਹਨ। ਇਕ ਕਬੀਲਾ ਦੂਸਰੇ ਦੀ ਦੌਲਤ ਨੂੰ ਲੁੱਟਣ ਲਈ ਉਸ ਉੱਤੇ ਹਮਲਾ ਕਰਦਾ ਸੀ। ਨਿੱਜੀ ਜਾਇਦਾਦ ਦੀ ਸੰਸਥਾ ਦੀ ਉਪਜ ਅਤੇ ਦੇਸ਼ ਦੇ ਕੁਦਰਤੀ ਸਾਧਨਾਂ ਦੇ ਵਿਕਾਸ ਦੀ ਚਾਹ ਨੇ ਜਿਥੇ ਰਾਜ ਵਿਚ ਏਕਤਾ ਪੈਦਾ ਕਰਨ ਵਿਚ ਸਹਾਇਤਾ ਕੀਤੀ, ਉਥੇ ਇਹ ਯੁੱਧ ਦਾ ਕਾਰਣ ਵੀ ਬਣੀ। ਪਹਿਲੇ ਸੰਸਾਰ ਯੁੱਧ ਦਾ ਵੱਡਾ ਕਾਰਣ ਇਹ ਸੀ ਕਿ ਸਰਮਾਏਦਾਰ ਦੇਸ਼ ਅਵਿਕਸਿਤ ਦੇਸ਼ਾਂ ਨੂੰ ਆਪਣੀਆਂ ਮੰਡੀਆਂ ਬਣਾਉਣ ਲਈ ਉਨ੍ਹਾਂ ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਮਾਰਕਸਵਾਦੀ ਤਾਂ ਸਮਾਜ ਦੇ ਰੂਪ ਨੂੰ ਨਿਰਧਾਰਿਤ ਕਰਨ ਵਾਲਾ ਸਭ ਤੋਂ ਵੱਡਾ ਕਾਰਨ ਹੀ ਆਰਥਿਕ ਤੱਤ ਨੂੰ ਮੰਨਦੇ ਹਨ। ਜਦੋਂ ਵਰਤਮਾਨ ਅੰਤਰ-ਰਾਸ਼ਟਰੀ ਕਾਨੂੰਨ ਹਰ ਰਾਜ ਨੂੰ ਇਹ ਗਰੰਟੀ ਦਿੰਦਾ ਹੈ ਕਿ ਉਸ ਦੇ ਇਲਾਕੇ ਦੀ ਉਲੰਘਣਾ ਨਹੀਂ ਕੀਤੀ ਜਾਵੇਗੀ ਤਾਂ ਇਸ ਪਿਛੇ ਉਹੀ ਪ੍ਰਾਚੀਨ ਭਾਵਨਾ ਕਰਦੀ ਹੈ ਕਿ ਉਹ ਇਲਾਕਾ ਜੋ ਲੋਕਾਂ ਨੇ ਆਪ ਵਸਾਇਆ ਹੈ ਅਤੇ ਕਾਸ਼ਤ ਕੀਤਾ ਹੈ, ਉਨ੍ਹਾਂ ਦੀ ਸੰਪਤੀ ਹੈ ਉਸ ਦੀ ਸੁਰੱਖਿਆ ਹੋਣੀ ਚਾਹੀਦੀ ਹੈ। ਨਿੱਜੀ ਸੰਪਤੀ ਬਣਨ ਨਾਲ ਇਹ ਲੋੜ ਮਹਿਸੂਸ ਹੋਈ ਕਿ ਕੋਈ ਇਹੋ ਜਿਹਾ ਸ਼ਾਸਕ ਬਣਾਇਆ ਜਾਵੇ ਜੋ ਵਿਅਕਤੀ ਦੀ ਸੰਪਤੀ ਦੀ ਰਾਖੀ ਕਰ ਸਕੇ। ਇਸ

ਤਰ੍ਹਾਂ ਸੰਪਤੀ ਜਾਂ ਆਰਥਿਕ ਲੋੜਾਂ ਨੇ ਰਾਜ ਨੂੰ ਸਰਕਾਰ ਅਤੇ ਇਕ ਨਿਸ਼ਚਿਤ ਪ੍ਰਦੇਸ਼ ਜਿਹੇ ਤੱਤ ਦਿੱਤੇ ਹਨ।

**1.7.3.6. ਰਾਜਨੀਤਿਕ ਚੇਤਨਾ (Political Consciousness)**

ਰਾਜ ਨੂੰ ਸੰਗਠਿਤ ਕਰਨ ਵਿਚ ਰਾਜਨੀਤਿਕ ਚੇਤਨਾ ਨੇ ਬੜਾ ਮਹੱਤਵਪੂਰਨ ਹਿੱਸਾ ਪਾਇਆ ਹੈ। ਰਾਜਨੀਤਿਕ ਚੇਤਨਾ ਦਾ ਭਾਵ ਹੈ ਲੋਕਾਂ ਅੰਦਰ ਸਾਂਝੇ ਹਿੱਤਾਂ ਦੀ ਸੂਝ ਦਾ ਪੈਦਾ ਹੋਣਾ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਇਕ ਰਾਜਨੀਤਿਕ ਸੰਗਠਨ ਬਣਾਉਣਾ। ਗਿਲਕਰਾਈਸਟ **(Gilchrist)** ਦੇ ਵਿਚਾਰ ਅਨੁਸਾਰ, ਰਾਜ ਦੀ ਉਤਪੱਤੀ ਲਈ ਰਾਜਨੀਤਿਕ ਚੇਤਨਾ ਹੋਰ ਸਾਰੇ ਤੱਤਾਂ ਨਾਲੋਂ ਵਧੇਰੇ ਜ਼ਿੰਮੇਵਾਰ ਹੈ। ਇਹ ਕਹਿਣਾ ਮੁਸ਼ਕਿਲ ਹੈ ਕਿ ਇਹ ਚੇਤਨਾ ਕਦੋਂ ਪੈਦਾ ਹੋਈ। ਇਸ ਦਾ ਵਿਕਾਸ ਹੌਲੀ-ਹੌਲੀ ਹੋਇਆ ਹੈ ਜਦੋਂ ਲੋਕ ਸੰਗਠਿਤ ਜੀਵਨ ਦੀ ਲੋੜ ਨੂੰ ਮਹਿਸੂਸ ਕਰਨ ਲੱਗੇ ਅਰਥਾਤ ਜਦੋਂ ਉਨ੍ਹਾਂ ਨੂੰ ਮਹਿਸੂਸ ਹੋਣ ਲੱਗਾ ਕਿ ਬਰਾਦਰੀ ਵਿੱਚ ਸ਼ਾਂਤੀ ਨੂੰ ਕਾਇਮ ਰੱਖਣਾ ਅਤੇ ਇਸ ਨੂੰ ਬਾਹਰਲੇ ਹਮਲਿਆਂ ਤੋਂ ਬਚਾਉਣਾ ਇਕ ਮਹਾਨ ਕੰਮ ਹੈ ਤਾਂ ਉਨ੍ਹਾਂ ਨੂੰ ਇੱਕ ਅਜਿਹੀ ਮਸ਼ੀਨਰੀ ਦੀ ਲੋੜ ਵੀ ਮਹਿਸੂਸ ਹੋਈ ਜਿਸ ਨਾਲ ਉਹ ਆਪਣੇ ਇਨ੍ਹਾਂ ਦੋਹਾਂ ਆਸ਼ਿਆਂ ਨੂੰ ਪ੍ਰਾਪਤ ਕਰ ਸਕਦੇ ਸਨ। ਉਨ੍ਹਾਂ ਨੇ ਇਹ ਅਨੁਭਵ ਕੀਤਾ ਕਿ ਆਰਥਿਕ ਉਨੱਤੀ ਅਤੇ ਪਦਾਰਥਕ ਖੁਸ਼ਹਾਲੀ ਰਾਜਨੀਤਿਕ ਸੰਗਠਨ ਤੋਂ ਬਿਨਾਂ ਸੰਭਵ ਨਹੀਂ ਪਰ ਰਾਜਨੀਤਿਕ ਜੀਵਨ ਬਾਰੇ ਪੂਰੀ ਚੇਤਨਾ ਮਨੁੱਖ ਅੰਦਰ ਸਦੀਆਂ ਬੱਧੀ ਸੰਘਰਸ਼ ਪਿਛੋਂ ਆਈ ਹੈ। ਰਾਜਨੀਤਿਕ ਚੇਤਨਾ ਉਸ ਮਨੁੱਖੀ ਉਨੱਤੀ ਦੀ ਪ੍ਰਤੀਕ ਹੈ ਜੋ ਉਸ ਨੇ ਆਦਿ ਕਾਲ ਤੋਂ ਅੱਜ ਤੱਕ ਕੀਤੀ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਰਾਜ ਦੀ ਉਤਪੱਤੀ ਕਿਸੇ ਇਕ ਸਮੇਂ ਜਾਂ ਕਿਸੇ ਇਕ ਤੱਤ ਤੋਂ ਨਹੀਂ ਹੋਈ। ਇਸ ਦੀ ਰਚਨਾ ਅਤੇ ਵਿਕਾਸ ਵਿਚ ਬਹੁਤ ਸਾਰੇ ਤੱਤਾ ਦਾ ਹੱਥ ਹੈ। ਇਹ ਸਮਝਣਾ ਯੋਗ ਨਹੀਂ ਹੋਵੇਗਾ ਕਿ ਇਹ ਤੱਤ ਕਿਸੇ ਸਮੇਂ ਦੂਜਿਆਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਰਿਹਾ। ਅੱਜ ਭਾਵੇਂ ਸਮਾਂ ਬਹੁਤ ਉਨੱਤੀ ਕਰ ਚੁੱਕਾ ਹੈ ਪਰ ਕਿਸੇ ਵੀ ਤੱਤ ਦਾ ਪ੍ਰਭਾਵ ਪੂਰਨ ਤੌਰ ਤੇ ਅਜੇ ਖਤਮ ਨਹੀਂ ਹੋਇਆ ਚਾਹੇ ਇਹ ਲਹੂ-ਸੰਬੰਧ ਹੈ ਜਾਂ ਧਰਮ, ਆਰਥਿਕ ਹਿੱਤ ਹਨ ਜਾਂ ਲੋਕ ਚੇਤਨਾ। ਰਾਜ ਦੀ ਏਕਤਾ ਰੱਖਣ ਲਈ ਇਹ ਸਾਰੇ ਤੱਤ ਅੱਜ ਵੀ ਕੰਮ ਕਰ ਰਹੇ ਹਨ।

ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ ਵਿਕਾਸਵਾਦੀ ਸਿਧਾਂਤ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਹੋਰ ਸਾਰੀਆਂ ਮਨੁੱਖੀ ਸੰਸਥਾਵਾਂ ਵਾਂਗ ਰਾਜ ਵੀ ਵਿਕਾਸ ਦਾ ਹੀ ਸਿੱਟਾ ਹੈ। ਇਹ ਅਜਿਹਾ ਵਿਸ਼ਵਾਸ ਹੈ ਜਿਸ ਦਾ ਕਦੇ ਅੰਤ ਨਹੀਂ ਹੁੰਦਾ। ਇਹ ਸਿਧਾਂਤ ਭਲੀ-ਭਾਂਤ ਸਿੱਧ ਕਰਦਾ ਹੈ ਕਿ ਰਾਜ ਨਾ ਤਾਂ ਈਸ਼ਵਰ ਦੀ ਰਚਨਾ ਹੈ, ਨਾ ਕਿਸੇ ਉਚੇਰੀ, ਸਰੀਰਕ ਸ਼ਕਤੀ ਦਾ ਸਿੱਟਾ, ਨਾ ਸਮਝੌਤੇ ਦੀ ਸਿਰਜਨਾ ਹੈ ਅਤੇ ਨਾ ਹੀ ਪਰਿਵਾਰ ਦਾ ਵਿਸਤ੍ਰਿਤ ਰੂਪ ਹੈ। ਇਹ ਇਤਿਹਾਸਿਕ ਵਿਕਾਸ ਦਾ ਸਿੱਟਾ ਹੈ ਜਿਸ ਵਿਚ ਕਈ ਤੱਤਾਂ ਨੇ ਹਿੱਸਾ ਪਾਇਆ ਹੈ।

1. ਇਤਿਹਾਸਿਕ ਜਾਂ ਵਿਕਾਸਵਾਦੀ ਸਿਧਾਂਤ ਕਿਸ ਤੱਥ ਦੀ ਪ੍ਰੋੜ੍ਹਤਾ ਕਰਦਾ ਹੈ?
2. ਰਾਜ ਦੀ ਉਤਪੱਤੀ ਵਿਚ ਕਿਹੜੇ-ਕਿਹੜੇ ਤੱਤਾਂ ਨੇ ਹਿੱਸਾ ਪਾਇਆ ਹੈ?
3. ਇਤਿਹਾਸਿਕ ਸਿਧਾਤ ਰਾਜ ਦੀ ਉਤਪੱਤੀ ਦੇ ਹੋਰ ਸਿਧਾਂਤਾਂ ਨੂੰ ਗਲਤ ਨਹੀ ਸਿੱਧ ਕਰਦਾ ਸਗੋਂ ਇਸ ਆਧਾਰ ਤੇ ਰੱਦ ਕਰਦਾ ਹੈ ਕਿ ਉਹ ਕੇਵਲ ਇਕੋ ਹੀ ਤੱਤ ਨੂੰ ਰਾਜ ਦੀ ਉਤਪੱਤੀ ਦਾ ਇਕੋ ਇਕ ਕਾਰਨ ਮੰਨਦੇ ਹਨ।

**1.7.4 ਸਾਰੰਸ਼ :** ਇਸ ਵਿਚ ਅਸੀਂ ਰਾਜ ਦੀ ਉਤਪੱਤੀ ਨਾਲ ਦੋ ਇਤਿਹਾਸਕ ਵਿਕਾਸਵਾਦੀ ਸਿਧਾਂਤ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਵਿਕਾਸਵਾਦੀ ਸਿਧਾਂਤ ਜਿਸ ਅਨੁਸਾਰ ਰਾਜ ਨੂੰ ਸਦੀਆਂ ਦੇ ਵਿਕਾਸ ਦੁਆਰਾ ਹੋਂਦ ਵਿੱਚ ਆਇਆ ਮੰਨਿਆ ਜਾਂਦਾ ਹੈ, ਰਾਜ ਦੀ ਉਤਪੱਤੀ ਸੰਬੰਧੀ ਸਭ ਤੋਂ ਵੱਧ ਪ੍ਰਮਾਣਿਤ ਸਿਧਾਂਤ ਹੈ। ਇਸ ਦੇ ਸਮਰਥਕਾਂ ਦਾ ਮੱਤ ਹੈ ਕਿ ਮਨੁੱਖ ਦਾ ਸਮਾਜਿਕ ਸੁਭਾਅ ਲਹੂ-ਸੰਬੰਧ ਧਰਮ ਸ਼ਕਤੀ, ਆਰਥਿਕ ਤੇ ਰਾਜਨੀਤਿਕ ਹਿੱਤ ਆਦਿ ਅਨੇਕਾਂ ਤੱਤਾਂ ਨੇ ਰਾਜ ਦੀ ਉਤਪੱਤੀ ਵਿਚ ਆਪਣਾ ਯੋਗਦਾਨ ਪਾਇਆ ਅਤੇ ਅਸਲ ਵਿਚ ਇਹ ਸਿਧਾਂਤ ਹੀ ਸਭ ਤੋਂ ਵਧੀਆ ਸਿਧਾਂਤ ਕਿਹਾ ਜਾ ਸਕਦਾ ਹੈ ਜਿਸ ਸਬੰਧ ਵਿੱਚ ਗਾਰਨਰ **(Garner)** ਦਾ ਕਥਨ ਵਧੀਆ ਹੈ, **"The state is neither the handiwork of God; nor the result of any superior physical force ; Nor the creation of a resolution or convention but an institution of natural growth of historical evolution."** ਭਾਵ ਨਾ ਤਾਂ ਰਾਜ ਰੱਬੀ ਰਚਨਾ ਹੈ, ਨਾ ਹੀ ਕਿਸੇ ਸ੍ਰੇਸ਼ਠ ਸ਼ਕਤੀ ਦਾ ਸਿੱਟਾ ਹੈ ਨਾ ਕਿਸੇ ਸਮਝੌਤੇ ਦੁਆਰਾ ਹੀ ਬਣਿਆ ਹੈ ਅਤੇ ਨਾ ਹੀ ਕੇਵਲ ਮਾਤਰ ਪਰਿਵਾਰਾਂ ਦਾ ਵਿਸਥਾਰ ਹੈ। ਰਾਜ ਇਤਿਹਾਸਿਕ ਪ੍ਰਾਚੀਨ ਪ੍ਰਕ੍ਰਿਆ ਅਤੇ ਕੁਦਰਤੀ ਵਿਕਾਸ ਦਾ ਸਿੱਟਾ ਹੈ।

## 1.7.5 ਸਵੈ-ਅਭਿਆਸ ਲਈ ਪ੍ਰਸ਼ਨ ਤੇ ਉਹਨਾਂ ਦੇ ਉੱਤਰ –

ਹੇਠ ਲਿਖਿਆਂ ਵਿਚੋਂ ਠੀਕ ਉੱਤਰ ਚੁਣੋ

1. ਇਤਿਹਾਸਕ ਜਾਂ ਵਿਕਾਸਵਾਦੀ ਸਿਧਾਂਤ (ੳ) ਕਾਲਪਨਿਕ (ਅ) ਤੱਥਾਂ ਤੇ ਆਧਾਰਿਤ ਹੈ।
2. ਰਾਜਨੀਤਿਕ ਜਾਗਰੂਕਤਾ (Political Consciousness) ਦਾ ਰਾਜ ਦੀ ਉਤਪੱਤੀ ਵਿਚ ਕੋਈ ਯੋਗਦਾਨ ਨਹੀਂ।
   (ੳ) ਠੀਕ (ਅ) ਗਲਤ
3. ਇਤਿਹਾਸਕ ਸਿਧਾਂਤ ਅਨੁਸਾਰ ਹੋਰ ਸੰਸਥਾਵਾਂ ਵਾਂਗ ਰਾਜ ਵੀ ਵਿਕਾਸ ਦਾ ਸਿੱਟਾ ਹੈ। (ੳ) ਹਾਂ (ਅ) ਨਹੀਂ।
4. ਰਾਜ ਵਿਅਕਤੀ ਦੀਆਂ ਲੋੜਾਂ ਕਾਰਨ ਹੋਂਦ ਵਿੱਚ ਆਇਆ ਹੈ। (ੳ) ਠੀਕ (ਅ) ਗਲਤ
5. ਮਨੁੱਖ ਦੇ ਸਮਾਜਿਕ ਸੁਭਾਅ ਨੇ ਰਾਜ ਦੀ ਸੰਸਥਾ ਸਥਾਪਿਤ ਕਰਨ ਵਿੱਚ ਕਾਫ਼ੀ ਯੋਗਦਾਨ ਪਾਇਆ ਹੈ।
   (ੳ) ਹਾਂ (ਅ) ਨਹੀਂ

**ਉੱਤਰ :-**

ਅ (1) ਅ (2) ਅ (3) ੳ (4) ੳ (5) ੳ

## 1.7.6 ਸੁਝਾਈਆਂ ਪੁਸਤਕਾਂ


1. O.P. Gauba - An Introduction to Political Theory.
2. ਐਸ.ਐਸ. ਨੰਦਾ – ਰਾਜਨੀਤਿਕ ਸਿਧਾਂਤ
3. Andrew Heywood : Political Theory
4. Sushila Ramaswamy : Political Theory
5. Eddy Asirvatham : Political Theory
6. Andrew Heywood : Politics
7. N.D. Arora : State
8. www.wikipedia.org
9. www.amazon.com/books